# ਦਸ ਲੇਖ

— ਸੰਪਾਦਕ —

ਪ੍ਰੋ: ਪ੍ਰੀਤਮ ਸਿੰਘ, ਐਮ. ਏ.

ਪੰਜਾਬ ਯੂਨੀਵਰਸਿਟੀ

All legitimately sold copies of this book bear the signature seal of the Registrar, Panjab University.

# TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

Checked

AMARSINGH COLLEGE

**Library**

Class No........G.84..............

Book No.........P.88.D..........

Acc. No..........10627...........

ਪ੍ਰਕਾਸ਼ਕ :—

ਪ੍ਰੋ: ਰਘੂਨੰਦਨ ਸ਼ਾਸਤ੍ਰੀ,
ਐਮ.ਏ., ਐਮ.ਓ.ਐਲ.,
ਸਕੱਤਰ, ਪਬਲੀਕੇਸ਼ਨ ਬੀਊਰੋ,
ਪੰਜਾਬ ਯੂਨੀਵਰਸਿਟੀ, ਜਲੰਧਰ ।

G 84
P 88D

Cd
bue
1-2-63

ਪਹਿਲੀ ਵਾਰ, ੧੯੫੨
ਦੂਜੀ ਵਾਰ, ੧੯੫੭
ਮੋਖ : ੨-੧-੦

10627

ਪ੍ਰਿੰਟਰ :—

ਸ: ਸਰੂਪ ਸਿੰਘ ਸੱਗੂ,
ਬੀ.ਏ., ਐਲ.ਐਲ.ਬੀ
ਜਨਤਾ ਪ੍ਰੈਸ, ਟਾਂਡਾ ਰੋਡ,
ਜਲੰਧਰ ਸ਼ਹਿਰ ।

# ਕੁਝ ਬੀਊਰੋ ਬਾਰੇ

ਪੰਜਾਬ ਯੂਨੀਵਰਸਿਟੀ ਦਾ ਪ੍ਰਕਾਸ਼ਨ-ਵਿਭਾਗ ਸਤੰਬਰ, ੧੯੪੮ ਵਿਚ ਹੋਂਦ ਵਿਚ ਆਇਆ। ਇਸ ਦਾ ਉਦੇਸ਼ ਹੇਠ-ਲਿਖੇ ਤਿੰਨ ਤਰੀਕਿਆਂ ਨਾਲ ਪੰਜਾਬੀ ਤੇ ਹਿੰਦੀ ਬੋਲੀਆਂ ਦੀ ਬ੍ਰਿਧੀ ਕਰਨਾ ਹੈ :—

(੧) ਯੂਨੀਵਰਸਿਟੀ ਦੇ ਇਮਤਿਹਾਨਾਂ ਦੀ ਲੋੜ ਨੂੰ ਮੁਖ ਰਖ ਕੇ ਪੁਸਤਕਾਂ ਤਿਆਰ ਕਰਨੀਆਂ ਤੇ ਕਰਵਾਣੀਆਂ;

(੨) ਦੂਜੀਆਂ ਬੋਲੀਆਂ ਦੀਆਂ ਉੱਘੀਆਂ ਤੇ ਟਕਸਾਲੀ ਪੁਸਤਕਾਂ ਦੇ ਉਲੱਥੇ ਕਰਨੇ ਤੇ ਕਰਵਾਣੇ;

(੩) ਮੌਲਕ ਰਚਨਾਵਾਂ ਕਰ ਕੇ ਜਾਂ ਲਿਖਵਾ ਕੇ ਇਨ੍ਹਾਂ ਦੋਹਾਂ ਬੋਲੀਆਂ ਦੇ ਸਾਹਿੱਤਕ ਭੰਡਾਰੇ ਨੂੰ ਭਰਪੂਰ ਕਰਨਾ।

ਸਾਨੂੰ ਖ਼ੁਸ਼ੀ ਹੈ, ਜੁ ਇਸ ਮਹਾਨ ਕੰਮ ਵਿਚ ਸਾਡੀ ਸਹਾਇਤਾ ਦੇਸ ਦੇ ਪ੍ਰਸਿੱਧ ਵਿਦਵਾਨ ਤੇ ਲਿਖਾਰੀ ਕਰ ਰਹੇ ਹਨ। ਅਸੀਂ ਉਹਨਾਂ ਦੇ ਦਿਲੋਂ ਧੰਨਵਾਦੀ ਹਾਂ ਤੇ ਆਸ ਕਰਦੇ ਹਾਂ ਕਿ ਉਹ ਇਸ ਸਬੰਧ ਵਿਚ ਸਾਡਾ ਹਰ ਸਮੇਂ ਹੱਥ ਵਟਾਂਦੇ ਰਹਿਣਗੇ।

ਰਘੂਨੰਦਨ,
ਸਕੱਤ੍ਰ

# ਦਸ ਲੇਖ

## ਲੇਖ-ਸੂਚੀ


| ਨੰ: | ਲੇਖ | ਸਫ਼ਾ |
|---|---|---|
| ੧. | ਕੁਝ ਬੀਉਰੋ ਬਾਰੇ | |
| ੨. | ਡਾ: ਵੀਰ ਸਿੰਘ | |
| | ਸੁਲਹ-ਕੁੱਲ ਬਾਬਾ | ੧—੧੮ |
| ੩. | ਮਾਸਟਰ ਤਾਰਾ ਸਿੰਘ | |
| | ਬਚਪਨ ਦੀਆਂ ਯਾਦਾਂ | ੧੯—੪੨ |
| ੪. | ਪ੍ਰੋ: ਸਾਹਿਬ ਸਿੰਘ | |
| | ਰੱਬੀ ਕਾਰੀਗਰੀ | ੪੩—੫੫ |
| ੫. | ਸ੍ਰ: ਗੁਰਬਖ਼ਸ਼ ਸਿੰਘ | |
| | ਮੇਰੀ ਦਸਤਾਰ | ੫੬—੬੭ |
| ੬. | ਪ੍ਰੋ: ਗੰਡਾ ਸਿੰਘ | |
| | ਪੰਜਾਂ ਦਰਿਆਵਾਂ ਦਾ ਦੇਸ | ੬੮—੮੫ |
| ੭. | ਗਿ: ਹਰਿੰਦਰ ਸਿੰਘ ਰੂਪ | |
| | ਕਬੂਤਰਾਂ ਦੀ ਤਹਿ | ੮੬—੯੫ |
| ੮. | ਡਾ: ਸ਼ੇਰ ਸਿੰਘ | |
| | ਇਬਰਾਹੀਮ ਲਿੰਕਨ | ੯੬–੧੦੬ |
| ੯. | ਪ੍ਰੋ: ਪ੍ਰੀਤਮ ਸਿੰਘ | |
| | ਖ਼ੁਸ਼ੀ ਤੇ ਗ਼ਮੀ ਦੇ ਗੀਤ | ੧੦੭—੧੨੦ |
| ੧੦. | ਪ੍ਰੋ: ਲਖਬੀਰ ਸਿੰਘ | |
| | ਅਕਾਸ਼ਾਂ ਦੇ ਵਾਸੀ | ੧੨੧—੧੩੨ |
| ੧੧. | ਸ੍ਰ: ਨਵਤੇਜ ਸਿੰਘ | |
| | ਕਵੀ ਦੀ ਮੌਤ | ੧੩੩—੧੩੮ |
| ੧੨. | ਜਾਣ-ਪਛਾਣ ਤੇ ਅਰਥਾਵਲੀ | ੧੩੯ |

# ਸੁਲਹਕੁਲ ਬਾਬਾ

ਡਾ: ਵੀਰ ਸਿੰਘ

ਕੁਝ ਸਮਾਂ ਬੀਤਿਆ ਕਿ ਬਰਖਾ ਨੇ ਜ਼ੋਰ ਆ ਪਾਇਆ, ਜਲ ਥਲ ਹੋ ਗਏ। ਪਹਿਲਾਂ ਤਾਂ ਬਰਖਾ ਦੀ ਲੋੜ ਹੋਣ ਕਰਕੇ ਖ਼ੁਸ਼ੀਆਂ ਦੇ ਮੰਗਲ ਸਨ, ਪਰ ਜਦੋਂ ਅਸਮਾਨ ਦੇ ਪਰਨਾਲਿਆਂ ਨੇ ਕਈ ਦਿਨ ਬਸ ਹੀ ਨਾ ਕੀਤਾ ਤਾਂ ਪੁਕਾਰਾਂ ਮੱਚ ਗਈਆਂ। ਬਾਬੇ ਨੌਧ ਸਿੰਘ ਪਾਸ ਲੋਕੀ ਭੱਜੇ ਆਉਣ। ਪਹਿਲਾਂ ਤਾਂ ਬਾਬੇ ਨੇ ਰਜ਼ਾ ਦਾ ਉਪਦੇਸ਼ ਕੀਤਾ, ਪਰ ਜਦ ਦੁਖੀ ਦਿਲ ਦੇਖੇ ਕਿ ਬਹੁਤ ਘਾਬਰ ਵਿਚ ਹਨ ਤਾਂ ਧਰਮ-ਸਾਲੇ ਅਖੰਡ ਪਾਠ ਰਖਾ ਦਿੱਤਾ। ਵਾਹਿਗੁਰੂ ਨੇ ਮੇਹਰ ਕੀਤੀ, ਬਰਖਾ ਨੇ ਅੰਤ ਤੋਂ ਬਸ ਕੀਤੀ। ਇਧਰ ਭੋਗ ਪੈ ਚੁਕਾ ਸੀ, ਲੰਗਰ ਵਰਤੀਜ਼ ਰਿਹਾ ਸੀ, ਸਾਰੇ ਪਿੰਡੋਂ ਆਏ ਤੇ ਬਾਹਰੋਂ ਆਏ ਗਏ ਅਤਿਥੀ*, ਮੁਸਾਫ਼ਰ ਹਰੇਕ ਪਰਸ਼ਾਦ ਛਕ ਰਹੇ ਸਨ, ਤਦ ਬਾਬੇ ਨੇ ਕੀ ਡਿੱਠਾ ਕਿ ਸਦਾ ਦੇ ਦਸਤੂਰ* ਦੇ ਉਲਟ ਅਜ ਪਿੰਡ ਦੇ ਮੁਸਲਮਾਨ, ਜੋ ਗਿਣਤੀ ਵਿਚ ਥੋੜ੍ਹੇ ਸਨ, ਪਰਸ਼ਾਦ ਛਕਣ ਨਹੀਂ ਆਏ। ਬਾਬੇ ਨੂੰ ਫ਼ਿਕਰ ਹੋਇਆ ਕਿ ਇਹ ਕੀ ਗੱਲ ਹੈ। ਫੇਰ ਬਾਬੇ ਨੇ ਉਹਨਾਂ ਨੂੰ ਬੁਲਾਇਆ, ਪਰ

ਬੁਲਾਏ ਤੇ ਵੀ ਕੋਈ ਨਾ ਆਇਆ। ਜਦ ਫੇਰ ਇੱਕ ਦੋ ਸੱਦੇ ਗਏ ਤਾਂ ਨੱਥੂ ਮੋਚੀ ਆਇਆ ਤੇ ਆਖਣ ਲਗਾ, "ਬਈ ਬਾਬਾ! ਪਿਛਲੀਆਂ ਬੀਤੀਆਂ ਬੀਤ ਗਈਆਂ, ਹੁਣ ਅੱਗੋਂ ਨੂੰ ਬਰ ਨਹੀਂ ਮਿਚਦਾ* ।"

ਬਾਬਾ—ਕਿਉਂ ਬਰਖ਼ੁਰਦਾਰ ?

ਮੋਚੀ—ਪੁੱਛ ਕੁਛ ਨਾ।

ਬਾਬਾ—ਕਿਉਂ ਬਈ ?

ਮੋਚੀ—ਅਸੀਂ ਥੋੜੇ, ਤੁਸੀਂ ਬਹੁਤੇ, ਬਹੁਤਿਆਂ ਦੀ ਜੈ! ਜੇ ਅਸੀਂ ਮੂੰਹ ਖੋਲ੍ਹੀਏ ਤਾਂ ਮਾਰੇ ਪਏ ਹਾਂ। ਪੁੱਛ ਕੁਛ ਨਾ, ਤੇ ਬਸ ਹੋਣ ਦੇਹ। ਹੁਣ ਤੁਹਾਨੂੰ ਤੁਹਾਡਾ ਆਪਣਾ ਦੀਨ, ਸਾਨੂੰ ਆਪਣਾ।

ਬਾਬਾ—ਆਖਿਆ ਤਾਂ ਠੀਕ ਹਈ ਤੇ ਦੀਨ ਵੀ ਆਪੋ ਆਪਣਾ ਸਭ ਨੂੰ ਨਿਬਾਹੂ, ਪਰ ਬੱਚਾ ਨਵ੍ਹਾਂ ਤੋਂ ਪੋਟਿਆਂ ਦਾ ਮਾਸ ਕੀਕੂੰ ਅਵਾਜ਼ਾਰ ਹੋ ਸਕਦਾ ਹੈ ? ਪੀੜ੍ਹੀਆਂ ਦੇ ਸਾਡੇ ਤੁਹਾਡੇ ਕੱਠੇ ਵਾਸ ਭਾਈਚਾਰੇ। ਇਹ ਨੇਹੁੰ* ਕੀਕੂੰ ਟੁੱਟ ਗਿਆ ?

ਮੋਚੀ—ਆਪੋ ਆਪਣਾ ਦੀਨ ਪਿਆਰਾ ਹੈ। ਸਾਡੇ ਦੀਨ ਵਿਚ ਇਹ ਆਇਆ ਹੈ ਕਿ ਜੋ ਕਲਮੇ ਤੋਂ ਬਾਹਰ ਹਨ, ਕਾਫ਼ਰ ਹਨ ਤੇ ਉਹਨਾਂ ਨਾਲ ਨਹੀਂ ਵਰਤਣਾ।

ਬਾਬਾ—ਬੱਚਿਆ! ਇਹ ਦੀਨ ਪੁਰਾਣਾ ਹੈ ਕਿ ਨਵਾਂ ?

ਮੋਚੀ—ਪੁਰਾਣਾ।

ਬਾਬਾ—ਤੇ ਫੇਰ ਅਗੇ ਤੁਸੀਂ ਸਾਡੇ ਨਾਲ ਕੀਕੂੰ ਵਰਤਦੇ ਰਹੇ ?

ਮੋਚੀ—ਵਰਤਦੇ ਰਹੇ, ਬੇਥਵੇ ਜੁ ਸਾਂ, ਸਾਨੂੰ ਪਤਾ ਨਹੀਂ ਸੀ।

ਬਾਬਾ—ਤੇ ਹੁਣ ਪਤਾ ਕਿਵੇਂ ਲਗਾ ?

ਮੋਚੀ—ਸੈਫ਼ ਦੀਨ ਸਾਡਾ ਬਜ਼ੁਰਗ ਅੱਠ ਸੱਤ ਦਿਨਾਂ ਤੋਂ ਆਇਆ ਹੋਇਆ ਹੈ, ਉਸ ਨੇ ਸਾਡੀਆਂ ਅੱਖਾਂ ਖੋਹਲੀਆਂ ਹਨ।

ਬਾਬਾ—ਕਿਥੋਂ ਆਇਆ ਹੈ ?

ਮੋਚੀ—ਹੁਣ ਤਾ ਲਾਹੋਰੋਂ ਆਇਆ ਹੈ, ਪਰ ਪਿੱਛੋਂ ਉਹ ਅਲੀਗੜ੍ਹ ਤੇ ਹੋਰ ਦੂਰ ਦੂਰ ਥਾਈਂ ਰਹਿ ਰਹਿ ਕੇ ਤੇ ਫ਼ਿਕਹ* ਫ਼ਰ੍ਹਾ* ਪੜ੍ਹ ਕੇ ਆਇਆ ਹੈ।

ਬਾਬਾ—ਤੇ ਅੰਗ੍ਰੇਜ਼ੀ ਵੀ ਪੜ੍ਹੀ ਸੂ ?

ਮੋਚੀ—ਤੇ ਹੋਰ ?

ਬਾਬੇ ਨੇ ਹਉਕਾ ਲੀਤਾ ਤੇ ਆਖਿਆ :—ਹੈਂ, ਐਨਾ ਕੁਝ ਪੜ੍ਹ ਸੁਣ ਕੇ ਫੇਰ ਦੁਫੇੜ ਪੁਆਂਦਾ ਹੈ ?

ਮੋਚੀ—ਮੈਂ ਜਾਵਾਂ ?

ਬਾਬਾ—ਫੇਰ ਹੁਣ ਤੁਸੀਂ ਜੁੱਤੀਆਂ ਵੀ ਸਾਡੀਆਂ ਨਹੀਂ ਸੀਵੋਗੇ ?

ਮੋਚੀ—ਕਿੱਤਾ ਤਾਂ ਨਹੀਂ ਨਾ ਛੁੱਟਦਾ, ਤੁਹਾਡੇ ਹੱਥ ਦਾ ਖਾਵਾਂ ਪੀਵਾਂਗੇ ਨਹੀਂ।

ਬਾਬਾ—ਤਾਂ ਸੁੱਖ ਬੱਚਾ, ਮੈਨੂੰ ਤਾਂ ਫ਼ਿਕਰ ਪੈ ਗਿਆ ਸੀ ਕਿ ਤੁਸੀਂ ਸਾਨੂੰ ਮੂਲੋਂ ਹੀ ਛੱਡ ਦਿੱਤਾ ਹੈ।

ਲੌਢਾ ਪਹਿਰ ਹੋ ਆਇਆ। ਕਈ ਦਿਨਾਂ ਪਿੱਛੋਂ ਸੂਰਜ ਨਿਕਲਿਆ ਸੀ। ਲੋਕੀ ਵੱਟਾਂ, ਬੰਨਿਆਂ, ਖੂਹਾਂ ਤੇ ਬੈਠੇ ਸਨ। ਪਿੰਡ ਦੇ ਮੁਸਲਮਾਨ ਕੋਈ ਦੋ ਕੁ ਘਰ ਤਾਂ ਜ਼ਿਮੀਂਦਾਰਾਂ ਦੇ ਸਨ, ਬਾਕੀ ਕੁਝ ਜੁਲਾਹੇ, ਮੋਚੀ, ਛੀਂਬੇ ਆਦਿਕ ਕਿਰਤੀ ਲੋਕ ਸਨ। ਇਹ ਸਾਰੇ ਖੂਹ ਤੇ ਜੁੜੇ ਬੈਠੇ ਸਨ। ਬਾਬਾ ਵੀ ਪੈਲੀ ਬੰਨੇ ਵੇਖਦਾ, ਪਾਣੀ ਦੀਆਂ ਰੌਆਂ ਤੱਕਦਾ ਆ ਨਿਕਲਿਆ। ਅੱਗੇ ਸੈਫ਼ ਦੀਨ ਹੁਰਾਂ ਦੀ ਜ਼ਬਾਨ ਤਲਵਾਰ ਵਾਂਗ ਚਲ ਰਹੀ ਸੀ। ਉਹ ਪੁਰਾਣੇ ਕਿੱਸੇ ਸੁਣਾ ਰਿਹਾ ਸੀ ਕਿ ਹਿੰਦੂਆਂ ਨੂੰ ਕੀਕੂੰ ਸਾਡੇ ਮੁਗ਼ਲ ਪਠਾਣਾਂ ਨੇ ਵੱਢਿਆ ਤੇ ਮਾਰਿਆ। ਨਾਲੇ ਸਮਝਾ ਰਿਹਾ ਸੀ ਕਿ ਇਹ ਗੱਲ ਦੀਨ ਵਿਚ ਜਾਇਜ਼ ਹੈ। ਨਾਲੇ ਕਹਿ ਰਿਹਾ ਸੀ ਕਿ ਸਾਨੂੰ ਇੱਕ-ਮੁੱਠ ਹੋਣਾ ਚਾਹੀਦਾ ਹੈ ਤੇ ਸਮਝਾ ਰਿਹਾ

ਸੀ ਕਿ ਤੁਸੀਂ ਕਾਇਰ ਹੋ ਗਏ ਹੋ ਜੋ ਬਕਰੀਦ* ਨੂੰ ਬਕਰਾ ਵਢਦੇ ਹੋ ਤੇ ਗਊ ਦੀ ਕੁਰਬਾਨੀ ਨਹੀਂ ਦੇਂਦੇ। ਬਾਬੇ ਦੇ ਕੰਨੀਂ ਇਹ ਗੱਲਾਂ ਦੂਰੋਂ ਪੈ ਗਈਆਂ ਸਨ, ਸੋ ਉਹ ਧਸੜ ਕੇ ਅੱਗੇ ਆ ਹੀ ਗਿਆ ਤੇ ਵਿਚ ਆ ਬੈਠਾ। ਭਾਵੇਂ ਸੈਫ਼ ਦੀਨ ਕਈ ਦਿਨਾਂ ਤੋਂ ਵੈਰ ਦੀ ਅੱਗ ਮਘਾ ਰਿਹਾ ਸੀ, ਪਰ ਤਦ ਵੀ ਬਾਬੇ ਦੀ ਪਿਆਰੀ ਤੇ ਨੂਰਾਨੀ ਸੂਰਤ ਵੇਖ ਕੇ ਸਾਰਿਆਂ ਦੇ ਮੂੰਹੋਂ 'ਬਾਬਾ ਆਇਆ, ਬਾਬਾ ਆਇਆ' ਨਿਕਲ ਹੀ ਗਿਆ। ਚਿਹਰੇ ਖਿੜ ਹੀ ਪਏ ਤੇ 'ਆਓ ਬੈਠੋ' ਆਖ ਹੋ ਹੀ ਗਿਆ।

ਹੁਣ ਜਦ ਸੈਫ਼ ਦੀਨ ਨੇ ਸੂਰਤ ਨਜ਼ਰ ਭਰ ਕੇ ਤੱਕੀ ਤਾਂ ਉਸ ਦੇ ਅੰਦਰ ਵੀ ਹੌਲ ਜਿਹਾ ਪਿਆ। ਸੁਹਣਾ, ਇਕੋ ਜੇਹਾ, ਇੱਕ ਢਲਵੀਂ ਨਕਸ਼ਬੰਦੀ ਦੀ ਨੁਹਾਰ* ਤੇ ਤ੍ਰਿਖੇ ਨੱਕ ਵਾਲਾ ਚਿਹਰਾ, ਬੀਬਾ ਦਾਹੜਾ, ਨੈਣਾਂ ਵਿਚ ਕੋਈ ਰਸੀਲੀ ਚਮਕ, ਭਰਵੱਟਿਆਂ ਵਿਚ ਕੋਈ ਰੋਅਬ ਤੇ ਮੱਥੇ ਵਿਚ ਕੋਈ ਖੇੜਾ, ਗੱਲ੍ਹਾਂ ਉੱਪਰ ਕੋਈ ਜਮਾਲ* ਤੇ ਬੁੱਲ੍ਹਾਂ ਦੀ ਮੁਸਕ੍ਰਾਹਟ ਵਿਚ ਕੋਈ ਮਿਹਰ ਤੇ ਪਿਆਰ ਦਾ ਨਕਸ਼ਾ, ਇਹ ਸੀ ਬਾਬੇ ਦੀ ਸੂਰਤ। ਇਹ ਨੇਕੀ ਦੇ ਨਕਸ਼ ਵਾਲਾ ਚਿਹਰਾ ਉਸ ਨੂੰ ਘਬਰਾ ਗਿਆ, ਅੰਦਰਲੇ ਜ਼ਿੱਦ ਵਾਲੇ ਥਰ* ਤੋਂ ਉਖੇੜ ਗਿਆ ਤੇ ਉਸ ਨੇ ਗੁਫ਼ਤਗੂ* ਬਦਲ ਲਈ ਤੇ ਹੁਣ ਹਜ਼ਰਤ ਉਮਰ ਦੀ ਸਾਖੀ ਸੁਣਾਉਣ ਲਗ ਪਿਆ। ਕੁਝ ਚਿਰ ਬੋਲਦਾ ਰਿਹਾ, ਪਰ ਥਿੜਕਦਾ ਥਿੜਕਦਾ। ਇਹ ਗੱਲ ਉਸ ਦੇ ਦੀਨ ਭਾਈਆਂ ਵੀ ਲੱਖ ਲਈ*। ਜਦੋਂ ਉਸ ਦੀ ਵਾਅਜ਼* ਖ਼ਤਮ ਹੋਈ ਤਾਂ ਸੈਫ਼ਦੀਨ ਨੇ ਕਿਹਾ : ਬਾਬਾ ! ਤੁਹਾਡੀ ਸੂਰਤ ਬੜੀ ਸੁਹਣੀ ਹੈ, ਪਰ ਕਾਸ਼ ! ਤੁਸੀਂ ਮੁਸਲਮਾਨ ਹੁੰਦੇ।

ਬਾਬਾ—ਭਾਈਆ ! ਮੁਸਲਮਾਨ ਕਿਸ ਨੂੰ ਆਖਦੇ ਹਨ ?

ਸੈਫ਼ਦੀਨ—ਈਮਾਨਦਾਰ ਨੂੰ।

ਬਾਬਾ—ਈਮਾਨਦਾਰ ਦਾ ਕੀ ਅਰਥ ਹੋਇਆ ?

ਸੈਫ਼ਦੀਨ—ਜੋ ਇੱਕ ਅੱਲਾ ਤੇ ਭਰੋਸਾ ਰਖਦਾ ਹੈ ਅਤੇ ਸ਼ਿਰਕ*

ਤੇ ਕੁਫਰ* ਤੋਂ ਪਾਕ ਹੈ।

ਬਾਬਾ—ਪਤਾ ਨਹੀਂ ਨਿਭੇ ਕਿ ਨਾ, ਪਰ ਮੈਂ ਵੀ ਤਾਂ ਅੱਲਾ ਦਾ ਹੀ ਮੰਨਣ ਵਾਲਾ ਹਾਂ ਤੇ ਨਿਰਾ ਇਕੋ ਉਸੇ ਦਾ ਹਾਂ।

ਸੈਫ਼ਦੀਨ—ਬੁੱਤ ਨਹੀਂ ਪੂਜਦਾ ?

ਬਾਬਾ—ਕਈ ਵਾਰੀ ਵਹੁਟੀ, ਪੁੱਤਰ, ਇੱਜ਼ਤ, ਦੌਲਤ, ਅੱਲਾ ਨਾਲੋਂ ਵਧੀਕ ਪਿਆਰੇ ਲੱਗ ਜਾਂਦੇ ਹਨ, ਫੇਰ ਮੈਂ ਅੱਲਾ ਅਗੇ ਅਰਦਾਸ ਕਰ ਕੇ ਹੰਭਲਾ ਮਾਰਦਾ ਹਾਂ ਜੋ ਅੱਲਾ ਨੂੰ ਬਹੁਤ ਪਿਆਰ ਕਰਾਂ। ਇਹੋ ਤੁਹਾਡਾ ਮਤਲਬ ਹੈ ਨਾ ਕਿ ਵਹੁਟੀ, ਪੁਤੱਰ, ਚਾਂਦੀ, ਪੱਥਰ, ਸਭ ਤੋਂ ਅੱਲਾ ਵੱਧ ਪਿਆਰਾ ਲਗੇ। ਤੇ ਜੇ ਉਸ ਅੱਲਾ ਨਾਲੋਂ ਕੁਝ ਹੋਰ ਵਧੇਰੇ ਪਿਆਰਾ ਲਗ ਗਿਆ ਤਾਂ ਬੁੱਤਪਰਸਤੀ* ਹੋ ਗਈ। ਮੈਂ ਪੜ੍ਹਿਆ ਨਹੀਂ, ਪਰ ਮੇਰੀ ਜਾਚ ਵਿਚ ਇਉਂ ਹੀ ਆਉਂਦਾ ਹੈ।

ਸੈਫ਼ਦੀਨ ਕਦੇ ਬਾਬੇ ਦੇ ਮੂੰਹ ਵਲ ਤੱਕੇ, ਕਦੇ ਪੈਰਾਂ ਵਲ। ਆਖੇ ਤਾਂ ਹੁਣ ਕੀ ਆਖੇ। ਬਾਬੇ ਦੇ ਸਿੱਧੇ ਅੱਖਰਾਂ ਨੇ ਉਸ ਦੇ ਅੰਦਰ ਘਾਟ ਪਾ ਦਿੱਤੀ।

ਬਾਬਾ—ਦਸ ਬਈ ਸੱਜਣਾ ! ਠੀਕ ਹੈ ਕਿ ਅਸੀਂ ਭੁੱਲ ਵਿਚ ਹਾਂ ? ਪੇਂਡੂ ਹਾਂ, ਅਨਪੜ੍ਹ ਹਾਂ।

ਸੈਫ਼ਦੀਨ—ਨਹੀਂ, ਠੀਕ ਹੈ, ਤੁਸੀਂ ਮੁਆਹਦ* ਤਾਂ ਹੋ, ਪਰ ਤੁਸੀਂ ਰਸੂਲ ਦੇ ਕਾਇਲ ਨਹੀਂ।

ਬਾਬਾ—ਰਸੂਲ ਕਿਸ ਨੂੰ ਆਂਹਦੇ ਹੋ ?

ਸੈਫ਼ਦੀਨ—ਅੱਲਾ ਦੇ ਘਲੇ ਹੋਏ ਪੂਰੇ ਬੰਦੇ ਨੂੰ।

ਬਾਬਾ—ਤਾਂ ਮੈਂ ਰਸੂਲ ਨੂੰ ਵੀ ਮੰਨਦਾ ਹਾਂ।

ਸੈਫ਼ਦੀਨ—ਫੇਰ ਲਬਾਂ* ਕਤਰੀਆਂ ਹੋਈਆਂ ਕਿਉਂ ਨਹੀਂ ?

ਬਾਬਾ—ਸੱਜਣ ਜੀ ! ਗੱਲ ਯਕੀਨ ਦੀ ਕਰ ਰਹੇ ਹੋ ਤੇ ਕੁਨਸ ਫੜਦੇ ਹੋ ਲਬਾਂ ਦੇ, ਇਹ ਕੀ ਹੋਇਆ ?

ਸੈਫ਼ਦੀਨ—ਬਾਬਾ ! ਤੁਸੀਂ ਆਪਣੇ ਰਸੂਲ ਦਾ ਨਾਂ ਤਾਂ ਦੱਸੋ।

ਬਾਬਾ—ਕੀ ਲੋੜ ?

ਸੈਫ਼ਦੀਨ—ਮੈਨੂੰ ਪਤਾ ਲਗ ਜਾਵੇ।

ਬਾਬਾ—ਸੱਜਣਾ ! ਕੀ ਕਰਨਾ ਈ ਪਤਾ ਲਾ ਕੇ ? ... ... ... ... (ਹਉਕਾ ਲੈ ਕੇ) ਪਿੰਡ ਸੁਖੀ ਪਿਆ ਵੱਸਦਾ ਸੀ, ਭਰਾਵਾਂ ਵਿਚ ਦੁਫੇੜ ਪਾ ਚਲਿਆ ਹੈਂ ? ਚੰਗਾ ਰੱਬ ਤੇਰਾ ਭਲਾ ਕਰੇ।

ਸੈਫ਼ਦੀਨ-ਕਿਉਂ, ਮੈਂ ਕੀ ਆਖਿਆ ਹੈ ? ਆਪਣੇ ਦੀਨ ਦੀ ਮੱਤ ਨਾ ਦਿਆਂ ?

ਬਾਬਾ—ਜਮ ਜਮ ਦਿਓ, ਪਰ ਸ਼ੈਤਾਨੀ ਵਹਿਬਤਾਂ* ਕਿਉਂ ਸਿਖਾਓ ?

ਸੈਫ਼ਦੀਨ (ਤਮਕ ਕੇ*)—ਸ਼ੈਤਾਨੀ ?

ਬਾਬਾ—ਗ਼ੁੱਸੇ ਨਾ ਹੋ, ਮੈਂ ਅਨਪੜ੍ਹ ਆਦਮੀ ਹਾਂ। ਮੈਂ ਗਾਲ੍ਹ ਨਹੀਂ ਦਿੱਤੀ। ਮੇਰੀ ਗੱਲ ਸੁਣ ਲੈ। ਤੁਸੀਂ ਇੱਕ ਖ਼ੁਦਾ ਤੇ ਇੱਕ ਸ਼ੈਤਾਨ ਮੰਨਦੇ ਹੋ ਕਿ ਨਹੀਂ ?

ਸ਼ੈਫ਼ਦੀਨ—ਮੰਨਦੇ ਹਾਂ।

ਬਾਬਾ—ਨੇਕੀ, ਪਿਆਰ, ਉਪਕਾਰ, ਭਲਾ ਕਰਨਾ, ਬੰਦਗੀ ਕਰਨਾ ਇਹ ਗੱਲਾਂ ਰੱਬ ਦੀਆਂ ਹਨ ਕਿ ਨਹੀਂ ?

ਸੈਫ਼ਦੀਨ—ਠੀਕ।

ਬਾਬਾ—ਚੁਗ਼ਲੀ, ਨਿੰਦਿਆ, ਮਾਰਨਾ, ਦੁੱਖ ਦੇਣਾ, ਵੈਰ ਕਰਨਾ, ਬੁਰਾ ਕਰਨਾ, ਬੰਦਗੀ ਤੋਂ ਗ਼ਾਫ਼ਲ ਹੋਣਾ, ਏਹ ਸ਼ੈਤਾਨੀ ਵਹਿਬਤਾਂ ਹਨ ਕਿ ਨਹੀਂ ?

ਸੈਫ਼ਦੀਨ—ਠੀਕ।

ਬਾਬਾ—ਫੇਰ ਤੁਸੀਂ ਇਨ੍ਹਾਂ ਸਾਡੇ 'ਹਮਸਾਇਆਂ* ਮਾਂ ਪਿਓ ਜਾਇਆਂ' ਨੂੰ ਸਾਡੇ ਨਾਲ ਵੈਰ ਕਰਨਾ, ਸਾਥੋਂ ਨੱਕ ਚਾੜ੍ਹਨਾ ਸਿਖਾ

ਚਲੇ ਹੋ ਕਿ ਨਹੀਂ ? ਤੇ ਇਹ ਵੈਰ ਕਰਨਾ ਤੇ ਸੂਗ ਵੱਟਣੀ* ਸ਼ੈਤਾਨੀ ਵਹਿਬਤ ਹੈ ਕਿ ਨਹੀਂ ?

ਬਾਬੇ ਦੀ ਜਟਕੀ ਤੇ ਖਰੀ ਖਰੀ ਗੱਲ ਸੈਫ਼ਦੀਨ ਨੂੰ ਚੁੱਭੀ, ਹੁਣ ਸੋਚੇ ਜਵਾਬ ਕੀ ਹੋਵੇ ! ਲਗਾ ਭੋਂ ਵਲ ਤੱਕਣ।

ਬਾਬਾ—ਦੇਖ ਸੱਜਣਾ ! ਰੱਬ ਇਕੋ ਹੈ ਤੇ ਸਭ ਦਾ ਸਾਂਝਾ ਹੈ ਤੇ ਸਾਰਿਆਂ ਉਸ ਦੀ ਬੰਦਗੀ ਕਰਨੀ ਹੈ, ਜਿੱਕੂੰ ਜਿਸ ਨੂੰ ਭਾਵੇ। ਫੇਰ ਅਸਾਂ ਆਪੋ ਵਿਚ ਰਲ ਕੇ ਵੱਸਣਾ ਹੈ। ਜੇ ਇਕ ਦੂਜੇ ਨਾਲ ਵੰਡ ਨਾ ਖਾਵਾਂਗੇ, ਦੁੱਖ ਸੁੱਖ ਸਾਂਝੇ ਨਾ ਕਰਾਂਗੇ, ਝੱਟ ਕੀਕੂੰ ਟੱਪੇਗਾ ? ਜੇ ਰੱਬ ਸਭਨਾਂ ਦਾ ਸਾਂਝਾ ਬਾਪੂ ਹੈ ਤਾਂ ਦਸੋ ਕਿ ਅਸੀਂ ਸਾਰੇ ਭਰਾ ਨਹੀਂ ? ਭਰਾਵਾਂ ਵਿਚ ਦੁਫੇੜ ਕਿਉਂ ਪੁਆ ਚਲਿਆ ਹੈਂ ? ਤੈਨੂੰ ਪਤਾ ਹੈ ਕਿ ਸਾਡੀ ਧਰਮਸਾਲਾ ਦੀ ਮੁਰੰਮਤ ਹੋਈ ਤਾਂ ਪਿੰਡ ਦੇ ਸਾਰੇ ਮੁਸਲਮਾਨਾਂ ਨਿਉਂਦਰਾ ਪਾਇਆ ਸੀ ਤੇ ਜਦੋਂ ਮਸੀਤ ਉੱਸਰੀ ਸੀ ਤਾਂ ਸਿੱਖਾਂ ਤੇ ਹਿੰਦੂਆਂ ਸਾਰਿਆਂ ਨੇ ਸਹਾਇਤਾ ਦਿੱਤੀ ਸੀ। ਹੁਣ ਤੂੰ ਬੀਉ ਬੀਜ ਚਲਿਆ ਹੈਂ ਕਿ ਹਿੰਦੂ ਸਿੱਖ ਤਾਂ, ਦਾਅ ਲਗੇ ਤੇ, ਮਸੀਤ ਦੀ ਇੱਟ ਇੱਟ ਕਰਨਗੇ ਤੇ ਵਿਹੋ ਉੱਦਮ ਮੁਸਲਮਾਨਾਂ ਦੇ ਅੰਦਰ ਧਰਮਸਾਲਾ ਲਈ ਰਹੇਗਾ। ਤੁਸੀਂ ਪੜ੍ਹੇ ਹੋਏ ਕਿਉਂ ਸਾਡੇ ਸੁਖੀ ਵੱਸਦੇ ਪਸੂਆਂ ਵਿਚ ਆ ਕੇ ਸਾਨੂੰ ਢੁੱਡ ਮਾਰਨੇ ਸਿਖਾਲ ਜਾਂਦੇ ਹੋ ? ਤੁਹਾਡੇ ਭਾਣੇ ਅਸੀਂ ਕੁਝ ਨਹੀਂ ਪੜ੍ਹੇ, ਨਾ ਸਾਨੂੰ ਸ਼ਰ੍ਹਾ ਫ਼ਿਕਹ ਦੀ ਸੋਝੀ ਹੈ, ਪਰ ਸੁਖੀ ਵੱਸਦੇ ਸਾਂ, ਤੁਸੀਂ ਦੁਖੀ ਕਰ ਚਲੇ ਹੋ। ਮੇਰੇ ਦੋ ਪੁੱਤ ਹੋਣ, ਮੈਂ ਤਾਂ ਕਦੇ ਨਹੀਂ ਚਾਹੁੰਦਾ ਕਿ ਮੇਰੇ ਪੁੱਤ ਆਪੋ ਵਿਚ ਵੈਰ ਕਰਨ। ਅੱਲਾ ਕੀਕੂੰ ਖ਼ੁਸ਼ ਹੈ ਕਿ ਉਸ ਦੇ ਬੇਟੇ ਆਪੋ ਵਿਚ ਵੈਰ ਤੇ ਸੂਗ ਰਖਣ ?

ਸੈਫ਼ਦੀਨ (ਬੜਾ ਸ਼ਰਮਿੰਦਾ ਤੇ ਕੱਚਾ ਹੋ ਕੇ)—ਤੇਰਾ ਕੀ ਮਤਲਬ ਹੈ ਕਿ ਦੀਨ ਸਭ ਗੁੰਮ ਹੋ ਜਾਏ ?

ਬਾਬਾ—ਇਹ ਮੈਂ ਕਦੋਂ ਆਖਿਆ ਹੈ ? ਸੱਜਣਾ ! ਮੇਰੀ ਗੱਲ

ਤੇ ਰਿੰਜ* ਨਾ ਹੋਵੀਂ। ਮੈਂ ਤਾਂ ਆਖਦਾ ਹਾਂ ਕਿ ਦੀਨ ਤੇ ਰੱਬ ਦਾ ਨਾਂ ਲੈ ਕੇ ਪਿਆਰ ਦਾ ਵਲੂੰਧਰਨਾ ਕਿਉਂ ਸਿਖਲਾਂਦੇ ਹੋ? ਜਿਸ ਨੂੰ ਕੁਰਾਨ ਚੰਗਾ ਲਗੇ, ਕੁਰਾਨ ਪੜ੍ਹੇ; ਜਿਸ ਨੂੰ ਪੁਰਾਨ ਚੰਗਾ ਲਗੇ ਪੁਰਾਨ ਪੜ੍ਹੇ। ਜੇ ਪੁਰਾਨ ਵਾਲਾ ਚਾਹੁੰਦਾ ਹੈ ਕਿ ਪੁਰਾਨੀ ਕੁਰਾਨੀ ਹੋ ਜਾਏ ਤਾਂ ਪਿਆਰ ਨਾਲ ਪਰੇਰ ਲਵੇ। ਆਪੋ ਵਿਚ ਈਰਖਾ*, ਵੈਰ ਤੇ ਸੂਗ ਕਿਉਂ ਹੋਵੇ? ਇੱਕ ਆਦਮੀ ਰਾਮ ਨੂੰ ਰਸੂਲ ਆਖਦਾ ਹੈ, ਇੱਕ ਮੁਹੰਮਦ ਨੂੰ; ਇਹ ਦੋਵੇਂ ਬੇਸ਼ੱਕ ਇੱਕ ਦੂਜੇ ਨੂੰ ਆਪਣੇ ਮਗਰ ਲਾ ਲੈਣ, ਪਰ ਦੋਹਾਂ ਵਿਚ ਵੈਰ ਕਿਉਂ ਵੱਸੇ? ਮੈਂ ਤਾਂ ਜਟਕੀ ਗੱਲ ਜਾਣਦਾ ਹਾਂ ਕਿ ਜਿਸ ਸੀਨੇ ਵਿਚ ਵੈਰ ਹੈ ਉਹ ਸੁਖੀ ਨਹੀਂ, ਤੇ ਉਸ ਦੇ ਅੰਦਰ ਰੱਬ ਨਹੀਂ ਹੈ। ਜਿਸ ਦੇ ਅੰਦਰ ਰੱਬ ਹੈ ਉਹ ਪਿਆਰ ਵਿਚ ਵੱਸਦਾ ਹੈ, ਉਹ ਤੇਜ ਪਰਤਾਪ ਵਾਲਾ ਹੋ ਕੇ ਵੀ ਪਿਆਰ ਵਿਚ ਹੈ। ਜੇ ਉਹ ਕਿਸੇ ਨੂੰ ਭੁੱਲ ਵਿਚ ਸਮਝਦਾ ਹੈ ਤਾਂ ਪਿਆਰ ਨਾਲ ਸਮਝਾਉਂਦਾ ਹੈ। ਵੈਰ ਨਾਲ ਤਾਂ ਰੱਬ ਦੀ ਮਰਜ਼ੀ ਦੇ ਉਲਟ ਕੰਮ ਹੋ ਗਿਆ, ਕਿਤੇ ਕੁਰਾਨ ਵਿਚ ਹੈ ਲਿਖਿਆ ਕਿ ਵੈਰ ਵਿਰੋਧ ਅੱਲਾ ਨੂੰ ਪਿਆਰਾ ਹੈ? ਮੇਰੀ ਜਾਚੇ ਤਾਂ ਪਿਆਰ ਹੈ ਰੱਬ ਦਾ ਦਿਲ ਤੇ ਵੈਰ ਹੈ ਉਸ ਦਾ ਦਿਲ ਜਿਸ ਨੂੰ ਸ਼ੈਤਾਨ ਆਖਦੇ ਹਨ।

ਸੈਫ਼ਦੀਨ—ਬਾਬਾ! ਤੇਰਾ ਦੀਨ ਕੀ ਹੈ?

ਬਾਬਾ—ਜੇ ਤੂੰ ਮੇਰੇ ਦੀਨ ਦਾ ਨਾਮ ਪੁੱਛੇਂ ਤਾਂ ਉਹ ਮੇਰੇ ਮੱਥੇ ਦੇ ਉਤੇ ਲਿਖਿਆ ਹੈ, ਜੇ ਵਰਤੋਂ ਪੁੱਛੇਂ ਤਾਂ ਸੁਣ:—

ਕਿਰਤ ਕਰਨੀ,
ਵੰਡ ਛਕਣਾ ਤੇ
ਨਾਮ ਜਪਣਾ।

ਸੱਜਣਾ! ਇਹ ਗੱਲਾਂ ਤੇਰੇ ਕੁਰਾਨ ਵਿਚ ਨਿੰਦੀਆਂ ਹਨ?

ਸੈਫ਼ਦੀਨ—ਨਹੀਂ।

ਬਾਬਾ—ਫੇਰ ਸੱਚ ਦੱਸ, ਤੂੰ ਸਾਡੇ ਭਰਾਵਾਂ ਨੂੰ ਸਾਥੋਂ ਕਿਉਂ ਵਿਛੋੜ ਚਲਿਆ ਹੈਂ ? ਮੈਂ ਸੁਣਿਆ ਹੈ ਕਿ ਹੁਣ ਇਨ੍ਹਾਂ ਨੇ, ਜੋ ਥੋੜੀ ਜ਼ਿਮੀਂ ਵਾਲੇ ਹਨ, ਸ਼ਾਮਲਾਟ* ਵੰਡਣ ਲਈ ਤਸੀਲੇ ਜਾਣਾ ਹੈ ਤੇ ਥਾਣੇਦਾਰ ਮੁਸਲਮਾਨ ਆਇਆ ਹੈ, ਉਸ ਨੂੰ ਜਾ ਕੇ ਆਖਣਾ ਹੈ ਕਿ ਅਸੀਂ ਥੋੜੇ ਹਾਂ, ਸਾਡੀ ਧਿਰ ਰਖੋ। ਦੱਸ ਇਨ੍ਹਾਂ ਗੱਲਾਂ ਦੀ ਕੀ ਲੋੜ ਸੀ ? ਅਸੀਂ ਅਗੇ ਵਾਂਙੂ ਵੱਸਦੇ ਸਾਂ। ਹੁਣ ਪਏ ਠਾਣਿਆਂ ਵਿਚ ਰੁਲਾਂਗੇ ਤੇ ਮੁਣਸ਼ੀਆਂ ਮੁਸੱਦੀਆਂ ਦੇ ਹੂਰੇ ਖਾਵਾਂਗੇ। ਅਗੇ ਹਿੰਦੂ ਸਿੱਖ, ਮੁਸਲਮਾਨ ਰਲ ਬੈਠਦੇ ਸਾਂ, ਹਰ ਗੱਲ ਪੰਚਾਇਤ ਵਿਚ ਮੁਕਾ ਲੈਂਦੇ ਸਾਂ, ਹੁਣ ਠਾਣੇ ਦੀ ਧੁਰ ਬਝੇਗੀ। ਫਿਰ ਸਿੱਖ ਠਾਣੇਦਾਰ ਆ ਗਿਆ ਤਾਂ ਸਿੱਖ ਤੇ ਹਿੰਦੂ ਤੇਰੇ ਦੀਨ ਭਾਈਆਂ ਦਾ ਮੱਕੂ ਬੰਨ੍ਹਣਗੇ। ਸੈਫ਼ਦੀਨਾ, ਵੀਰਾ ! ਹੱਲ ਅਸੀਂ ਵਾਹਾਂਗੇ, ਮੁੜ੍ਹਕੇ ਸਾਡੇ ਚੋਣਗੇ, ਸਿਆਲੇ ਦੀਆਂ ਕੱਕਰੀਆਂ ਰਾਤਾਂ ਅਸੀਂ ਜੱਫਰ ਜਾਲਾਂਗੇ, ਭੋਂ ਨਾਲ ਭੋਂ ਅਸੀਂ ਬਣਾਂਗੇ, ਪਰ ਸਾਡੀ ਐਸ ਤਰ੍ਹਾਂ ਦੀ ਦੁੱਖਾਂ ਦੀ ਕਮਾਈ ਸੱਤ ਸੱਤ ਰੁਪਏ ਦੇ ਸਿਪਾਹੀਆਂ ਦੇ ਘਰ ਚੜ੍ਹਦੇ ਪੂਲਾ ਰਿੰਨ੍ਹਾਵੇਗੀ ; ਮੁਣਸ਼ੀਆਂ ਮੁਸੱ-ਦੀਆਂ ਦੇ ਘਰ ਦੁੱਧ ਘੇਵਾਂ ਦੀਆਂ ਨਦੀਆਂ ਚਲਾਵੇਗੀ। ਅਸੀਂ ਸੁਕੇ ਟੁਕਰ ਖਾਵਾਂਗੇ । ਭੋਆਂ ਗਹਿਣੇ ਪੈਣਗੀਆਂ, ਭਰਾ ਦੇ ਹੱਥੋਂ ਹੀਰੇ ਹਰਨ ਵਰਗੇ ਸੁਹਣੇ ਭਰਾ ਮਾਰੇ ਜਾਇਆ ਕਰਨਗੇ ਤੇ ਸਾਡੀ ਉਸ ਕਠਨ ਕਮਾਈ ਤੋਂ ਡਿਪਟੀ ਤੇ ਵਕੀਲ ਬਣਨਗੇ ਅਤੇ ਮੋਟਰਾਂ ਤੇ ਸੈਲਾਂ ਲੁੱਟਣਗੇ। ਸੈਫ਼ਦੀਨਾ ! ਕੀ ਬੀ ਬੀਜ ਚਲਿਓਂ ? ਯਾਰਾ ! ਵਿਦਿਆ ਤੇ ਸੁਹਣੀ ਚੀਜ਼ ਹੈ, ਪਰ ਤੁਹਾਨੂੰ ਲੜਨਾ ਹੀ ਕਿਉਂ ਸਿਖਾਲਦੀ ਹੈ ? ਸੱਚ ਹੈ, ਕੋਰੇ ਪਾਂਡੇ ਪੜ੍ਹੇ। ਪਰ ਵੈਰ ਨਾ ਮਾਰਿਓ ਨੇ, ਦੇਸ਼ ਗਾਲ ਘੱਤਿਆ। ਹੱਛਾ ਬਈ ਜਾਹ ! ਸਾਡੇ ਭਾਗ । (ਮੁਸਲਮਾਨਾਂ ਵਲ ਤੱਕ ਕੇ) ਭਰਾਵੋ ! ਸਲਾਮ, ਐਨੇ ਚਿਰ ਲੰਘ ਗਏ ਸੀ, ਸਾਰੇ ਸ਼ੀਰ ਸ਼ੱਕਰ* ਰਹੇ ਸਾਂ। ਡਿਪਟੀ ਕਮਿਸ਼ਨਰ ਦੌਰੇ ਆਇਆ ਕਹਿ ਜਾਂਦਾ ਹੁੰਦਾ ਸੀ,

"ਤੁਮ੍ਹਾਰੇ ਮਾਫ਼ਕ ਸਭ ਗਾਉਂ ਭਲਾਮਾਣਸ ਚਾਹੀਏ" । ਸਰਕਾਰ ਖ਼ੁਸ਼ ਤੇ ਅਸੀਂ ਖ਼ੁਸ਼ ਸਾਂ, ਸਭ ਤੋਂ ਵੱਧ ਸਾਡੀ ਸੱਚੀ ਸਰਕਾਰ ਖ਼ੁਸ਼ ਸੀ । ਹੁਣ ਸੱਭੇ ਭੇਡਾਂ ਮੁਕਾਲੀਆਂ, ਜੇਹੇ ਹੋਰ ਪਿੰਡ ਤੇਹੇ ਅਸੀਂ ਹੋ ਜਾਵਾਂਗੇ। ਲਓ ਭਰਾਓ ਵਿਛੜਨ ਲਗੇ ਹੋ ਤਾਂ ਇੱਕ ਵੇਰੀ ਜੱਫੀ ਪਾ ਕੇ ਮਿਲ ਤਾਂ ਲਓ। ਇਹ ਅਰਮਾਨ ਤਾਂ ਨਾ ਰਹਿ ਜਾਏ ਕਿ ਸਾਡੇ ਭਰਾ ਵਿਛੜੇ ਤੇ ਗਲ ਲਗ ਕੇ ਵੀ ਨਾ ਵਿਛੜੇ।

ਉਸ ਪੱਕੇ ਹਿਰਦੇ ਵਾਲੇ ਬਾਬੇ ਦੇ ਨੈਣਾਂ ਵਿਚ ਇਸ ਵੇਲੇ ਇੱਕ ਔਥਰੂ ਆ ਗਿਆ ਸੀ। ਮੁਸਲਮਾਨਾਂ ਸਭਨਾਂ ਵਿਚੋਂ ਵੱਡਾ ਜ਼ਿਮੀਂਦਾਰ ਰਾਂਝਾ ਟੱਕ ਬੰਨ੍ਹੀ* ਖੜਾ ਸੀ, ਭੁੱਬ ਮਾਰ ਕੇ ਰੋ ਪਿਆ ਤੇ ਬਾਬੇ ਦੀ ਗਲਵਕੜੀ ਵਿਚ ਆ ਗਿਆ । ਦੋਵੇਂ ਘੁਟ ਕੇ ਮਿਲੇ ਤੇ ਕੁਝ ਐਸਾ ਰੱਬ ਦਾ ਕਰਨਾ ਹੋਇਆ ਕਿ ਸਭ ਦੇ ਨੈਣ ਭਰ ਗਏ ਤੇ ਰਾਂਝੇ ਹਾਹ ਮਾਰ ਕੇ ਕਿਹਾ, 'ਬਾਬਾ! ਅਸਾਂ ਨਹੀਓਂ ਲੜਨਾ, ਅਸਾਂ ਨਹੀਓਂ ਵਿਛੜਨਾ!' ਇਹ ਸੱਦ ਸੁਣ ਕੇ ਸਾਰੇ ਇੱਕ ਦੂਜੇ ਦੇ ਦੁਆਲੇ ਚੰਬੜਦੇ ਚੰਬੜਦੇ ਬਾਬੇ ਨੂੰ ਵਿਚਕਾਰ ਲੈ ਕੇ ਮਾਨੋ ਇੱਕ ਗੁੱਥਾ ਹੋ ਗਏ । ਇੱਕ ਸੈਫ਼ਦੀਨ ਖੜਾ ਵਖਰਾ ਤੱਕ ਰਿਹਾ ਸੀ । ਇੱਕ ਅਨਪੜ੍ਹ ਪਰ ਸੱਚੇ ਸਾਫ਼ ਰੱਬੀ ਜੀਵਨ ਵਾਲੇ ਖੁਰਦਰੇ ਬੰਦੇ ਦੇ ਪਿਆਰ ਦਾ ਜੀਉਂਦਾ ਅਸਰ ਤੱਕ ਰਿਹਾ ਸੀ, ਹਾਂ ਇਸ ਦਾ ਪੱਥਰ ਦਿਲ ਵੀ ਪੰਘਰ ਰਿਹਾ ਸੀ। ਉਹ ਵੀ ਜੋ ਤੀਰਾਹ ਵਿਚ ਜਾ ਕੇ ਜਹਾਦ ਦੇ ਹੋਕੇ ਦੇ ਕੇ ਬੰਦਿਆਂ ਦੇ ਖ਼ੂਨ ਦੇ ਉਪਦੇਸ਼ ਦੇਣ ਵਿਚ ਸਖ਼ਤ ਹੋ ਚੁਕਾ ਸੀ। ਇਸ ਵੇਲੇ ਪਿਆਰ ਦਾ ਇਹ ਨਕਸ਼ਾ ਤੱਕ ਕੇ ਪੰਘਰ ਰਿਹਾ ਸੀ, ਕੋਈ ਐਸਾ ਇਹ ਪਲ ਸੀ ਕਿ ਬਿਜਲੀ ਦੇ ਲਿਸ਼ਕਾਰੇ ਵਾਂਗੂੰ ਸੈਫ਼ਦੀਨ ਦੀਆਂ ਅੱਖਾਂ ਅੱਗੋਂ, ਉਸ ਦੇ ਕੀਤੇ ਚਾਲਬਾਜ਼ੀ ਦੇ ਕਰਤਬ, ਤਅੱਸਬ ਤੇ ਵੈਰ ਦਾ ਕੰਮ, ਬੰਦਿਆਂ ਨੂੰ ਦਿੱਤੇ ਦੁੱਖ, ਚੋਪੜੀ ਰੋਟੀ ਖਾਣ ਖ਼ਾਤਰ ਪਰਜਾ ਦਾ ਅਮਨ ਭੰਗ ਕਰਨ* ਵਾਲੇ ਦਿੱਤੇ ਉਪਦੇਸ਼ ਸਾਰੇ ਲੰਘ ਗਏ । ਆਪਣੇ ਅੰਦਰ ਕਲਹ* ਦਾ

ਵਾਸ ਡਿੱਠਾ ਤੇ ਅਵਗੁਣਾਂ* ਦੀ ਪੋਟ* ਜੋ ਆਪ ਭਰੀ ਸੀ ਦਿੱਸੀ, ਤੇ ਚੰਗੀ ਭਾਰੂ ਹੋ ਦਿੱਸੀ।

ਜਦੋਂ ਸਾਰੇ ਬਗ਼ਲਗੀਰੀ* ਤੋਂ ਅੱਡ ਹੋਏ ਤਾਂ ਸੈਫ਼ਦੀਨ ਨੇ ਬਾਬੇ ਦੇ ਗੋਡਿਆਂ ਤੇ ਹੱਥ ਲਾ ਕੇ ਆਖਿਆ: 'ਬਾਬਾ ਆਉਂਦੀ ਤਾਂ ਸ਼ਰਮ ਹੈ, ਪਰ ਤੇਰੇ ਪਿਆਰ ਨੇ ਮੈਨੂੰ ਵੀ ਅੱਜ ਹਿਲਾ ਦਿੱਤਾ ਹੈ। ਤੂੰ ਬੜਾ ਖਰਾ ਆਦਮੀ ਹੈਂ ਤੇ ਤੇਰੀ ਇਹ ਗੱਲ ਲਖ ਰੁਪਏ ਦੀ ਹੈ ਕਿ ਰੱਬ ਦੇ ਕੰਮ ਕਰਨ ਵਾਲਿਆਂ ਵਿਚ ਮੁਹੱਬਤ ਚਾਹੀਦੀ ਹੈ, ਵੈਰ ਭੈੜੀ ਆਦਤ ਹੈ, ਇਹ ਇਲਾਹੀ ਖ਼ੂਬੀ ਨਹੀਂ ਹੈ, ਸ਼ੈਤਾਨੀ ਵਸਫ਼* ਹੈ।

ਬਾਬਾ—ਫੇਰ ਯਾਰਾ ਨਿੱਤਰ! ਤੂੰ ਵੀ ਪਿਆਰ ਕਰ।

ਸੈਫ਼ਦੀਨ—ਮੈਂ ਜਗਤ ਵਿਚ ਹਰ ਥਾਂ ਕਪਟ* ਡਿੱਠਾ ਹੈ, ਜੇ ਕਿਤੇ ਇਨਸਾਫ਼ ਦਿੱਸਦਾ ਹੈ ਤਾਂ ਉਥੇ ਵੀ ਸਭ ਕੋਈ ਆਪਣੇ ਨਫ਼ੇ ਲਈ ਹੱਥ ਪੈਰ ਮਾਰ ਰਿਹਾ ਹੁੰਦਾ ਹੈ। ਕਿਵੇਂ ਕੋਈ ਟੁਰੇ, ਕਿਵੇਂ ਕੋਈ ਕਰੇ, ਸਭ ਦੇ ਹੇਠਾਂ ਆਪਣਾ ਮਤਲਬ ਹੁੰਦਾ ਹੈ। ਪਹਿਲੀ ਅਹਿਲ* ਜੁਆਨੀ ਵਿਚ ਤਾਂ ਖ਼ਿਆਲ ਹੁੰਦਾ ਹੈ ਕਿ ਕਿਤੇ ਭਲਿਆਈ, ਨੇਕੀ ਹੋਵੇਗੀ, ਪਰ ਜਿਉਂ ਜਿਉਂ ਵਾਹ ਪੈਂਦੇ ਹਨ ਜਗਤ ਵਿਚ ਕਪਟ ਹੀ ਕਪਟ ਤੇ ਖ਼ੁਦਗ਼ਰਜ਼ੀ (ਸੁਆਰਥ) ਹੀ ਖ਼ੁਦਗ਼ਰਜ਼ੀ ਦੀਂਹਦੀ ਹੈ। ਫੇਰ ਤਬੀਅਤ ਬਦਲ ਜਾਂਦੀ ਹੈ, ਲੂਣ ਦੀ ਖਾਣ ਵਿਚ ਹਰ ਸ਼ੈ ਜੀਕੂੰ ਲੂਣ ਹੋ ਜਾਂਦੀ ਹੈ, ਤੀਕੂੰ ਆਪ ਹੋ ਜਾਈਦਾ ਹੈ।

ਬਾਬਾ—ਸੱਚ ਹੈ (ਹਹੁਕਾ ਲੈ ਕੇ) "ਲੋਭ ਲਹਿਰ ਅਤਿ ਨੀਝਰ ਬਾਜੈ ਕਾਇਆ ਡੂਬੈ ਕੇਸਵਾ।"

ਸੈਫ਼ਦੀਨਾ! ਜਗਤ ਵਿਚ ਤ੍ਰਿਸ਼ਨਾ* ਦਾ ਰਾਜ ਹੈ, ਇਹ ਤ੍ਰਿਸ਼ਨਾ ਸਾਡੇ ਅੰਦਰ ਜੋ ਇੱਕ ਲਿਵ* ਦੀ ਤਾਰ ਹੈ, ਜੋ ਸਾਨੂੰ ਅੱਲਾ ਨਾਲ ਬੰਨ੍ਹ ਰੱਖਦੀ ਹੈ, ਉਸ ਨੂੰ ਤੋੜ ਦੇਂਦੀ ਹੈ। ਬਸ ਜਦ ਇਹ ਤਾਰ ਟੁੱਟੀ, ਤ੍ਰਿਸ਼ਨਾ ਵਰਤੀ, ਤਦ ਮਾਯਾ ਕਹੋ, ਹਉਮੈ ਕਹੋ, ਸ਼ੈਤਾਨ ਕਹੋ, ਬਦੀ

ਕਹੋ, ਭੁਲੇਖਾ ਕਹੋ, ਦਿਲ ਪਰ ਜ਼ੋਰ ਪਾ ਘੱਤਦਾ ਹੈ। ਮਨੁੱਖ ਦੀ ਬਿਰਤੀ ਪਸ਼ੂ, ਸਗੋਂ ਪਸ਼ੂ ਤੋਂ ਵੀ ਮਾੜੀ ਹੋ ਜਾਂਦੀ ਹੈ। ਤ੍ਰਿਸ਼ਨਾ ਦੇ ਜ਼ੋਰ ਹੇਠ ਬੰਦਾ ਬੰਦੇ ਦੇ ਹੱਕ ਮਾਰਦਾ ਤੇ ਵੈਰ ਵਿਰੋਧ ਕਰਦਾ ਹੈ। ਮੈਨੂੰ ਕਦੇ ਕਦੇ ਸੋਚ ਫੁਰਦੀ ਹੁੰਦੀ ਹੈ ਕਿ ਜੇ ਰਾਜਾ ਫ਼ੌਜਾਂ, ਪੁਲਸਾਂ ਤੇ ਜੇਲ੍ਹਖ਼ਾਨੇ ਬੰਦ ਕਰ ਦੇਵੇ ਤਦ ਇਸ ਪਸ਼ੂ ਬਿਰਤੀ ਦੇ ਕਾਰਨ ਜਗਤ ਵਿਚ ਬਸ ਘਮਸਾਨ ਮਚ ਜਾਵੇ ਤੇ ਪਿਆ ਬੰਦੇ ਨੂੰ ਬੰਦਾ ਵੱਢ ਵੱਢ ਖਾਵੇ। ਤੇ ਜੇ ਬੰਦਿਆਂ ਵਿਚ "ਨਿਆਂ" ਦੀ ਵਰਤੋਂ ਵੱਧ ਜਾਵੇ, ਧੱਕੋ ਧੋੜਾ ਪਸ਼ੂਆਂ ਵਾਲਾ ਨਾ ਕਰਨ, ਆਪਣਾ ਹੱਕ ਪਛਾਣ ਕੇ ਟੁਰਨ ਤੇ ਦੂਜੇ ਦੇ ਹੱਕ ਦਾ ਆਦਰ ਪਏ ਕਰਨ, ਤਦ ਪੁਲਸ ਦੇ ਜੇਲ੍ਹਖ਼ਾਨੇ ਦੀ ਲੋੜ ਹੀ ਨਾ ਰਹੇ। ਤੇ ਜੇ ਕਦੇ ਧਰਮ ਪਛਾਣ ਕੇ ਬੰਦਾ ਸੰਤੋਖ* ਤੇ ਦਇਆ ਧਾਰ ਲਵੇ ਤਦ ਤਾਂ ਮਨੁੱਖ ਫ਼ਰਿਸ਼ਤਾ ਹੋ ਜਾਵੇ। ਸੈਫ਼ਦੀਨਾ ! ਫੇਰ ਤਾਂ ਖ਼ਵਰੇ ਸਾਨੂੰ ਜੰਦਰਿਆਂ ਦੀ ਵੀ ਲੋੜ ਨਾ ਰਹੇ।

ਸੈਫ਼ਦੀਨ—ਇਹ ਬਿਲਕੁਲ ਠੀਕ ਹੈ, ਸਾਰੇ ਦੀਨਾਂ ਦੇ ਬਜ਼ੁਰਗ ਏਸੇ ਤਰ੍ਹਾਂ ਮੱਤ ਦੇਂਦੇ ਹਨ। ਪਰ ਫਿਰ ਕੀ ਧਾੜ ਪੈਂਦੀ ਹੈ ਕਿ ਪੜ੍ਹ ਸੁਣ ਕੇ ਸਮਝ ਕੇ ਸਾਰੇ ਖ਼ੁਦਗਰਜ਼ੀ ਪੁਰ ਟੁਰਦੇ ਹਨ, ਹੱਕ ਕੋਈ ਨਹੀਂ ਪਛਾਣਦਾ, ਦਇਆ ਕੋਈ ਨਹੀਂ ਕਰਦਾ, ਸੰਤੋਖ ਕਿਸੇ ਨੂੰ ਆਪਣੇ ਹੱਕ ਹਲਾਲ ਪਰ ਨਹੀਂ ਹੈ—ਨਾ ਵਿਹਾਰੀ, ਨਾ ਵਾਹੀ ਵਾਲੇ, ਨਾ ਧਰਮ ਦੇ ਆਗੂ, ਨਾ ਪੜ੍ਹੇ ਲਿਖੇ, ਨਾ ਨਮੁੱਕਰ*।

ਬਾਬਾ—ਇਹੋ ਔਖੀ ਘਾਟੀ ਹੈ, ਇਸੇ ਲਈ ਪੀਰ, ਪੈਗ਼ੰਬਰ, ਅਵਤਾਰ, ਗੁਰੂ ਆਏ। ਇਹੋ ਉਨ੍ਹਾਂ ਦਾ ਮਤਲਬ ਸੀ ਕਿ ਪਿਆਰ ਵਿਚ ਵਸੋ, ਧਕੇ ਧੋੜੇ ਨਾ ਕਰੋ, ਹੱਕ ਨਾ ਮਾਰੋ, ਦਇਆ ਕਰੋ। ਮੇਰੇ ਰਸੂਲ ਨੇ ਆਖਿਆ ਹੈ :—

ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰ ਨਾ ਖਾਇ ॥

ਪਰਾਇਆ ਹੱਕ ਮੁਰਦਾਰ ਹੈ, ਤੇ ਫਿਰ ਉਨ੍ਹਾਂ ਕਿਹਾ ਕਿ ਸੰਸਾਰ ਦਾ ਸੂਤ ਤਾਂ ਬੱਝਦਾ* ਹੈ ਕਿ ਸਭ ਕੋਈ ਧਰਮ ਪਰ ਟੁਰੇ ਅਤੇ ਹੱਕ ਹਲਾਲ ਪਰ ਸੰਤੋਖ ਕਰੇ ਤੇ ਦੂਜਿਆਂ ਪਰ ਦਇਆ ਵਰਤੇ। ਇਸ ਗੱਲ ਨੂੰ ਸਾਰੇ ਖਰੀ ਮੰਨਦੇ ਹਨ, ਤੁਸਾਂ ਵੀ ਮੰਨਿਆ ਹੈ, ਪਰ ਹੁਣ ਦੁੱਖ ਇਹੋ ਹੈ ਕਿ ਪੜ੍ਹ ਸੁਣ ਕੇ ਫੇਰ ਨਹੀਂ ਟੁਰੀਦਾ। ਸੋ ਮੈਨੂੰ ਵਰਤ ਕੇ ਇਹ ਸੋਝੀ ਆਈ ਹੈ ਕਿ ਅੰਦਰ ਸਾਡੇ ਕਸਰ ਹੈ, ਸਾਡੇ ਅੰਦਰ ਇੱਕ ਕਿਣਕਾ ਤ੍ਰਿਸ਼ਨਾ ਦਾ ਹੈ, ਉਹ ਸਾਡੀ ਸਾਰੀ ਵਰਤੋਂ ਨੂੰ ਖੋਟ ਵਿਚ ਗੁਆਈ ਰਖਦਾ ਹੈ। ਜੇ ਪਰਮੇਸ਼ਰ ਨੂੰ ਯਾਦ ਕਰੀਏ, ਪਿਆਰ ਕਰੀਏ, ਜੇ ਉਸ ਵਿਚ ਸਾਡੀ ਲਿਵ ਲਗ ਜਾਵੇ ਤਾਂ ਉਸ ਅੰਦਰਲੀ ਲਿਵ ਦੇ ਜ਼ੋਰ ਤ੍ਰਿਸ਼ਨਾ ਘਟਦੀ ਹੈ ਤੇ ਬਾਹਰਲੀ ਵਰਤੋਂ ਸੂਤ ਹੋ ਜਾਂਦੀ ਹੈ। ਇਹ ਗੱਲ ਪੰਜਾਬ ਵਿਚ ਉਤਰੇ ਸੁਲਹ ਦੇ ਰਸੂਲ ਨੇ ਇਸ ਤਰ੍ਹਾਂ ਆਖੀ ਹੈ :—

ਗੁਰਾ ਇਕ ਦੇਹਿ ਬੁਝਾਈ ॥ ਸਭਨਾ ਜੀਆ ਦਾ ਇਕੁ ਦਾਤਾ
ਸੋ ਮੈਂ ਵਿਸਰਿ ਨਾ ਜਾਈ ॥

ਸੈਫ਼ਦੀਨ (ਤ੍ਰੱਪ ਕੇ)—ਖ਼ੂਬ ! ਬਾਬਾ ਇਹ ਲੱਖਾਂ ਦੀ ਇੱਕ ਗੱਲ ਆਖੀ ਹਈ, ਇਹ ਅੰਦਰ ਸੱਖਣਾ ਹੋਣ ਦੇ ਸਾਰੇ ਭੰਬਲਭੂਸੇ ਹਨ। ਠੀਕ, ਬਹੁਤ ਠੀਕ ! ਫਿਰ ਕੀਕੂੰ ਹੋਵੇ ?

ਬਾਬਾ—ਰੱਬ ਦੀ ਲਿਵ ਵਾਲੇ ਬੰਦਿਆਂ ਦੀ ਸੁਹਬਤ ਤੇ ਅੱਲਾ ਦੀ ਯਾਦ—ਇਸ ਨਾਲ ਅੰਦਰ ਸਾਬਤ ਹੋ ਜਾਂਦਾ ਹੈ, ਲਿਵ ਲਗ ਜਾਂਦੀ ਹੈ; ਫੇਰ ਬਾਹਰ ਦੀ ਵਰਤੋਂ ਧਰਮ ਤੇ ਦਇਆ ਵਾਲੀ ਹੋ ਜਾਂਦੀ ਹੈ। ਦੋਵੇਂ ਪਾਸੇ ਹੱਥ ਪੈਰ ਮਾਰੀ ਗਏ, ਸੁਖੀ ਹੋ ਗਏ। ਤੁਸਾਂ ਵਿਦਿਆ ਪਾਈ ਸੀ, ਵਿਦਿਆ ਦੱਸਦੀ ਹੈ ਕਿ ਨੇਕੀ ਕਰੋ ਤੇ ਸਭ ਨੇਕੀਆਂ ਦਾ ਅੰਤ ਹੈ ਸੱਚਾ ਗਿਆਨ ਤੇ ਸੁੱਚਾ ਜੀਵਨ।

ਸੈਫ਼ਦੀਨ—ਲਓ ਭਈ ਦੀਨ ਭਾਈਓ ! (ਭਰਾਵਾਂ ਵਲ ਤੱਕ ਕੇ) ਸੱਚ ਅੱਗੇ ਕਾਹਦੀ ਸ਼ਰਮ, ਮੈਂ ਆਲਮ ਫ਼ਾਜ਼ਲ ਹਾਂ, ਨਮਾਜ਼, ਰੋਜ਼ਾ*

ਜ਼ਕਾਤ* ਹਰ ਗੱਲੇ ਪੂਰਾ ਹਾਂ ; ਪਰ ਅੱਲਾ ਮੁਹੱਬਤ ਦਾ ਮਰਕਜ਼* ਹੈ ਤੇ ਅਸੀਂ ਜੇ ਅੱਲਾ ਦੇ ਹਾਂ ਤਾਂ ਸਾਡੇ ਹਰ ਫ਼ੇਅਲ (ਕਰਮ), ਵਾਕ*, ਖ਼ਿਆਲ ਵਿਚ ਮੁਹੱਬਤ ਲੋੜੀਏ। ਇਹ ਮੇਰੇ ਵਿਚ ਕਸਰ ਸੀ। ਤੁਹਾਨੂੰ ਮੈਂ ਸ਼ਰ੍ਹਾ ਸਿਖਾਈ ਤੇ ਉਲਟਾ ਪੁਲਟਾ ਕੇ ਅਤੇ ਸ਼ਰ੍ਹਾ ਦੀ ਰੂਹ "ਮੁਹੱਬਤ" ਨਾ ਸਿਖਾਈ। ਮੈਨੂੰ ਅਜ ਇਸ ਜੀਉਂਦੇ ਸੱਚ ਦੇ ਮਿਕਨਾਤੀਸੀ ਬੰਦੇ ਨਾਲ ਮਿਲ ਕੇ ਜਾਗ ਆ ਗਈ ਹੈ। ਮੈਂ ਜਾਣਦਾ ਹੋਇਆ ਸੁੱਤਾ ਪਿਆ ਸਾਂ, ਹੁਣ ਮੈਨੂੰ ਉਸ ਦੁਨੀਆਂ ਵਿਚ, ਜਿਸ ਵਿਚ ਮੈਂ ਫਿਰਿਆ ਹਾਂ, ਜਾਂਦਿਆਂ ਡਰ ਲਗਦਾ ਹੈ। ਅੱਜ ਮੇਰੇ ਦਿਲ ਵਿਚ ਇੱਕ ਅਸਮਤ (ਨਿਰਦੋਸ਼ਤਾ) ਜਾਗੀ ਹੈ, ਇੱਕ ਕਦਰਦਾਨੀ ਉਪਜੀ ਹੈ, ਇੱਕ ਸੁਖ ਤੇ ਸਾਬਤੀ ਦਾ ਜਲਵਾ ਵਜਾ ਹੈ, ਸੋ ਮੇਰਾ ਜੀ ਹੈ ਕਿ ਮੈਨੂੰ ਏਥੇ ਹੀ ਰਖ ਲਵੋ ਤੇ ਮੈਂ ਹੁਣ ਤੁਹਾਡੇ 'ਇਸ਼ਕ ਦੀ ਟੇਕ' ਵਾਲੇ ਮਕਤਬ* ਵਿਚ ਹੀ ਰਹਿ ਪਵਾਂ। ਮੇਰੇ ਟੁੱਕ ਦਾ ਕੋਈ ਉਪਰਾਲਾ* ਕਰ ਲਓਗੇ ਤੇ ਮੈਨੂੰ ਰਖ ਲਓਗੇ ?

ਸਾਰੇ—ਜ਼ਰੂਰ, ਜ਼ਰੂਰ।

ਬਾਬਾ—ਨਹੀਂ ਨਹੀਂ।

ਸੈਫ਼ਦੀਨ—ਕਿਉਂ ਜੀ ?

ਬਾਬਾ—ਅਸੀਂ ਭਰਾਵਾ ! ਰਾਜ਼ਕ* ਨਹੀਂ। ਅਸਾਂ ਤੈਨੂੰ ਰਚਿਆ ਨਹੀਂ, ਅਸੀਂ ਤੇਰੇ ਰਾਜ਼ਕ ਨਹੀਂ ਬਣ ਸਕਦੇ। ਰਾਜ਼ਕ ਬਣੀਏ ? ਝੂਠੀਆਂ ਗੱਲਾਂ ! ਅਸੀਂ ਕੋਈ ਬੁਲਾਰੇ ਨਹੀਂ ਕਿ ਬਟੇਰੇ ਫਸਾਉਣੇ ਹਨ। ਅਸਾਂ ਤਾਂ ਗ਼ਲਤੀ ਕੱਢ ਕੇ ਸੱਚ ਤੇ ਖੜਣਾ ਹੈ ਤੇ ਸੱਚ ਨੇ ਸਾਨੂੰ ਸੁਖ ਦੇਣਾ ਹੈ। ਸੋ ਵੀਰਾ ! ਗ਼ਰੀਬ ਰਾਹਕ, ਤੇਰੇ ਲਈ ਸੌ ਦੋ ਸੌ ਕਿਥੋਂ ਕਢੀਏ ? ਤੈਨੂੰ ਤੇਰੇ ਰੱਬ ਨੇ ਰਚਿਆ, ਤੇਰਾ ਰੱਬ ਰਾਜ਼ਕ ਹੈ, ਪੰਜਾਬ ਵਿਚ ਉਤਰੇ ਅਵਤਾਰ ਦਾ ਇਹ ਵਾਕ ਹੈ :—

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ ॥
ਸਭ ਘਟ ਭੀਤਰਿ ਹਾਟੁ ਚਲਾਵੈ ॥

ਤੂੰ ਉਸ ਜੀਉਂਦੇ ਦਾਤੇ ਵਾਹਿਗੁਰੂ ਦਾ ਹੋ ਜਾ। ਉਹ ਵਾਹਿਗੁਰੂ ਤੇਰਾ ਰਾਜ਼ਕ ਤੈਨੂੰ ਰਿਜ਼ਕ ਦੇਵੇਗਾ। ਜਿਸ ਦੇ ਲੰਗਰੋਂ ਸਾਨੂੰ ਪਰਸ਼ਾਦਾ ਮਿਲਦਾ ਹੈ, ਤੈਨੂੰ ਵੀ ਮਿਲੇਗਾ। ਹੋਰ ਵੀਰਾ! ਦਾਤਾ ਕੌਣ, ਮੰਗਤਾ ਕੌਣ? ਇਕੋ ਉਹੋ ਦਾਤਾ ਹੈ। ਸਾਡੇ ਪਾਸ ਤਾਂ ਸਤਿਸੰਗ ਹੈ। ਦਿਲ ਸਾਬਤੀ ਦਾ ਹੀਲਾ ਤਰਲਾ ਹੈ! ਜੀਕੂੰ ਅਸੀਂ ਪਏ ਕਰਦੇ ਹਾਂ ਤੂੰ ਵੀ ਕਰ। ਦਿਲ ਸਾਬਤ ਹੋ ਗਿਆਂ ਖ਼ੁਦਾ ਮਿਲਦਾ ਹੈ, ਖ਼ੁਦਾ ਵਾਲੇ ਨੂੰ ਟੁਕ ਦੀ ਕੀ ਚਿੰਤਾ? ਵੇਖ ਤੇਰੀ ਵਹੁਟੀ ਤੇਰੀ ਹੋ ਗਈ। ਕੀ ਉਹ ਕਾਰ ਵਿਹਾਰ, ਉਪਦੇਸ਼, ਤੇਰੇ ਨਾਲ ਮਿਹਨਤ ਮਜ਼ੂਰੀ ਕਰਦੀ ਹੈ? ਕੁਝ ਨਹੀਂ, ਉਹ ਤੇਰੀ ਹੋ ਗਈ, ਉਸ ਦੀ ਰੋਜ਼ੀ ਦਾ ਫ਼ਿਕਰ ਤੈਨੂੰ ਪੈ ਗਿਆ। ਏਸੇ ਤਰ੍ਹਾਂ ਤੂੰ ਅੱਲਾ ਦਾ ਹੋ, ਸੱਚ ਮੁਚ ਉਸ ਦਾ ਹੋ—ਗੱਲਾਂ ਨਾਲ ਨਹੀਂ, ਫੋਕੇ ਇਲਮ ਤੇ ਹੁੱਜਤਾਂ* ਨਾਲ ਨਹੀਂ, ਸਚੋ ਸੱਚ ਅੰਦਰੋਂ, ਧੁਰ ਅੰਦਰੋਂ, ਉਸ ਦਾ ਹੋ ਜਾ, ਤੇਰੇ ਸਭ ਫ਼ਿਕਰਾਨੇ ਅੱਲਾ ਨੂੰ। ਤੂੰ ਇਕੋ ਕੰਮ ਕਰ ਕਿ "ਅੱਲਾ ਨਾ ਭੁਲੇ"। ਅੱਲਾ ਦੇ ਡਾਢੇ ਪਿਆਰੇ ਨੇ ਆਖਿਆ ਹੈ—

> ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ ॥ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥ ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥ ਗੁਰ ਪਰਸਾਦਿ ਪਰਮ ਪਦ ਪਾਇਆ ਸੂਕੇ ਕਾਸਟ ਹਰਿਆ ॥ ੧ ॥ ਰਹਾਉ ॥ ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨਾ ਕਿਸ ਕੀ ਧਰਿਆ ॥ ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ। ੨ ॥ ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥ ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥੩॥ ਸਭਿ ਨਿਧਾਨੁ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ। ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾ ਵਰਿਆ ॥ ੪ ॥ [ਗੂਜਰੀ ਮ: ੫]

ਸੋ ਵੀਰਾ ! ਅਲਾ ਨੂੰ ਪਿਆਰ ਕਰ ਤੇ ਸਭ ਫ਼ਿਕਰਾਨ ਛਡ ਦੇਹ ।

ਸੈਫ਼ਦੀਨ—ਸ਼ਰਮਿੰਦਾ ਹਾਂ, ਮੇਰੇ ਪੜ੍ਹੇ ਪਰ ਖ਼ਾਕ ਹੈ, ਬਾਬਾ ਜੀਓ ! ਤੇਰੇ ਵਿਚ ਅਮਲ ਹੈ ਖਰਾ ਖਰਾ, ਉਸ ਨੇ ਮੇਰੇ ਫੋਕੇ ਇਲਮ ਨੂੰ ਭੰਨ ਘੱਤਿਆ ਹੈ । ਤੁਹਾਡੇ ਪਿਆਰ ਵਾਲੇ ਭਾਈਚਾਰੇ ਵਿਚੋਂ ਹੁਣ ਨਿਖੜਨ ਨਹੀਂ ਹੁੰਦਾ । ਤੁਸੀਂ ਸਭ ਜਾਓ, ਸ਼ਾਮਾਂ ਹੋ ਗਈਆਂ ਹਨ, ਘਰੀਂ ਅਪੜੋ, ਮੈਂ ਹੁਣ ਏਸ ਖੂਹ ਤੇ ਹੀ ਰਹਾਂਗਾ । ਅੱਲਾ ਨੂੰ ਯਾਦ ਕਰਾਂਗਾ ਤੇ ਆਪਣੀ ਮੈਲ ਧੋਵਾਂਗਾ । ਜੋ ਉਹ ਘਲੇਗਾ ਸੋ ਖਾਵਾਂਗਾ, ਤੇ ਜੋ ਤੁਸੀਂ ਆਖਿਆ ਕਰੋਗੇ ਸੋ ਕਰਿਆ ਕਰਾਂਗਾ । ਬਾਬਾ ! ਇਲਮ ਦੀ ਮਗ਼ਰੂਰੀ* ਮਗ਼ਜ਼ ਵਿਚੋਂ ਧੋਣੀ ਬੜੀ ਔਖੀ ਹੈ, ਮੈਨੂੰ ਇਹ ਸ਼ਾਬਾਸ਼ ਤਾਂ ਦੇ ਜਾ ਕਿ ਮੈਂ ਉਸ ਮਗ਼ਰੂਰੀ ਨੂੰ ਧੋ ਘੱਤਿਆ ਹੈ ।

ਬਾਬੇ ਨੇ ਹੁਣ ਅਗੇ ਹੋ ਕੇ ਸੈਫ਼ਦੀਨ ਨੂੰ ਗਲ ਲਾ ਲਿਆ ਤੇ ਆਖਿਆ, "ਤੇਰੇ ਪਰ ਵਾਹਿਗੁਰੂ ਦੀ ਮਿਹਰ ਹੋਈ ਹੈ, ਵੀਰਾ ! ਇਸ ਨੂੰ ਮਿਹਰ ਆਖੀਦਾ ਹੈ, ਵੀਰਾ । ਇਹੋ ਉਸ ਦਾ ਫ਼ੈਜ਼ ਹੈ । ਵੀਰਾ ! ਇਹੋ ਅੱਲਾ ਦਾ ਪਿਆਰ ਹੈ ! ਦਿਲ ਸਾਬਤ ਹੋ ਜਾਏ, ਲਿਵ ਪਾ ਜਾਏ, ਫੇਰ ਇਹ 'ਲੋਕ ਸੁਖੀਏ ਪਰਲੋਕ ਸੁਹੇਲੇ' ।"

---

# ਬਚਪਨ ਦੀਆਂ ਯਾਦਾਂ

ਮਾਸਟਰ ਤਾਰਾ ਸਿੰਘ

ਮੈਨੂੰ ਸਭ ਤੋਂ ਪਹਿਲੀ ਗੱਲ ਜੋ ਚੇਤੇ ਹੈ, ਇਹ ਹੈ ਕਿ ਮੈਂ ਮਾਂ ਦਾ ਦੁੱਧ ਪੀਂਦਾ ਸਾਂ। ਮਾਂ ਨੇ ਦੁੱਧ ਛੁੜਾ ਦਿੱਤਾ, ਪਰ ਮੈਂ ਫਿਰ ਵੀ ਦੁੱਧ ਪੀਣ ਲਈ ਮਾਂ ਦੀ ਝੋਲੀ ਵਿਚ ਜਾ ਬੈਠਾ। ਮਾਂ ਨੇ ਮੈਨੂੰ ਗ਼ੁਸੇ ਵਿਚ ਕਿਹਾ, "ਹਟ ਬੁੱਢਾ ਦਾਂਦ*"। ਮੈਨੂੰ ਇਹ ਤਾਹਨਾ ਅਜੇਹਾ ਲਗਾ ਕਿ ਮੈਨੂੰ ਦੁੱਧ ਤੋਂ ਸਾਰੀ ਉਮਰ ਲਈ ਘ੍ਰਿਣਾ ਹੋ ਗਈ । ਕਈ ਸਾਲ ਤਾਂ ਮੈਂ ਉੱਕਾ ਦੁੱਧ ਪੀਤਾ ਹੀ ਨਹੀਂ ਸੀ। ਜਦ ਤਾਪ ਚੜ੍ਹੇ ਤੇ ਮੈਨੂੰ ਦੁੱਧ ਪਿਆਉਣ ਤਾਂ ਜਿਸ ਤਰ੍ਹਾਂ ਕੌੜੀ ਦੁਆਈ ਪੀਵੀਦੀ ਹੈ ਉਸੇ ਤਰ੍ਹਾਂ ਦੁੱਧ ਪੀ ਛੱਡਾਂ। ਮਗਰੋਂ ਦੁੱਧ ਦੇ ਲਾਭ ਗੁਣ ਸਮਝ ਕੇ ਮੇਰੀ ਨਫ਼ਰਤ ਘਟ ਗਈ ਹੈ ਪਰ ਅਜੇ ਵੀ ਪਾਣੀ ਨਾਲੋਂ ਦੁੱਧ ਚੰਗਾ ਨਹੀਂ ਲਗਦਾ । ਦੁੱਧ ਦੀ ਖੀਰ ਆਦਿਕ ਬਣੀ ਹੋਈ ਚੀਜ਼ ਤਾਂ ਮੈਂ ਖਾ ਲੈਂਦਾ ਹਾਂ, ਪਰ ਦੁੱਧ ਉੱਕਾ ਪਸੰਦ ਨਹੀਂ ਆਉਂਦਾ। ਕਿਧਰੇ ਕਿਸੇ ਦੇ ਜ਼ੋਰ ਦੇਣ ਉੱਤੇ ਥੋਹੜਾ ਬਾਹਲਾ ਭਾਵੇਂ ਪੀ ਲਵਾਂ।

ਦੂਜੀ ਗੱਲ ਜੋ ਮੈਨੂੰ ਚੇਤੇ ਹੈ ਉਹ ਇਹ ਹੈ : ਮੇਰੀ ਇੱਕ ਵਿਧਵਾ ਭੂਆ ਸੀ। ਮੈਂ ਉਸ ਕੋਲ ਸਵਿਆਂ ਕਰਦਾ ਸਾਂ ਤੇ ਉਹ ਮੈਨੂੰ ਕਈ ਕਥਾਂ ਹਿੰਦੂ ਦੇਵੀ ਦੇਵਤਿਆਂ ਦੀਆਂ ਸੁਣਾਉਂਦੀ ਹੁੰਦੀ ਸੀ। ਨਾਲ ਹੀ ਮੈਨੂੰ ਵਾਹਿਗੁਰੂ ਬਾਬਤ ਗੱਲਾਂ ਵੀ ਦਸਦੀ ਹੁੰਦੀ ਸੀ। ਉਸ ਮੈਨੂੰ ਦੱਸਿਆ ਕਿ ਰੱਬ ਦਾ ਨਾ ਰੂਪ ਹੈ, ਨਾ ਰੰਗ ਹੈ, ਨਾ ਅੱਖਾਂ ਹਨ, ਨਾ ਨੱਕ ਕੰਨ ਹਨ, ਨਾ ਬਾਂਹਵਾਂ ਹਨ, ਨਾ ਸਿਰ ਹੈ ਤੇ ਨਾ ਲੱਤਾਂ ਹਨ। ਪਰ ਉਹ ਦੇਖਦਾ ਸੁਣਦਾ ਸਮਝਦਾ, ਜਾਣਦਾ ਬੁਝਦਾ ਸਭ ਕੁਝ ਹੈ। ਆਪ ਉਹ ਦਿਸਦਾ ਵੀ ਨਹੀਂ। ਮੈਂ ਹੈਰਾਨ ਹੋ ਕੇ ਮਾਂ ਨੂੰ ਜਾ ਪੁਛਿਆ, ਉਸ ਵੀ ਤਸਦੀਕ ਕਰ ਦਿੱਤੀ। ਮੈਂ ਆਪਣੇ ਹਾਣੀ ਮੁੰਡਿਆਂ ਵਿਚ ਜਾ ਕੇ ਆਪਣੀ ਖ਼ਬਰ ਉਤੇ ਫ਼ਖ਼ਰ ਕਰਨ ਲਗਾ ਤੇ ਉਨ੍ਹਾਂ ਨੂੰ ਕਿਹਾ ਕਿ ਰੱਬ ਦਾ ਮੈਨੂੰ ਪਤਾ ਲਗ ਗਿਆ ਹੈ। ਉਹ ਨਿਰਾ ਮਿੱਟੀ ਦੀ ਢੇਰੀ ਹੀ ਹੈ ਪਰ ਉਹ ਵੇਖਦਾ ਸੁਣਦਾ ਜਾਣਦਾ ਸਭ ਕੁਝ ਹੈ ਤੇ ਆਪ ਉਹ ਨਜ਼ਰ ਹੀ ਨਹੀਂ ਆਉਂਦਾ। ਕਿਧਰੇ ਓਹਲੇ ਬੈਠਾ ਹੈ।

ਪਰ ਮੇਰੀ ਅਜੇ ਪੂਰੀ ਤਸੱਲੀ ਨਹੀਂ ਸੀ ਹੋਈ। ਮੈਂ ਭੂਆ ਨੂੰ ਪੁੱਛਿਆ, ਰੱਬ ਕਿਥੇ ਹੈ ਤੇ ਉਸ ਨੂੰ ਕਿਸ ਤਰ੍ਹਾਂ ਮਿਲੀਦਾ ਹੈ? ਭੂਆ ਨੇ ਦਸਿਆ ਕਿ "ਵਾਹਿਗੁਰੂ, ਵਾਹਿਗੁਰੂ" ਜਪਣ ਨਾਲ ਰੱਬ ਮਿਲਦਾ ਹੈ। ਉਂਞ ਉਹ ਨਜ਼ਰ ਨਹੀਂ ਆਉਂਦਾ ਤੇ ਲਭਦਾ ਨਹੀਂ। ਉਸ ਨੇ ਮੈਨੂੰ ਧੰਨੇ ਭਗਤ ਦੀ ਕਥਾ ਵੀ ਸੁਣਾਈ, ਜਿਸ ਨੂੰ ਪਨਸੇਰੀ ਵਿਚੋਂ ਰੱਬ ਲਭ ਪਿਆ ਸੀ। ਅਸੀਂ ਛੋਟੇ ਛੋਟੇ ਮੁੰਡੇ ਕਈ ਵੇਰਾਂ ਇਕੱਠੇ ਕੱਸ (ਖੱਡ) ਵਿਚ ਚਲੇ ਜਾਇਆ ਕਰਦੇ ਸਾਂ ਤੇ ਉਥੇ ਛੋਟੇ ਛੋਟੇ ਪੱਕੇ ਪੱਥਰ ਬਥੇਰੇ ਸਨ ਤੇ ਉਨ੍ਹਾਂ ਵਿਚੋਂ ਕਿਸੇ ਕਿਸੇ ਦੇ ਦਵਾਲੇ ਚਿੱਟੀ ਲਕੀਰ ਹੁੰਦੀ ਸੀ। ਇਨ੍ਹਾਂ ਪੱਥਰਾਂ ਨੂੰ ਅਸੀਂ 'ਠਾਕਰ' ਕਹਿੰਦੇ ਸਾਂ ਤੇ ਉਸ ਲਕੀਰ ਨੂੰ ਜੰਞੂ। ਧੰਨੇ ਦੀ ਕਥਾ ਸੁਣ ਕੇ ਮੈਂ ਵੀ ਇੱਕ ਠਾਕਰ ਕੱਸ (ਖੱਡ) ਵਿਚੋਂ ਚੁਕ ਲਿਆਇਆ ਤੇ ਮੇਰੇ ਦਿਲ ਵਿਚ ਆਈ ਕਿ ਮੈਂ ਵੀ

ਧੰਨੇ ਵਾਂਗੂੰ ਰੋਟੀ ਖਾਣੀ ਛੱਡ ਦੇਵਾਂ ਤੇ 'ਠਾਕਰ' ਨੂੰ ਖੁਆ ਕੇ ਹੀ ਖਾਵਾਂ। ਪਰ ਮੈਂ ਪਿਤਾ ਜੀ ਤੋਂ ਡਰਦਾ ਇਹ ਕਦਮ ਚੁਕਾਂ ਨਾ। ਕਈ ਵੇਰ ਦਲੀਲ ਕੀਤੀ ਪਰ ਆਖ਼ਰ ਇਹ ਸਲਾਹ ਮੈਂ ਆਪ ਹੀ ਛੱਡ ਦਿੱਤੀ।

ਮੁੰਡੇ ਆਪੋ ਵਿਚ ਗੱਲਾਂ ਕੀਤਾ ਕਰਦੇ ਸਨ ਤੇ ਬਾਹਮਣ ਮੁੰਡੇ ਕਿਹਾ ਕਰਦੇ ਸਨ ਕਿ ਦੇਵੀ ਵੱਡੀ ਹੈ ਤੇ ਖੱਤਰੀ ਮੁੰਡੇ ਕਿਹਾ ਕਰਦੇ ਸਨ ਗੁਰੂ ਨਾਨਕ ਵੱਡੇ ਹਨ। ਮੈਂ ਮਾਂ ਨੂੰ ਪੁਛਿਆ, ਕਿਉਂਕਿ ਭੂਆ ਮੇਰੀ ਮਰ ਚੁਕੀ ਸੀ। ਮਾਂ ਨੇ ਕਿਹਾ ਗੁਰੂ ਨਾਨਕ ਸਾਹਿਬ ਵੱਡੇ ਹਨ, ਉਹ ਮੁਕਤੀ ਦੇ ਦਾਤੇ ਹਨ ਤੇ ਦੇਵੀ ਵਰਾਂ ਦੀ ਦਾਤੀ* ਹੈ। ਮੇਰਾ ਇੱਕ ਦੋਸਤ ਸੀ ਜਿਸ ਦਾ ਨਾਮ ਨੰਦ ਲਾਲ ਸੀ ਤੇ ਉਸ ਨੂੰ ਸਾਰੇ "ਨੰਦਾ, ਨੰਦਾ" ਕਹਿ ਕੇ ਬੁਲਾਉਂਦੇ ਸਨ। ਉਸ ਨਾਲ ਮੈਂ ਸਲਾਹ ਕੀਤੀ ਕਿ ਹੁਣ ਦਸੋ ਕਿ ਦੇਵੀ ਨੂੰ ਪੂਜੀਏ ਕਿ ਗੁਰੂ ਨਾਨਕ ਸਾਹਿਬ ਨੂੰ। ਮੈਂ ਕਿਹਾ ਗੁਰੂ ਨਾਨਕ ਤਾਂ ਨਿਰੀ ਮੁਕਤੀ ਹੀ ਦੇਂਦੇ ਹਨ ਤੇ ਦੇਵੀ ਸਭ ਵਰ ਦੇ ਸਕਦੀ ਹੈ। ਦੇਵੀ ਸਿੱਧ ਹੋਵੇ* ਤਾਂ, ਜੇ ਠੀਕ ਸਮਝਿਆ, ਵਰ ਵਿਚ ਮੁਕਤੀ ਹੀ ਮੰਗ ਲਵਾਂਗੇ। ਚਲੋ ਦੇਵੀ ਨੂੰ ਪੂਜ ਕੇ ਰਾਜ਼ੀ ਕਰੀਏ ਤੇ ਉਹ ਰਾਜ਼ੀ ਹੋ ਗਈ ਤਾਂ ਸਾਡੇ ਵਿਚੋਂ ਇੱਕ ਤਾਂ ਦੁਹਾਂ ਲਈ ਮੁਕਤੀ ਮੰਗ ਲਵੇ ਤੇ ਦੂਜਾ ਕੋਈ ਹੋਰ ਵਰ ਮੰਗ ਲਵੇ। ਇਹ ਸਲਾਹ ਪਕਾ ਕੇ ਅਸੀਂ ਰੋਜ਼ ਦੇਵੀ ਦੇ ਅਸਥਾਨ ਉੱਤੇ ਜਾਇਆ ਕਰੀਏ। ਉਹ ਅਸਥਾਨ ਬੰਦ ਹੁੰਦਾ ਸੀ। ਉਸ ਦਾ ਕੋਈ ਪੁਜਾਰੀ ਉੱਥੇ ਨਹੀਂ ਹੁੰਦਾ ਸੀ। ਅਸੀਂ ਅਸਥਾਨ ਦੇ ਸਾਹਮਣੇ ਬੇਰੀ ਹੇਠਾਂ ਬਹਿ ਕੇ 'ਵਾਹਿਗੁਰੂ ਵਾਹਿਗੁਰੂ' ਜਪਿਆ ਕਰਦੇ ਸਾਂ। ਸਾਨੂੰ ਇਤਨੀ ਸਮਝ ਨਹੀਂ ਸੀ ਕਿ ਵਾਹਿਗੁਰੂ ਵਾਹਿਗੁਰੂ ਜਪਣਾ ਕੋਈ ਦੇਵੀ ਦੀ ਪੂਜਾ ਨਹੀਂ ਹੈ। ਉਹ ਅਸਥਾਨ ਪਿੰਡੋਂ ਲਾਂਭੇ ਤੇ ਪਿੰਡ ਦੇ ਕੁਝ ਕੋਠਿਆਂ ਦੀ ਪਿਠ ਪਿਛੇ ਹੈ। ਜਿਸ ਕਰਕੇ ਸਾਨੂੰ ਕਿਸੇ ਨੇ ਵੇਖਿਆ ਨਾ, ਪਰ ਅਸੀਂ ਕੁਝ ਦਿਨ ਇਸ ਤਰ੍ਹਾਂ ਭਜਨ ਕਰ ਕੇ ਮੁੜ ਮੁੰਡਿਆਂ ਨਾਲ ਖੇਡ ਵਿਚ

ਜਾ ਸ਼ਾਮਲ ਹੋਏ, ਪਰ ਮੈਂ ਮਨ ਵਿਚ ਵਾਹਿਗੁਰੂ, ਵਾਹਿਗੁਰੂ ਕਹਿੰਦਾ ਰਹਿੰਦਾ ਸਾਂ। ਇੱਕ ਦਿਨ ਕਬੱਡੀ ਖੇਡਣ ਲਗੇ ਤੇ ਖੇਡ ਵਿਚ ਮੈਂ 'ਸਾਹ' ਪਾਇਆ ਤਾਂ ਹੋਰ ਤਾਂ ਕੌਡੀ ਕੌਡੀ ਕਿਹਾ ਕਰਦੇ ਸਨ, ਪਰ ਮੈਨੂੰ 'ਵਾਹਿਗੁਰੂ' ਕਹਿਣ ਦੀ ਆਦਤ ਅਜੇਹੀ ਪੈ ਚੁਕੀ ਸੀ ਕਿ ਮੈਂ ਸੁਭਾਵਕ ਹੀ ਉੱਚੀ ਉੱਚੀ 'ਵਾਹਿਗੁਰੂ ਵਾਹਿਗੁਰੂ' ਕਹਿੰਦਾ ਮੁੰਡੇ ਦੇ ਪਿਛੇ ਭਜਿਆ। ਇਸ ਤਰ੍ਹਾਂ ਮੇਰਾ ਭੇਦ ਖੁਲ੍ਹ ਗਿਆ। ਮੈਂ ਮਾਂ ਦੇ ਕਹਿਣ ਮੁਤਾਬਕ ਉਸ ਵੇਲੇ ਇਹ ਵੀ ਨਿਸਚਾ ਰਖਦਾ ਸਾਂ ਕਿ ਭਜਨ ਉਹ ਹੈ ਜੋ ਚੋਰੀ ਕੀਤਾ ਜਾਵੇ ਤੇ ਕਿਸੇ ਨੂੰ ਖ਼ਬਰ ਨਾ ਹੋਣ ਦਿੱਤੀ ਜਾਵੇ।

ਕਈ ਤਰ੍ਹਾਂ ਦੀਆਂ ਖੇਡਾਂ ਸਨ ਤੇ ਮੈਂ ਸਭ ਵਿਚ ਹੀ ਚੰਗਾ ਖਿਡਾਰੀ ਸਾਂ। ਉਨ੍ਹਾਂ ਸਾਰੀਆਂ ਨੂੰ ਇਕ ਇੱਕ ਕਰਕੇ ਲਿਖਣ ਦੀ ਲੋੜ ਨਹੀਂ ਭਾਸਦੀ। ਮਦਰਸੇ ਦਾ ਕੁਝ ਹਾਲ ਲਿਖਣਾ ਠੀਕ ਜਾਪਦਾ ਹੈ। ਮਦਰਸਾ ਸਾਡਾ "ਹਰਨਾਲ" ਸੀ ਜੋ "ਹਰਿਆਲ" ਤੋਂ ਮੀਲ ਡੇਢ ਮੀਲ ਦੇ ਫ਼ਾਸਲੇ ਉੱਤੇ ਸੀ। ਹਰਨਾਲ ਵਿਚ ਪੰਜਵੀਂ ਜਮਾਤ ਤਕ ਮਦਰਸਾ ਸੀ ਤੇ ਹਰਿਆਲ ਤੋਂ ਅਸੀਂ ਕੋਈ ਦਸ ਬਾਰਾਂ ਮੁੰਡੇ ਪੜ੍ਹਨ ਜਾਇਆ ਕਰਦੇ ਸਾਂ। ਸਵੇਰੇ ਹੀ ਅਸੀਂ ਸਭ ਆਪਣੇ ਆਪਣੇ ਘਰੋਂ ਰੋਟੀਆਂ ਪਕਵਾ ਕੇ ਕੁਝ ਖਾ ਲੈਂਦੇ ਸਾਂ ਤੇ ਕੁਝ ਨਾਲ ਲੈ ਜਾਂਦੇ ਸਾਂ। ਆਪਣੀ ਆਪਣੀ ਰੋਟੀ ਹਰ ਇੱਕ ਮੁੰਡਾ ਪਰਨੇ ਨਾਲ ਬੰਨ੍ਹ ਲੈਂਦਾ ਸੀ ਤੇ ਨਾਲ ਅਚਾਰ, ਜਾਂ ਗੰਢਾ ਜਾਂ ਗੁੜ ਬੰਨ੍ਹ ਲੈਂਦਾ ਸੀ। ਰਾਹ ਖੇਡਦੇ ਹਸਦੇ ਅਸੀਂ ਜਦ ਮਦਰਸੇ ਦੇ ਨੇੜੇ ਜਾਂਦੇ ਸਾਂ ਤਾਂ ਇਉਂ ਭਾਸਦਾ* ਸੀ ਕਿ ਜਿਸ ਤਰ੍ਹਾਂ ਤਾਪ ਚੜ੍ਹ ਜਾਂਦਾ ਹੈ। ਮਦਰਸੇ ਦੀ ਸ਼ਕਲ ਹੀ ਡਰਾਂਦੀ ਸੀ ਤੇ ਮੁਨਸ਼ੀ ਘਨੱਯਾ ਲਾਲ ਨੂੰ ਵੇਖ ਕੇ ਤਾਂ ਪ੍ਰਾਣ ਨਿਕਲਦੇ ਜਾਪਦੇ ਸਨ। ਮਦਰਸੇ ਅਪੜ ਕੇ ਰੋਟੀਆਂ ਮੁਨਸ਼ੀ ਘਨੱਯਾ ਲਾਲ ਦੀ ਕੋਠੜੀ ਵਿਚ ਰਖ ਕੇ ਹਰ ਕੋਈ ਆਪਣੀ ਆਪਣੀ ਜਮਾਤ ਵਿਚ ਬਹਿ ਜਾਂਦਾ ਸੀ। ਸਾਰਾ ਹਾਲ ਕੀ ਵਰਨਣ ਕਰਨਾ ਹੈ?

ਥੋੜੀਆਂ ਗੱਲਾਂ ਹੀ ਦਸਣੀਆਂ ਕਾਫ਼ੀ ਹਨ। ਅਸੀਂ ਸਵੇਰ ਤੋਂ ਸ਼ਾਮ ਤਕ ਮਦਰਸੇ ਵਿਚ ਕੈਦ ਰਹਿੰਦੇ ਸਾਂ। ਮਦਰਸੇ ਤੋਂ ਅਜੇਹੇ ਵੇਲੇ ਛੁੱਟੀ ਮਿਲਦੀ ਸੀ ਕਿ ਅਸੀਂ ਮਸਾਂ ਹਨੇਰੇ ਤੋਂ ਪਹਿਲਾਂ ਘਰ ਅਪੜਿਆ ਕਰਦੇ ਸਾਂ। ਹਾਂ, ਰੋਟੀ ਵੇਲੇ ਰੋਟੀ ਖਾਣ ਦੀ ਛੁੱਟੀ ਜ਼ਰੂਰ ਮਿਲਦੀ ਸੀ। ਸਿਆਲ ਵਿਚ ਤਾਂ ਉੱਥੇ ਮਦਰਸੇ ਦੇ ਹਾਤੇ ਵਿਚ ਹੀ ਧੁੱਪੇ ਜਾਂ ਦਰਖ਼ਤ ਦੀ ਛਾਵੇਂ ਬਹਿ ਕੇ ਅਸੀਂ ਰੋਟੀ ਖਾ ਲੈਂਦੇ ਸਾਂ, ਪਰ ਗਰਮੀਆਂ ਵਿਚ ਨਾਲ ਦੀ ਬੰਨ੍ਹ (ਤਲਾਬ) ਉੱਤੇ ਚਲੇ ਜਾਂਦੇ ਸਾਂ। ਇਸ ਬੰਨ੍ਹ ਉਤੇ ਬੋਹੜ ਦੇ ਦਰਖ਼ਤ ਸਨ। ਉਹਨਾਂ ਦੀ ਛਾਵੇਂ ਬਹਿ ਕੇ ਰੋਟੀ ਖਾਂਦੇ ਸਾਂ ਤੇ ਪਾਣੀ ਬੰਨ੍ਹ ਵਿਚੋਂ ਹੀ ਪੀ ਲੈਂਦੇ ਸਾਂ। ਜਦ ਗਰਮੀ ਵਧੇਰੇ ਹੋ ਜਾਵੇ ਤੇ ਬੰਨ੍ਹ ਵਿਚ ਪਾਣੀ ਥੋੜ੍ਹਾ ਰਹਿ ਜਾਵੇ ਤੇ ਉਸ ਪਾਣੀ ਵਿਚ ਪੂੰਗਰੇ (ਕੀੜੇ) ਪੈ ਜਾਣ ਤਾਂ ਅਸੀਂ ਕੁੜਤੇ ਨੂੰ ਸਾਹਮਣੇ ਪਾਸੇ ਤੋਂ ਚੁਕ ਕੇ ਮੂੰਹ ਉਤੇ ਸੁਟ ਲੈਂਦੇ ਸਾਂ ਤੇ ਪਾਣੀ ਦਾ ਬੁੱਕ ਭਰ ਕੇ ਕੁੜਤੇ ਵਿਚੋਂ ਦੀ ਪੁਣਿਆ ਹੋਇਆ ਪਾਣੀ ਪੀ ਲੈਂਦੇ ਸਾਂ, ਪਰ ਨੇੜੇ ਹੀ ਧਰਮਸਾਲਾ ਵੀ ਸੀ ਤੇ ਉਥੇ ਖੂਹ ਲਗਾ ਹੋਇਆ ਸੀ। ਇਸ ਖੂਹ ਦਾ ਪਾਣੀ ਕੋਈ ਚਾਲ੍ਹੀ ਗਜ਼ ਦੂਰ ਹੋਣਾ ਹੈ। ਖੂਹ ਵਿਚੋਂ ਪਾਣੀ ਕਢਣਾ ਸਾਡੇ ਲਈ ਔਖਾ ਸੀ, ਪਰ ਕਦੀ ਕਦੀ ਭਾਈ ਪਾਣੀ ਭਰ ਰਖਦਾ ਸੀ ਜਾਂ ਕੋਈ ਪਿੰਡ ਦਾ ਬੰਦਾ ਪਾਣੀ ਕਢ ਕੇ ਸਾਨੂੰ ਪਿਲਾ ਦਿੱਤਾ ਕਰਦਾ ਸੀ। ਜਦ ਸ਼ਾਮ ਨੂੰ ਛੁਟੀ ਮਿਲਦੀ ਸੀ ਤੇ ਅਸੀਂ ਘਰ ਵਲ ਤੁਰਦੇ ਸਾਂ ਤਾਂ ਹਰਨਾਲ ਦੇ ਸਾਰੇ ਪਿੰਡ ਵਿਚੋਂ ਲੰਘ ਕੇ ਹਰਿਆਲ ਵਾਲੇ ਪਾਸੇ ਪਿਆਰੇ ਨੰਬਰਦਾਰ ਦਾ ਘਰ ਸੀ। ਪਿਆਰੇ ਨੰਬਰਦਾਰ ਦੀ ਇਸਤ੍ਰੀ ਠੰਢੇ ਪਾਣੀ ਦੇ ਦੋ ਘੜੇ ਭਰ ਰਖਦੀ ਸੀ ਤੇ ਕੋਲ ਛੰਨਾ ਰਖਿਆ ਹੁੰਦਾ ਸੀ। ਅਸੀਂ ਮੁੜਦੀ ਵੇਰ ਸਾਰੇ ਮੁੰਡੇ ਹੀ ਪਿਆਰੇ ਦੇ ਘਰੋਂ ਆਪ ਪਾਣੀ ਦੇ ਛੰਨੇ ਭਰ ਭਰ ਕੇ ਪੀ ਕੇ ਤੁਰਿਆ ਕਰਦੇ ਸਾਂ। ਅਸੀਂ ਮਦਰਸੇ ਵਿਚ ਤਿਹਾਏ ਬਹੁਤ ਰਹਿੰਦੇ ਸਾਂ ਤੇ ਤੇਹ ਲਗੀ ਹੋਈ, ਜਦ ਪਿਆਰੇ ਦੇ ਘਰ ਸਾਨੂੰ ਸਾਫ਼ ਤੇ ਠੰਢਾ

ਤਾਜ਼ਾ (ਪੋਠੋਹਾਰ ਦੇ ਖੂਹਾਂ ਦਾ ਤਾਜ਼ਾ ਪਾਣੀ ਬਹੁਤ ਠੰਢਾ ਹੁੰਦਾ ਹੈ) ਪਾਣੀ ਮਿਲਦਾ ਸੀ ਤਾਂ ਉਸ ਤੋਂ ਵਧ ਨਿਆਮਤ ਕੀ ਹੋ ਸਕਦੀ ਹੈ? ਪਿਆਰੇ ਦੇ ਪਿਆਰ ਦੀ ਕਦਰ ਉਸ ਵੇਲੇ ਤਾਂ ਅਸੀਂ ਨਹੀਂ ਸਮਝੇ ਪਰ ਹੁਣ ਭੁਲਦੀ ਨਹੀਂ। ਮਦਰਸੇ ਵਿਚ ਪਾਣੀ ਪੀਣ ਦੀ ਤਕਲੀਫ਼ ਇਸ ਕਰਕੇ ਵੀ ਸੀ ਕਿ ਸਾਨੂੰ ਮੁਨਸ਼ੀ ਘੱਨਯਾ ਲਾਲ ਤੋਂ ਪਾਣੀ ਪੀਣ ਦੀ ਛੁੱਟੀ ਮੰਗਣ ਦਾ ਵੀ ਹੌਸਲਾ ਨਹੀਂ ਸੀ ਪੈਂਦਾ। ਕਈ ਤਾਂ ਡਰਦੇ ਡਰਦੇ ਛੁੱਟੀ ਮੰਗ ਲਿਆ ਕਰਦੇ ਸਨ, ਜਿਨ੍ਹਾਂ ਵਿਚੋਂ ਜ਼ਰੂਰੀ ਨਹੀਂ ਕਿ ਸਭ ਨੂੰ ਛੁੱਟੀ ਮਿਲ ਹੀ ਜਾਵੇ ਪਰ ਮੈਂ ਤਾਂ ਬਹੁਤ ਘਟ ਛੁੱਟੀ ਮੰਗਦਾ ਸਾਂ, ਕਿਉਂਕਿ ਮੈਨੂੰ ਜੇ ਇਨਕਾਰ ਹੋਵੇ ਤਾਂ ਬਹੁਤ ਹੱਤਕ ਮਹਿਸੂਸ ਕਰਦਾ ਸਾਂ। ਮੈਨੂੰ ਚੇਤਾ ਹੈ ਕਿ ਇੱਕ ਦਿਨ ਮੀਂਹ ਵਸਿਆ ਤੇ ਮੈਂ ਤਾਕੀ ਵਿਚੋਂ ਸਿਰ ਕਢ ਕੇ ਬਾਹਰ ਉਤਾਹਾਂ ਵਲ ਮੂੰਹ ਟੱਡ ਕੇ ਮੀਂਹ ਦੀਆਂ ਬੂੰਦਾਂ ਪੀਤੀਆਂ ਸਨ, ਭਾਵੇਂ ਬੂੰਦਾਂ ਥੋੜ੍ਹੀਆਂ ਹੀ ਪਈਆਂ ਸਨ ਤੇ ਮੇਰਾ ਬਣਿਆ ਕੁਝ ਵੀ ਨਹੀਂ ਸੀ। ਇੱਕ ਸਵਾਦਲੀ ਵਾਰਤਾ ਦੱਸਣ ਵਾਲੀ ਇਹ ਵੀ ਹੈ ਕਿ ਮਦਰੱਸੇ ਦਾ ਕਾਇਦਾ ਇਹ ਸੀ ਕਿ ਛੁੱਟੀ ਮੰਗਣ ਵਾਲਾ ਮੁੰਡਾ ਮੂੰਹੋਂ ਕੁਝ ਨਹੀਂ ਸੀ ਬੋਲਦਾ ਤੇ ਇਸ਼ਾਰੇ ਨਾਲ ਛੁੱਟੀ ਮੰਗਦਾ ਸੀ। ਇਸ਼ਾਰੇ ਇਹ ਸਨ :-ਛੁੱਟੀ ਮੰਗਣ ਵਾਲਾ ਮੁੰਡਾ ਮੁਨਸ਼ੀ ਦੇ ਸਾਹਮਣੇ ਜਾ ਖਲੋਂਦਾ ਸੀ ਤੇ ਪਾਣੀ ਦੀ ਛੁੱਟੀ ਲਈ ਹੱਥ ਦੀ ਇੱਕ ਉਂਗਲ ਖੜੀ ਕਰਦਾ ਸੀ। ਘਰ ਜਾਣ ਦੀ ਛੁੱਟੀ ਲਈ ਦੋ ਉਂਗਲਾਂ, ਪਿਸ਼ਾਬ ਕਰਨ ਲਈ ਤਿੰਨ ਉਂਗਲਾਂ ਤੇ ਪਖ਼ਾਨੇ ਲਈ ਚਾਰੇ ਉਂਗਲਾਂ ਖੜੀਆਂ ਕਰਦਾ ਸੀ। ਇਨ੍ਹਾਂ ਇਸ਼ਾਰਿਆਂ ਵਿਚੋਂ ਸ਼ਾਇਦ ਮੈਂ ਕੋਈ ਗ਼ਲਤੀ ਖਾ ਗਿਆ ਹੋਵਾਂ ਕਿਉਂਕਿ ਹੁਣ ਸਮਾਂ ਬਹੁਤ ਲੰਘਣ ਕਰਕੇ ਭੁੱਲ ਹੋ ਸਕਦੀ ਹੈ। ਕਦੀ ਤਾਂ ਮੁਨਸ਼ੀ ਸਾਹਿਬ ਪਰ੍ਹੇ ਮੂੰਹ ਕਰ ਲੈਂਦੇ ਸਨ ਤੇ ਕੋਈ ਜਵਾਬ ਹੀ ਨਹੀਂ ਦੇਂਦੇ ਸਨ ਅਤੇ ਕਦੀ ਹਾਂ, ਨਾ ਜਵਾਬ ਮਿਲਦਾ ਸੀ। ਇੱਕ ਵੇਰਾਂ ਇੱਕ ਛੋਟਾ ਜਿਹਾ ਮੁੰਡਾ ਚਾਰ ਉਂਗਲਾਂ ਖੜੀਆਂ ਕਰ ਕੇ ਮੁਨਸ਼ੀ ਜੀ ਦੇ

ਸਾਹਮਣੇ ਜਾ ਖੜਾ ਹੋਇਆ। ਮੁਨਸ਼ੀ ਜੀ ਨੇ ਮੂੰਹ ਪਰ੍ਹੇ ਕਰ ਲਿਆ। ਮੁੰਡਾ ਜ਼ਰਾ ਪਰ੍ਹੇ ਹੋ ਕੇ ਫੇਰ ਸਾਹਮਣੇ ਹੋਇਆ ਪਰ ਮੁਨਸ਼ੀ ਜੀ ਨੇ ਕੋਈ ਧਿਆਨ ਨ ਦਿੱਤਾ। ਇਸ ਤਰ੍ਹਾਂ ਕਿੰਨਾ ਚਿਰ ਹੀ ਵਿਚਾਰਾ ਮੁੰਡਾ ਉਂਗਲਾਂ ਖੜੀਆਂ ਕਰ ਕੇ ਖੜੋਤਾ ਰਿਹਾ ਤੇ ਪਖ਼ਾਨਾ ਉਸ ਦੇ ਪਜਾਮੇ ਦੇ ਪੌਂਚਿਆਂ ਵਿਚੋਂ ਵਗ ਨਿਕਲਿਆ। ਇਸ ਤਰ੍ਹਾਂ ਦੇ ਤਮਾਸ਼ੇ ਹਰ ਸਾਲ ਕੋਈ ਨਾ ਕੋਈ ਹੁੰਦੇ ਰਹਿੰਦੇ ਸਨ। ਪਿਸ਼ਾਬ ਤਾਂ ਕਈ ਮੁੰਡਿਆਂ ਦਾ ਪਜਾਮੇ ਵਿਚ ਨਿਕਲ ਜਾਇਆ ਕਰਦਾ ਸੀ ਤੇ ਉਹ ਛੁੱਟੀ ਮੰਗਣ ਦਾ ਹੌਸਲਾ ਨਹੀਂ ਕਰਦੇ ਸਨ।

ਅਸੀਂ ਕੈਦ ਤਾਂ ਸਾਰਾ ਦਿਨ ਹੀ ਰਹਿੰਦੇ ਸਾਂ ਪਰ ਪੜ੍ਹਦੇ ਮਸਾਂ ਘੰਟਾ ਦੋ ਘੰਟੇ ਹੀ ਰੋਜ਼ ਸਾਂ। ਪੰਜਵੀਂ ਜਮਾਤ ਦਾ ਇਮਤਿਹਾਨ ਦੇਣ ਸਮੇਂ ਤਾਂ ਰਾਤ ਨੂੰ ਵੀ ਮੁਨਸ਼ੀ ਜੀ ਸਾਨੂੰ ਮਦਰਸੇ ਹੀ ਸੁਆਂਦੇ ਸਨ ਤੇ ਅਸੀਂ ਵੀ ਦੀਵੇ ਦੇ ਸਾਹਮਣੇ ਕਿਤਾਬ ਰਖ ਕੇ ਬਹਿ ਰਹਿੰਦੇ ਸਾਂ। ਮੈਨੂੰ ਚੇਤਾ ਹੈ ਕਿ ਸਾਡੇ ਵਿਚੋਂ ਕਦੀ ਕੋਈ ਇੱਕ ਅੱਖਰ ਵੀ ਨਹੀਂ ਪੜ੍ਹਿਆ ਸੀ ਤੇ ਨਾ ਮੁਨਸ਼ੀ ਜੀ ਨੇ ਕਦੀ ਪੜ੍ਹਾਇਆ ਸੀ। ਦੀਵੇ ਦੇ ਸਾਹਮਣੇ ਬਹਿ ਕੇ ਅਸੀਂ ਜੇਬਾਂ ਵਿਚੋਂ ਭੁਜੇ ਹੋਏ ਦਾਣੇ ਕੱਢ ਕੱਢ ਕੇ ਖਾਂਦੇ ਸਾਂ ਜਾਂ ਇੱਕ ਦੂਜੇ ਨੂੰ ਚੂੰਢੀਆਂ ਵੱਢਦੇ ਸਾਂ। ਇਹ ਸਾਰਾ ਅਡੰਬਰ* ਤਾਂ ਮੁਨਸ਼ੀ ਜੀ ਲੋਕਾਂ ਵਿਚ ਆਪਣੀ ਨਾਮਵਰੀ ਲਈ ਹੀ ਰਚਦੇ ਸਨ।

ਕੁਦਰਤੀ ਤੌਰ ਤੇ ਅਜੇਹੀ ਹਾਲਤ ਵਿਚ ਮਦਰਸਾ ਸਾਡੇ ਲਈ ਬੜੀ ਡਰਾਉਣੀ ਥਾਂ ਸੀ। ਅਸੀਂ ਮਦਰਸੇ ਤੋਂ ਗ਼ੈਰ-ਹਾਜ਼ਰ ਰਹਿਣ ਦਾ ਕੋਈ ਨ ਕੋਈ ਬਹਾਨਾ ਟੋਲਦੇ ਰਹਿੰਦੇ ਸਾਂ। ਮੈਂ ਜਮਾਤ ਵਿਚ ਅੱਵਲ ਰਿਹਾ ਕਰਦਾ ਸਾਂ। ਫਿਰ ਵੀ ਮੇਰਾ ਜੀਅ ਮਦਰਸੇ ਜਾਣ ਨੂੰ ਨਹੀਂ ਸੀ ਕਰਦਾ। ਆਮ ਤੌਰ ਤੇ ਮੈਨੂੰ ਸੱਚਾ ਸਮਝਿਆ ਜਾਂਦਾ ਸੀ ਤੇ ਮੁਨਸ਼ੀ ਜੀ ਵੀ ਮੇਰੀ ਜ਼ਬਾਨ ਉਤੇ ਇਤਬਾਰ ਕੀਤਾ ਕਰਦੇ ਸਨ। ਪਰ ਮਦਰਸੇ ਤੋਂ ਗ਼ੈਰ-ਹਾਜ਼ਰ ਰਹਿਣ ਦਾ ਬਹਾਨਾ ਢੂੰਡਣ ਵਿਚ ਮੈਂ ਦੂਜਿਆਂ

ਮੁੰਡਿਆਂ ਵਰਗਾ ਹੀ ਸਾਂ। ਇੱਕ ਦਿਨ ਅਸੀਂ ਘਰੋਂ ਤੁਰੇ। ਰਾਹ ਵਿਚ ਥੋੜ੍ਹੀ ਜੇਹੀ ਬਾਰਸ਼ ਹੋਈ। ਇਹ ਬਾਰਸ਼ ਸਾਰਾ ਰਾਹ ਲੰਘ ਕੇ ਹਰਨਾਲ ਵਿਚ ਜਾ ਵਸੀ ਸੀ। ਅਸੀਂ ਪ੍ਰਸੰਨ ਸਾਂ ਕਿ ਮਦਰਸਿਓਂ ਗ਼ੈਰ-ਹਾਜ਼ਰ ਹੋਣ ਦਾ ਬਹਾਨਾ ਨਿਕਲ ਪਿਆ ਹੈ। ਪਰ ਬਾਰਸ਼ ਦਾ ਥੋੜ੍ਹਾ ਛੱਟਾ ਪੈ ਕੇ ਹੀ ਬੰਦ ਹੋ ਗਿਆ। ਅਸੀਂ ਵਾਹਿਗੁਰੂ ਅਗੇ ਬਤੇਰੀਆਂ ਬੇਨਤੀਆਂ ਤੇ ਅਰਦਾਸਾਂ ਕੀਤੀਆਂ ਕਿ ਮੀਂਹ ਵਸਾ ਪਰ ਮੀਂਹ ਨਾ ਹੀ ਵਸਿਆ। ਬਾਕੀ ਮੁੰਡੇ ਮੇਰੀ ਅਰਦਾਸ ਵਿਚ ਖ਼ਾਸ ਤੌਰ ਤੇ ਸ਼ਕਤੀ ਸਮਝਦੇ ਸਨ, ਉਨ੍ਹਾਂ ਦੇ ਕਹਿਣ ਉਤੇ ਥੋੜ੍ਹੀ ਥੋੜ੍ਹੀ ਕਣੀ ਪੈਂਦਿਆਂ ਮੈਂ ਬਾਹਰ ਖੜੇ ਕੇ ਵੀ ਪ੍ਰਾਰਥਨਾ ਕੀਤੀ, ਪਰ ਉਲਟਾ ਉਕਾ ਹੀ ਬਾਰਸ਼ ਬੰਦ ਹੋ ਗਈ। ਅਸੀਂ ਜੱਕੋ ਤੱਕੋ ਵਿਚ ਕਾਫ਼ੀ ਚਿਰ ਲਾ ਦਿੱਤਾ ਤੇ ਸਮਝਿਆ ਕਿ ਮਦਰਸੇ ਤੋਂ ਤਾਂ ਹੁਣ ਮਾਰ ਪੈਣੀ ਹੀ ਹੈ। ਇਸ ਕਰਕੇ ਸਭ ਸਲਾਹ ਕਰ ਕੇ ਪਿੰਡ ਮੁੜ ਆਏ ਤੇ ਅਗਲੇ ਦਿਨ ਜੋ ਭੁਗਤਣੀ ਪਈ ਉਹ ਭੁਗਤ ਲਈ।

ਮੈਨੂੰ ਇੱਕ ਗੱਲ ਇਹ ਵੀ ਚੇਤੇ ਹੈ ਕਿ ਜਦ ਧਰਮਸਾਲਾ ਵਿਚ ਕੜਾਹ ਪ੍ਰਸ਼ਾਦ ਵੰਡਦੇ ਸਨ ਤਾਂ ਛੋਟੇ ਛੋਟੇ ਮੁੰਡੇ ਕਈ ਵੇਰਾਂ ਕੜਾਹ ਪ੍ਰਸ਼ਾਦ ਲੈਣ ਦਾ ਯਤਨ ਕਰਦੇ ਸਨ। ਇੱਕ ਵੇਰੀ ਕੜਾਹ ਪ੍ਰਸ਼ਾਦ ਲੈ ਕੇ ਖਾ ਲੈਂਦੇ ਸਨ ਤੇ ਬਾਹਰ ਜਾ ਕੇ ਹੱਥਾਂ ਨੂੰ ਮਿੱਟੀ ਮਲ ਕੇ ਥਿੰਧਾ ਲਾਹ ਦੇਂਦੇ ਸਨ। ਇਸ ਤਰ੍ਹਾਂ ਭਾਈ ਜੀ ਪਛਾਣ ਨਹੀਂ ਸਕਦੇ ਸਨ ਕਿ ਕਿਹੜਾ ਮੁੰਡਾ ਦੂਜੀ ਵੇਰਾਂ ਕੜਾਹ ਪ੍ਰਸ਼ਾਦ ਲੈਣ ਆਇਆ ਹੈ, ਪਰ ਮੈਂ ਇਸ ਤਰ੍ਹਾਂ ਨਹੀਂ ਕੀਤਾ ਕਰਦਾ ਸਾਂ ਕਿਉਂਕਿ ਮੈਂ ਪਾਪ ਤੋਂ ਬਚਣ ਦਾ ਜਤਨ ਉਸ ਉਮਰ ਵਿਚ ਵੀ ਕਰਦਾ ਸਾਂ। ਇੱਕ ਦਿਨ ਕੜਾਹ ਪ੍ਰਸ਼ਾਦ ਵਰਤਾਂਦੇ ਹੋਏ ਭਾਈ ਜੀ ਮੈਨੂੰ ਗ਼ਲਤੀ ਨਾਲ ਛੱਡ ਗਏ। ਮੈਂ ਇਸ ਵਿਚ ਆਪਣੀ ਬੜੀ ਹੱਤਕ ਸਮਝੀ ਤੇ ਉਥੇ ਹੀ ਰੋਣ ਲਗ ਪਿਆ। ਭਾਈ ਜੀ ਮੈਨੂੰ ਬਹੁਤਾ ਕੜਾਹ ਪ੍ਰਸ਼ਾਦ ਵੀ ਦੇਣ, ਪਰ ਮੈਂ ਤਾਂ ਉਹਨਾਂ ਕੋਲੋਂ

ਲਵਾਂ ਹੀ ਨਾ। ਆਖ਼ਰ ਪਿੰਡ ਦੇ ਇੱਕ ਵੱਡੇ ਨੇ ਮੈਨੂੰ ਆਪ ਕੜਾਹ ਪ੍ਰਸ਼ਾਦ ਫੜ ਕੇ ਦਿੱਤਾ ਤਾਂ ਮੈਂ ਲਿਆ। ਭਾਈ ਜੀ ਤੋਂ ਨਾ ਹੀ ਲਿਆ।

ਮੇਰੇ ਜੀਵਨ ਵਿਚ ਤਬਦੀਲੀ ਕਰਨ ਵਾਲਾ ਵੱਡਾ ਵਾਕਿਆ ਬਚਪਨ ਸਮੇਂ ਦਾ ਇਹ ਹੈ ਕਿ ਸਾਡੀ ਧਰਮਸਾਲ ਵਿਚ ਭਾਈ ਅਰਜਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਦੀ ਕਥਾ ਰਖੀ। ਇਹ ਕਥਾ ਰਾਤ ਨੂੰ ਹੁੰਦੀ ਸੀ। ਭਾਈ ਜੀ 'ਪੰਥ ਪ੍ਰਕਾਸ਼' ਪੜ੍ਹਦੇ ਸਨ ਤੇ ਬਖ਼ਸ਼ੀ ਮੇਘ ਰਾਜ ਸਿੰਘ ਜੀ (ਜੋ ਬ੍ਰਾਦਰੀ ਵਿਚੋਂ ਮੇਰੇ ਤਾਏ ਲਗਦੇ ਸਨ ਤੇ ਇੱਕੋ ਹੀ ਸਿਖ ਸਨ) ਅਰਥ ਕੀਤਾ ਕਰਦੇ ਸਨ। ਇਹ ਕਥਾ ਮੈਂ ਬੜੇ ਸ਼ੌਕ ਨਾਲ ਸਾਰੀ ਹੀ ਸੁਣੀ। ਧਰਮਸਾਲਾ ਤੋਂ ਕਥਾ ਸੁਣ ਕੇ, ਜਾ ਕੇ ਮਾਂ ਨੂੰ ਜ਼ਬਾਨੀ ਸੁਣਾਇਆ ਕਰਦਾ ਸਾਂ। ਮੈਂ ਕਥਾ ਵਿਚ ਇਤਨਾ ਬਾਕਾਇਦਾ ਸਾਂ ਕਿ ਇੱਕ ਦਿਨ ਮੈਂ ਮੁੰਡਿਆਂ ਵਿਚ ਰਲ ਕੇ ਖੇਡਣ ਚਲਾ ਗਿਆ ਤੇ ਕਥਾ ਵਿਚ ਨਾ ਪਜਾ। ਮੇਰੀ ਖ਼ਾਤਰ ਉਸ ਦਿਨ ਕਥਾ ਹੀ ਬੰਦ ਕਰ ਦਿੱਤੀ ਗਈ। ਇਸ ਤਰ੍ਹਾਂ ਸਿੱਖਾਂ ਦੀਆਂ ਸ਼ਹੀਦੀਆਂ ਤੇ ਬਹਾਦਰੀਆਂ ਨੇ ਮੇਰੇ ਉਤੇ ਇਤਨਾ ਅਸਰ ਕੀਤਾ ਕਿ ਮੈਂ ਸਿਖ ਬਣਨ ਦਾ ਪੱਕਾ ਇਰਾਦਾ ਕਰ ਲਿਆ। ਪਰ ਮੈਨੂੰ ਘਰ ਦਿਆਂ ਨੇ ਰੋਕ ਦਿੱਤਾ। ਅਜੇ ਮੇਰੀ ਉਮਰ ਛੋਟੀ ਹੀ ਸੀ ਤੇ ਪ੍ਰਾਇਮਰੀ ਵਿਚ ਪੜ੍ਹਦਾ ਸਾਂ।

ਪ੍ਰਾਇਮਰੀ ਪਾਸ ਕਰ ਕੇ ਮੈਂ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਜਾ ਦਾਖ਼ਲ ਹੋਇਆ। ਉਥੇ ਇੱਕ ਮਕਾਨ ਕਰਾਏ ਤੇ ਲੈ ਕੇ ਮੇਰੇ ਵੱਡੇ ਭਰਾ ਤੇ ਚਾਚੇ ਦਾ ਪੁਤ ਅਤੇ ਕੁਝ ਉਨ੍ਹਾਂ ਦੇ ਦੋਸਤ ਰਹਿੰਦੇ ਸਨ ਤੇ ਮੈਨੂੰ ਵੀ ਉਥੇ ਹੀ ਰਖਿਆ ਗਿਆ। ਮੇਰੇ ਭਰਾਵਾਂ ਦੇ ਦੋਸਤ ਸਾਰੇ ਸਿੱਖ ਸਨ। ਰਾਤ ਨੂੰ ਰੋਟੀ ਖਾਣ ਮਗਰੋਂ ਅਸੀਂ ਸਾਰੇ ਭਗਤ ਜਵਾਲੇ ਦੀ ਧਰਮਸਾਲਾ ਜਾਇਆ ਕਰਦੇ ਸਾਂ ਜਿਥੇ ਭਾਈ ਜੀ ਤੇ ਕੁਝ ਮੁੰਡੇ ਸ਼ਬਦ ਪੜ੍ਹਦੇ ਸਨ ਅਤੇ ਅਸੀਂ ਵੀ ਉਨ੍ਹਾਂ ਦੇ ਪਿਛੇ ਪੜ੍ਹਿਆ ਕਰਦੇ ਸਾਂ। ਉਨ੍ਹਾਂ ਦਿਨਾਂ ਵਿਚ ਹੀ ਨਵੀਂ ਨਵੀਂ ਸਿੰਘ ਸਭਾ ਵੀ ਚਲੀ ਸੀ ਤੇ ਐਤਵਾਰ

ਨੂੰ ਅਸੀਂ ਸਿੰਘ ਸਭਾ ਵੀ ਜਾਇਆ ਕਰਦੇ ਸਾਂ। ਇਸ ਤਰ੍ਹਾਂ ਨਾਲ ਮੇਰੇ ਮਨ ਵਿਚ ਸਿੱਖੀ ਭਾਵ ਵਧਦਾ ਹੀ ਜਾਂਦਾ ਸੀ। ਮੇਰੇ ਪਿਤਾ ਜੀ ਤੇ ਵੱਡੇ ਭਰਾ ਭਾਵੇਂ ਮੇਰੇ ਸਿੱਖ ਬਣਨ ਦੇ ਖ਼ਿਲਾਫ਼ ਸਨ, ਪਰ ਖ਼ਿਆਲ ਉਨ੍ਹਾਂ ਦੇ ਵੀ ਸਿੱਖਾਂ ਵਰਗੇ ਹੀ ਸਨ ਤੇ ਮੇਰੇ ਵਿਚ ਸਿੱਖੀ ਖ਼ਿਆਲ ਵੇਖ ਕੇ ਉਹ ਪ੍ਰਸੰਨ ਹੁੰਦੇ ਸਨ। ਮੈਨੂੰ ਚੇਤਾ ਹੈ ਕਿ ਇੱਕ ਵੇਰਾਂ ਮੇਰੀ ਮਾਂ ਨੇ ਕਿਸੇ ਗੱਲ ਦੇ ਸੰਬੰਧ ਵਿਚ ਕਿਹਾ ਸੀ ਕਿ "ਅਸੀਂ ਵੀ ਗੁਰੂ ਘਰ ਦੇ ਸੇਵਕ ਹਾਂ"। ਇਸ ਉਤੇ ਮੇਰੇ ਪਿਤਾ ਜੀ ਗ਼ੁਸੇ ਹੋਏ ਸਨ। ਉਨ੍ਹਾਂ ਅਗੋਂ ਕਿਹਾ ਸੀ ਕਿ "ਅਸੀਂ 'ਸੇਵਕ' ਨਹੀਂ ਹਾਂ, ਅਸੀਂ ਵੀ 'ਸਿੱਖ' ਹਾਂ।" ਜਦ ਮੈਂ 'ਪੰਥ ਪ੍ਰਕਾਸ਼' ਦੀ ਕਥਾ ਸੁਣੀ ਤਾਂ ਪਹਿਲੀ ਰੋਟੀ ਗੁਰਦਵਾਰੇ ਪੁਚਾ ਦਿੱਤਾ ਕਰਦਾ ਸਾਂ ਤੇ ਬਾਕੀ ਸਭ ਪਿਛੋਂ ਖਾਇਆ ਕਰਦੇ ਸਨ। ਮੇਰੀ ਮਾਂ ਮੇਰੇ ਇਸ ਧਾਰਮਕ ਭਾਵ ਵਿਚ ਮੈਨੂੰ ਉਤਸ਼ਾਹ* ਦਿੱਤਾ ਕਰਦੀ ਸੀ।

ਮੈਂ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਕੁਝ ਦੇਰ ਮਗਰੋਂ ਦਾਖ਼ਲ ਹੋਇਆ ਸਾਂ ਤੇ ਹੋਰ ਮੁੰਡੇ ਕੁਝ ਪੜ੍ਹ ਗਏ ਸਨ ਪਰ ਮੈਂ ਮਿਹਨਤ ਕਰ ਕੇ ਚੰਗਾ ਹੋ ਗਿਆ ਤੇ ਅਖ਼ੀਰ ਸਾਲ ਵਿਚ ਜਮਾਤ ਵਿਚ ਅੱਵਲ ਰਿਹਾ। ਪਰ ਜੂਨੀਅਰ ਸਪੈਸ਼ਲ ਦਾ ਇਮਤਿਹਾਨ ਦੇ ਕੇ ਫਿਰ ਮੈਂ ਪਿੰਡ ਮੁੜ ਆਇਆ ਤੇ ਕੋਈ ਦੋ ਮਹੀਨੇ ਪਿੰਡ ਹੀ ਬੈਠਾ ਰਿਹਾ। ਜਦ ਵਾਪਸ ਜਾ ਕੇ ਛੇਵੀਂ ਜਮਾਤ ਵਿਚ ਪੜ੍ਹਨ ਲਗਾ ਤਾਂ ਮੈਂ ਬਹੁਤ ਨਾਲਾਇਕ ਹੋ ਗਿਆ। ਪਿਛਲਾ ਪੜ੍ਹਿਆ ਨਹੀਂ ਸੀ ਤੇ ਅਗੋਂ ਪੜ੍ਹਨ ਉਤੇ ਜੀਅ ਨਾ ਕੀਤਾ। ਸਾਡਾ ਉਸਤਾਦ ਬਦਲ ਗਿਆ। ਨਵੇਂ ਉਸਤਾਦ ਨੇ ਲੜਕਿਆਂ ਦੀ ਲਿਆਕਤ ਦੇਖਣ ਲਈ ਹਿਸਾਬ ਦਾ ਇੱਕ ਸਵਾਲ ਲਿਖਾਇਆ। ਇਹ ਸਵਾਲ ਉਨ੍ਹਾਂ ਕਾਇਦਿਆਂ ਵਿਚੋਂ ਸੀ ਜੋ ਅਸੀਂ ਪੰਜਵੀਂ ਵਿਚ ਸਿਖੇ ਸਨ। ਮੈਂ ਪੰਜਵੀਂ ਵਿਚ ਹਿਸਾਬ ਵਿਚ ਬਹੁਤ ਚੰਗਾ ਸਾਂ। ਸਾਰੀ ਜਮਾਤ ਵਿਚੋਂ ਇਕੋ ਮੈਂ ਉਹ ਸਵਾਲ

ਠੀਕ ਕਢਿਆ। ਉਸਤਾਦ ਨੂੰ ਖ਼ਿਆਲ ਹੋ ਗਿਆ ਕਿ ਇਹ ਮੁੰਡਾ ਬਹੁਤ ਲਾਇਕ ਹੈ। ਇਸ ਖ਼ਿਆਲ ਨੇ ਮੇਰੇ ਉਤੇ ਬੜਾ ਅਸਰ ਕੀਤਾ। ਮੈਂ ਘਰ ਜਾ ਕੇ ਸਾਰੇ ਮਜ਼ਮੂਨਾਂ ਦੀਆਂ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦਿੱਤੀਆਂ ਤੇ ਇਤਨੀ ਮਿਹਨਤ ਕੀਤੀ ਕਿ ਕੋਈ ਅੱਠਾਂ ਦਿਨਾਂ ਵਿਚ ਮੈਂ ਸਚ ਮੁਚ ਜਮਾਤ ਵਿਚ ਅੱਵਲ ਹੋ ਗਿਆ। ਇਹ ਇੱਕ ਅਜੇਹਾ ਵਾਕਿਆ ਸੀ ਜਿਸ ਨੇ ਮੇਰੀ ਪੜ੍ਹਾਈ ਜਾਰੀ ਰਖਵਾਈ ਨਹੀਂ ਤਾਂ ਮੈਂ ਨਾਲਾਇਕ ਹੋ ਕੇ ਰਹਿ ਜਾਣਾ ਸੀ।

ਇੱਕ ਗੱਲ ਇਹ ਵੀ ਦੱਸਣ ਵਾਲੀ ਹੈ ਕਿ ਮਿਸ਼ਨ ਸਕੂਲ ਵਿਚ ਪ੍ਰਾਇਮਰੀ ਦੇ ਮੁੰਡਿਆਂ ਨੂੰ ਗਰਮੀ ਦੀਆਂ ਛੁਟੀਆਂ ਇੱਕ ਮਹੀਨਾ ਹੋਇਆ ਕਰਦੀਆਂ ਸਨ ਅਤੇ ਮਿਡਲ ਤੇ ਹਾਈ ਦੇ ਮੁੰਡਿਆਂ ਨੂੰ ਡੇਢ ਮਹੀਨਾ। ਇਸ ਕਰਕੇ ਸਾਡੇ ਡੇਰੇ ਵਿਚੋਂ ਕੇਵਲ ਇਕੋ ਮੈਂ ਸਾਂ ਜਿਸ ਨੂੰ ਦੂਜਿਆਂ ਨਾਲੋਂ ਪੰਦਰਾਂ ਦਿਨ ਪਹਿਲਾਂ ਮੁੜਨਾ ਪੈਣਾ ਸੀ। ਮੈਂ ਅਜੇ ਗਿਆਰਾਂ ਬਾਰ੍ਹਾਂ ਸਾਲ ਦੀ ਉਮਰ ਦਾ ਸਾਂ ਤੇ ਇਕੱਲਾ ਅਡਰੇ ਚੁਬਾਰੇ ਵਿਚ ਰਹਿਣੋਂ ਡਰਦਾ ਸਾਂ। ਸਾਡੇ ਨਾਲ ਦੇ ਚੁਬਾਰੇ ਵਿਚ ਇੱਕ ਪਠਾਣ ਤੇ ਉਸ ਦੀ ਪਠਾਣੀ ਰਹਿੰਦੇ ਸਨ। ਦੋਵੇਂ ਦਿਨ ਨੂੰ ਮਜ਼ਦੂਰੀ ਕਰਦੇ ਸਨ ਤੇ ਇਨ੍ਹਾਂ ਦੇ ਬਾਲ ਬੱਚਾ ਕੋਈ ਨਹੀਂ ਸੀ। ਮੈਂ ਜਿਹੜੇ ਪੰਦਰਾਂ ਦਿਨ ਪਹਿਲਾਂ ਮੁੜਿਆ, ਉਨ੍ਹਾਂ ਕੋਲ ਹੀ ਰਿਹਾ। ਰੋਟੀ ਤਾਂ ਮੈਂ ਮਹਿਰੇ ਦੇ ਤੰਦੂਰੋਂ ਖਾ ਆਉਂਦਾ ਸਾਂ ਪਰ ਰਹਿੰਦਾ ਉਨ੍ਹਾਂ ਕੋਲ ਸਾਂ। ਪਠਾਣੀ ਮੈਨੂੰ ਕਪੜੇ ਵੀ ਧੋ ਦਿੰਦੀ ਸੀ। ਇਸ ਗੱਲ ਦਾ ਕੋਈ ਖ਼ਾਸ ਅਹਿਸਾਸ ਵੀ ਨਹੀਂ ਸੀ। ਉਸ ਸਮੇਂ ਇਹ ਮਾਮੂਲੀ ਭਾਈਚਾਰਕ ਵਰਤਾਵਾ ਸਮਝਿਆ ਜਾਂਦਾ ਸੀ। ਸ਼ੋਕ* ! ਅਜ ਉਹ ਜ਼ਮਾਨਾ ਕਿਥੇ ਗਿਆ ?

ਇੱਕ ਗਲ ਮੈਂ ਭੁਲ ਗਿਆ ਹਾਂ। ਜਦ ਮੈਂ ਅਜੇ ਜੂਨੀਅਰ ਸਪੇਸ਼ਲ ਵਿਚ ਸਾਂ ਤਾਂ ਪੱਛਮੀ ਪੰਜਾਬ ਤੇ ਰਾਵਲਪਿੰਡੀ ਸ਼ਹਿਰ ਵਿਚ

"ਦੇਵੀਆਂ" ਦਾ ਹੜ੍ਹ ਆਇਆ ਸੀ । ਬਹੁਤ ਸਾਰੀਆਂ ਦੇਵੀਆਂ ਤਾਂ ਕੁੰਜਾਹ, ਜ਼ਿਲ੍ਹਾ ਗੁਜਰਾਤ, ਤੋਂ ਉੱਠੀਆਂ ਸਨ । ਜਵਾਨ ਲੜਕੀਆਂ ਨੂੰ ਉਨ੍ਹਾਂ ਦੇ ਮਾਪੇ ਜਾਂ ਹੋਰ ਸਾਥੀ ਲਈ ਫਿਰਦੇ ਸਨ ਤੇ ਉਨ੍ਹਾਂ ਨੂੰ ਦੇਵੀਆਂ ਕਹਿੰਦੇ ਸਨ । ਇਨ੍ਹਾਂ ਦੇਵੀਆਂ ਨੂੰ ਸਦਣ ਲਈ ਇਨ੍ਹਾਂ ਦੇ ਭਗਤ ਆਪਣੀਆਂ ਜੀਭਾਂ ਵੱਢ ਸੁਟਦੇ ਸਨ ਤੇ ਇਹ ਦੇਵੀਆਂ ਭਗਤਾਂ ਕੋਲ ਪੁਜ ਕੇ ਜੀਭਾਂ ਚੜ੍ਹਾਉਂਦੀਆਂ ਸਨ । ਬੜੀ ਧੂਮ ਧਾਮ ਹੁੰਦੀ ਸੀ ਤੇ ਸਾਰਾ ਸ਼ਹਿਰ ਆਈ ਦੇਵੀ ਦੇ ਦਰਸ਼ਨ ਨੂੰ ਤਰਸਦਾ ਫਿਰਦਾ ਸੀ । ਉਸ ਵੇਲੇ ਅਫ਼ਵਾਹ ਤਾਂ ਇਹ ਵੀ ਉਡੀ ਸੀ ਕਿ ਕਿਸੇ ਥਾਂ ਕਿਸੇ ਨੇ ਆਪਣਾ ਸਿਰ ਵਢ ਕੇ ਦੇਵੀ ਦੀ ਭੇਟ ਕੀਤਾ ਤੇ ਦੇਵੀ ਨੇ ਮੁੜ ਉਸ ਨੂੰ ਜਿਵਾ ਦਿੱਤਾ । ਜੀਭਾਂ ਕਟਣ ਦੀਆਂ ਬਹੁਤ ਅਫ਼ਵਾਹਾਂ ਉਡਦੀਆਂ ਸਨ । ਇਨ੍ਹਾਂ ਵਿਚ ਕਈ ਪਾਖੰਡ ਹੋਣਗੇ, ਪਰ ਇਕ ਜੀਭ ਮੈਂ ਆਪ ਕਟੀ ਹੋਈ ਦੇਖੀ ਸੀ । ਡਿੰਗੀ ਖੂਹੀ ਕੋਲ ਇਹ ਇੱਕ ਮੰਦਰ ਦੇ ਪੁਜਾਰੀ ਨੇ ਕਟੀ ਸੀ । ਇਹ ਮੰਦਰ ਉਸ ਮਹਿਰੇ ਦੀ ਦੁਕਾਨ ਦੇ ਨਾਲ ਪਿਛਲੇ ਪਾਸੇ ਸੀ ਜਿਸ ਦੀ ਦੁਕਾਨ ਉਤੇ ਮੈਂ ਤੇ ਹੋਰ ਸਾਡੇ ਡੇਰੇ ਦੇ ਰਹਿਣ ਵਾਲੇ ਰੋਟੀ ਖਾਂਦੇ ਸਾਂ । ਇਸ ਕਰਕੇ ਇਹ ਪੁਜਾਰੀ ਸਾਡਾ ਵਾਕਫ਼ ਵੀ ਸੀ । ਉਹ ਉਥੇ ਮਹਿਰੇ ਦੀ ਦੁਕਾਨ ਉਤੇ ਆ ਕੇ ਗੱਪਾਂ ਮਾਰਿਆ ਕਰਦਾ ਸੀ । ਉਸ ਨੇ ਆਪਣੀ ਜੀਭ ਠੀਕ ਕਟੀ ਹੋਈ ਸੀ ; ਜਦ ਅਸੀਂ ਉਸ ਨੂੰ ਵੇਖਣ ਗਏ ਤਾਂ ਉਹ ਮੰਦਰ ਵਿਚ ਬੈਠਾ ਸੀ । ਉਸ ਨੇ ਮੂੰਹ ਉਤੇ ਠਾਠਾ ਬਧਾ ਹੋਇਆ ਸੀ । ਠਾਠੇ ਵਿਚੋਂ ਲਹੂ ਸਿੰਮ ਕੇ ਠਾਠਾ ਲਾਲ ਹੋ ਗਿਆ ਸੀ । ਸਾਹਮਣੇ ਉਸ ਦੇ ਕਾਂਸ਼ੀ ਦੇ ਇੱਕ ਥਾਲ ਵਿਚ ਗੰਗਾ ਜਲ ਪਿਆ ਸੀ ਤੇ ਉਸ ਵਿਚ ਕਟੀ ਹੋਈ ਜੀਭ ਪਈ ਸੀ । ਜਦ ਅਸੀਂ ਗਏ ਤਾਂ ਉਸ ਨੇ ਇਸ਼ਾਰੇ ਨਾਲ ਸਾਨੂੰ ਕਟੀ ਹੋਈ ਜੀਭ ਦਸੀ । ਮੈਂ ਪਿਛੇ ਲਿਖ ਚੁਕਾ ਹਾਂ ਕਿ ਉਹਨਾਂ ਦਿਨਾਂ ਵਿਚ ਅਥਵਾ ਸੰਨ ੧੮੯੭ ਜਾਂ ੧੮੯੮ ਵਿਚ ਸਿੰਘ ਸਭਾ, ਆਰੀਆ ਸਮਾਜ, ਈਸਾਈ ਤੇ ਹੋਰ

ਨਵੀਆਂ ਲਹਿਰਾਂ ਦੀ ਖ਼ੂਬ ਗਹਿਮਾ ਗਹਿਮ ਸੀ ਤੇ ਖ਼ੂਬ ਬਹਿਸ ਹੋਇਆ ਕਰਦੀ ਸੀ। ਸਨਾਤਨ ਧਰਮੀ ਇਸ ਜੰਗ ਬਹਿਸ ਵਿਚ ਪਿਛੇ ਸਨ ਤੇ ਉਨ੍ਹਾਂ ਵਿਚ ਕਮਜ਼ੋਰੀ ਵਧਦੀ ਜਾਂਦੀ ਸੀ। ਹਿੰਦੂ ਆਰੀਆ ਸਮਾਜੀ ਬਣ ਰਹੇ ਸਨ ਤੇ ਸਿੱਖ ਸਿੰਘ ਸਭੀਏ ਬਣ ਰਹੇ ਸਨ। ਦੋਵੇਂ ਘਾਟੇ ਸਨਾਤਨੀਆਂ ਨੂੰ ਹੀ ਪੈ ਰਹੇ ਸਨ। 'ਦੇਵੀ' ਲਹਿਰ ਨੇ ਸਨਾਤ-ਨੀਆਂ ਨੂੰ ਖ਼ੂਬ ਮਦਦ ਪੁਚਾਈ। ਮੈਨੂੰ ਪਤਾ ਨਹੀਂ ਕਿ ਕਿਤਨੀਆਂ ਕੁਝ ਦੇਵੀਆਂ 'ਪਿੰਡੀ' ਆਈਆਂ ਸਨ, ਪਰ ਇੱਕ 'ਦੇਵੀ' ਨੂੰ ਤਾਂ ਸ਼ੇਰਾਂ ਵਾਲੀ ਸਰਾਂ ਦੀ ਛੱਤ ਉਤੇ ਲੈ ਆਏ ਸਨ। ਅਸੀਂ ਸ਼ੇਰਾਂ ਵਾਲੀ ਸਰਾਂ ਦੇ ਉਤਲੇ ਚੁਬਾਰਿਆਂ ਵਿਚੋਂ ਹੀ ਇਕ ਵਿਚ ਰਿਹਾ ਕਰਦੇ ਸਾਂ। ਦੇਵੀ ਸਾਡੇ ਚੁਬਾਰੇ ਦੀ ਛੱਤ ਉਤੇ ਬੈਠੀ ਸੀ। ਪਉੜੀਆਂ ਉਤੇ ਆਮ ਲੋਕਾਂ ਨੂੰ ਚੜ੍ਹਨ ਤੋਂ ਰੋਕ ਦਿੱਤਾ ਗਿਆ ਸੀ। ਪਰ ਮੈਂ ਤਾਂ ਉਸ ਡੇਰੇ ਦੇ ਮਾਲਕਾਂ ਵਿਚੋਂ ਸਾਂ। ਮੈਂ ਉਤੇ ਗਿਆ ਤੇ ਇੱਕ ਬੁਢੀ ਮਾਈ ਨੂੰ ਦੇਵੀ ਦੇ ਸਾਹਮਣੇ ਹੱਥ ਜੋੜਦੇ ਵੇਖਿਆ। ਦੇਵੀ ਨੇ ਮਾਈ ਦੇ ਸਿਰੋਂ ਕਪੜਾ ਲਾਹ ਕੇ ਹੇਠਾਂ ਬਜ਼ਾਰ ਵਿਚ ਖੜੀ ਭੀੜ ਵਿਚ ਸੁਟ ਦਿੱਤਾ। ਮੈਂ ਸਿੰਘ ਸਭਾ ਜਾਂਦਾ ਹੁੰਦਾ ਸਾਂ ਤੇ ਸਿੰਘ ਸਭੀਆਂ ਵਿਚ ਪੈਰ ਮਾਰਿਆ ਕਰਦਾ ਸਾਂ। ਭਾਵੇਂ ਮੈਂ ਅਜੇ ਮੋਨਾ ਹੀ ਸਾਂ ਤੇ ਮੇਰਾ ਨਾਂ ਨਾਨਕ ਚੰਦ ਸੀ, ਪਰ ਦੇਵੀ ਦੀ ਰੌਣਕ ਤੇ ਲੋਕਾਂ ਦੀ ਬੇਹੱਦ ਭੀੜ ਅਗੇ ਮੇਰਾ ਨਿਸਚਾ ਡੋਲ ਗਿਆ। ਦੂਜੇ ਦਿਨ ਮੈਂ ਸਕੂਲ ਗਿਆ, ਅਗੋ ਸਕੂਲ ਵਿਚ ਹਰ ਜਮਾਤ ਵਿਚ ਹਰ ਥਾਂ ਇਹੋ ਹੀ ਚਰਚਾ ਹੁੰਦੀ ਸੀ। ਸਕੂਲ ਈਸਾਈਆਂ ਦਾ ਸੀ। ਈਸਾਈ, ਆਰੀਆ ਸਮਾਜੀ ਤੇ ਸਿੰਘ ਸਭੀਏ ਉਸਤਾਦ ਤਾਂ ਦੇਵੀਆਂ ਨੂੰ ਪਾਖੰਡ ਕਹਿੰਦੇ ਸਨ ਅਤੇ ਟਿਚਕਰਾਂ ਕਰਦੇ ਸਨ, ਪਰ ਇੱਕ ਸਨਾਤਨੀ ਮਾਸਟਰ ਦੇਵੀ ਨੂੰ ਸੱਚਾ ਕਹਿੰਦਾ ਸੀ। ਦੂਜੇ ਮਾਸਟਰ ਵੱਡੇ ਸਨ ਤੇ ਬਾਹਲੇ ਸਨ, ਇਸ ਕਰਕੇ ਮੈਂ ਦੇਵੀ ਤੋਂ ਫਿਰ ਡੋਲ ਗਿਆ। ਨਾਲੇ ਮੇਰੇ ਨਾਲ ਰਹਿਣ ਵਾਲੇ ਵੱਡੇ ਮੁੰਡੇ ਸਾਰੇ

ਸਿੰਘ ਸਭੀਏ ਸਨ। ਜਦ ਮੈਂ ਸਕੂਲੋਂ ਮੁੜ ਕੇ ਆਇਆ ਤਾਂ ਰੌਲਾ ਪਿਆ ਹੋਇਆ ਸੀ ਕਿ ਦੇਵੀ ਉਸ ਸਾਡੇ ਯਾਰ ਪੁਜਾਰੀ ਦੀ ਜੀਭ ਚੜ੍ਹਾ ਆਈ ਹੈ ਅਥਵਾ ਸਾਬਤ ਕਰ ਆਈ ਹੈ। ਦੂਜਾ ਰੌਲਾ ਇਹ ਸੀ ਕਿ ਲਾਲਾ ਬਿਸ਼ੰਬਰ ਦਾਸ, ਜੋ ਇੱਕ ਅਮੀਰ ਆਦਮੀ ਸੀ ਤੇ ਜੋ ਮੌਤ ਕੰਢੇ ਬੀਮਾਰ ਪਿਆ ਸੀ, ਨੇ ਦੇਵੀ ਦੀ ਭੇਟਾ ਪੰਜ ਸੌ ਰੁਪਿਆ ਕੀਤਾ ਹੈ। (ਉਸ ਸਮੇਂ ਪੰਜ ਸੌ ਰੁਪਿਆ ਵੱਡੀ ਰਕਮ ਸੀ)। ਮੈਂ ਤਾਂ ਮੁੜ ਦੇਵੀ ਦਾ ਪੱਕਾ ਸ਼ਰਧਾਲੂ ਬਣ ਗਿਆ। ਦੇਵੀ ਫਿਰ ਸ਼ੇਰਾਂ ਵਾਲੀ ਸਰਾਂ ਆਈ ਹੋਈ ਸੀ ਤੇ ਉਥੇ ਇਤਨੀ ਭੀੜ ਸੀ ਕਿ ਮੈਨੂੰ ਆਪਣੇ ਡੇਰੇ ਕੋਈ ਜਾਣ ਹੀ ਨਾ ਦੇਵੇ। ਮੈਂ ਅਗਲੇ ਦਿਨ ਹੀ ਪਿੰਡੋਂ ਮੁੜਿਆ ਸਾਂ ਤੇ ਮੇਰੇ ਕੋਲ ਕੁਝ ਪੈਸੇ ਸਨ। ਮੇਰਾ ਖ਼ਰਚ ਤਾਂ ਮੇਰੇ ਵੱਡੇ ਭਰਾ ਕੋਲ ਹੁੰਦਾ ਸੀ ਪਰ ਜਦ ਘਰੋਂ ਤੁਰਦੇ ਸਾਂ ਤਾਂ ਮਾਂ ਭੈਣ ਤੇ ਹੋਰ ਚਾਚੀਆਂ ਤਾਈਆਂ ਕੁਝ ਪੈਸੇ ਖ਼ਰਚਣ ਨੂੰ ਦਿੱਤਾ ਕਰਦੀਆਂ ਸਨ। ਮੈਂ ਇਹ ਅਸੂਲ ਬਣਾਇਆ ਹੋਇਆ ਸੀ ਕਿ ਇਨ੍ਹਾਂ ਪੈਸਿਆਂ ਵਿਚੋਂ ਅੱਧੇ ਮੈਂ ਆਪ ਖ਼ਰਚ ਲੈਂਦਾ ਸਾਂ ਤੇ ਅੱਧੇ ਮੰਗਤਿਆਂ ਨੂੰ ਦੇ ਦਿਤਾ ਕਰਦਾ ਸਾਂ ਜਾਂ ਗੁਰਦੁਆਰੇ ਚੜ੍ਹਾ ਦਿੱਤਾ ਕਰਦਾ ਸਾ। ਪਰ ਦੇਵੀ ਦੀ ਸ਼ਰਧਾ ਐਡੀ ਉਪਜੀ ਕਿ ਮੇਰੇ ਕੋਲ ਜਿਤਨੇ ਪੈਸੇ ਸਨ ਉਹ ਸਾਰੇ ਮੈਂ ਦੂਰੋਂ ਹੀ ਦੇਵੀ ਦੇ ਨਮਿੱਤ ਕਰਕੇ ਭੀੜ ਵਿਚ ਸੁਟ ਦਿੱਤੇ। ਦੇਵੀ ਰਾਤ ਨੂੰ ਪਿਸ਼ੌਰ ਤੁਰ ਗਈ। ਹੋਰ ਦੇਵੀ ਆ ਗਈ। ਉਨ੍ਹਾਂ ਦਿਨਾਂ ਵਿਚ ਦੇਵੀਆਂ ਦੀ ਖ਼ੂਬ ਧੂਮ ਧਾਮ ਸੀ। ਮੈਨੂੰ ਪਤਾ ਹੈ ਕਿ ਸਾਡੇ ਪਿੰਡ ਇੱਕ ਬੁੱਢਾ ਜਿਹਾ ਸਿੱਖ ਵੀ ਦੇਵੀ ਬਣ ਕੇ ਆਇਆ ਸੀ ਤੇ ਉਸ ਨੇ ਭੀ ਪਿੰਡ ਦੇ ਦੋ ਚਲਾਕ ਜਵਾਨਾਂ ਨੂੰ ਨਾਲ ਰਲਾ ਕੇ, ਚੌਕਾ ਫੇਰ ਕੇ ਕੇਸ ਖੋਲ੍ਹ ਕੇ, ਖ਼ੂਬ ਸਿਰ ਮਾਰਿਆ ਸੀ। ਇਸ ਠੱਗੀ ਵਿਚ ਉਸ ਨੂੰ ਪਿੰਡ ਦੇ ਸਾਥੀਆਂ ਦੱਸਿਆ ਹੋਇਆ ਸੀ ਕਿ ਲੱਖੂ ਦੀ ਵਹੁਟੀ ਪਾਰਬਤੀ ਨੇ ਦੇਵੀ ਦਾ ਬਕਰਾ ਸੁਖਿਆ ਹੋਇਆ ਹੈ। ਇਸ ਬੁੱਢੇ ਨੂੰ ਨਾਂ ਭੁਲ ਗਿਆ ਤੇ ਉਹ ਸਿਰ ਮਾਰਦਾ ਕਹਿਣ

ਲਗਾ, "ਮੇਰਾ ਬੱਕਰਾ ਲੱਖੋ ਨੇ ਸੁਖਿਆ ਹੈ, ਕਿਉਂ ਨਹੀਂ ਦੇਂਦੀ"। ਉੱਥੇ ਅਗੋਂ ਲੱਖੋ ਕੋਈ ਸੀ ਹੀ ਨਹੀਂ। ਜਦ 'ਦੇਵੀ' ਮੁੜ ਮੁੜ 'ਲੱਖੋ' ਦਾ ਨਾਮ ਲਵੇ ਤੇ ਕਿਸੇ ਨੂੰ ਸਮਝ ਨਾ ਪਵੇ ਤਾਂ ਉਸ ਦੇ ਇਕ ਸਾਥੀ ਨਿਹਾਲ ਚੰਦ ਨੇ (ਜੋ ਬਰਾਦਰੀ ਵਿਚੋਂ ਮੇਰਾ ਚਾਚਾ ਲਗਦਾ ਹੈ ਤੇ ਅਜੇ ਜੀਉਂਦਾ ਜਾਗਦਾ ਤਿਆਰ ਬਰ ਤਿਆਰ ਹੁਣ ਨਿਹਾਲ ਸਿੰਘ ਹੈ) ਕਿਹਾ, "ਨਹੀਂ ਮਾਤਾ ਲੱਖੋ ਨਹੀਂ, ਲੱਖੂ ਦੀ ਵਹੁਟੀ ਪਾਰਬਤੀ ਹੈ। ਦੇਵੀ ਅੱਗੋਂ ਕਿਹਾ "ਹਾਂ ਹਾਂ ਲੱਖੂ ਦੀ ਵਹੁਟੀ ਪਾਰਬਤੀ"। ਇਹ ਪਾਜ ਖੁਲ੍ਹਣ ਦੇ ਬਾਵਜੂਦ ਉਸ ਨੂੰ ਕੁਝ ਪੈਸੇ ਹੋ ਗਏ ਸਨ। ਮੈਂ ਇਹ ਤਮਾਸ਼ਾ ਪਿੰਡ ਵੇਖ ਕੇ ਗਿਆ ਸਾਂ, ਪਰ ਰਾਵਲਪਿੰਡੀ ਜਾ ਕੇ ਦੇਵੀ ਦੀ ਸ਼ਾਨ ਤੇ ਘਮਸਾਨ ਵੇਖ ਕੇ ਮੈਂ ਫਿਰ ਵੀ ਫਸ ਗਿਆ ਤੇ ਕੋਈ ਅੱਠਾਂ ਦਸਾਂ ਆਨਿਆਂ ਦੇ ਪੈਸੇ ਮੁਫ਼ਤ ਗਵਾ ਬੈਠਾ।

ਇਹਨਾਂ ਦੇਵੀਆਂ ਦਾ ਅੰਤ ਇਸ ਤਰ੍ਹਾਂ ਹੋਇਆ ਕਿ ਪਿਸ਼ੌਰ ਵਿਚ ਇਕ ਦੇਵੀ ਤੇ ਉਸ ਦੇ ਸਾਥੀਆਂ ਨੂੰ ਪਕੜ ਕੇ ਡਿਪਟੀ ਕਮਿਸ਼ਨਰ ਨੇ ਹਵਾਲਾਤ ਦੇ ਦਿੱਤਾ। ਬਸ ਫਿਰ ਕੀ ਸੀ, ਜਿੱਥੇ ਜਿੱਥੇ ਕੋਈ ਦੇਵੀ ਸੀ, ਉੱਥੇ ਹੀ ਅਲੋਪ* ਹੋ ਗਈ।

ਲਾਲਾ ਬਿਸ਼ੰਬਰ ਦਾਸ ਜੀ, ਜਿਨ੍ਹਾਂ ਨੂੰ ਦੇਵੀ ਰਾਜ਼ੀ ਕਰ ਗਈ ਸੀ, ਤਾਂ ਅਗਲੇ ਦਿਨ ਹੀ ਵੈਤਰਨੀ ਨਦੀ ਲੰਘ ਜਾਏ। ਜਿਸ ਪੁਜਾਰੀ ਨੇ ਜੀਭ ਕਟੀ ਸੀ ਤੇ ਜਿਸ ਦੀ ਜੀਭ ਦੇਵੀ ਚੜ੍ਹਾ ਗਈ ਸੀ ਉਹ ਸਾਨੂੰ ਮਗਰੋਂ ਕੱਲਾ ਜਿਹਾ ਬਣਿਆ ਮਿਲਿਆ ਕਰਦਾ ਸੀ। ਉਹ ਠੀਕ ਜ਼ਬਾਨ ਨਹੀਂ ਬੋਲ ਸਕਦਾ ਸੀ ਤੇ ਦੇਵੀ ਨੂੰ ਗਾਲ੍ਹਾਂ ਕਢਿਆ ਕਰਦਾ ਸੀ। ਉਹ ਕਹਿੰਦਾ ਸੀ ਕਿ ਦੇਵੀ ਨੇ ਆ ਕੇ ਮੈਨੂੰ ਕਿਹਾ, "ਬੋਲ "ਜੈ", ਮੈਂ ਸੰਘ ਵਿਚੋਂ ਹੀ "ਹੈ" ਕੀਤੀ ਤੇ ਅੱਗੇ ਪਿੱਛੇ ਦੀ ਭੀੜ ਨੇ ਰੌਲਾ ਪਾ ਦਿੱਤਾ, "ਜੈ" "ਜੈ", ਜੀਭ ਚੜ੍ਹ ਗਈ। ਜੀਭ ਕਟੀ ਹੋਈ ਹੀ ਪਈ ਰਹੀ। ਮੈਂ "ਹੈ ਹੈ" ਹੀ ਕਰਦਾ ਰਿਹਾ ਤੇ ਦੇਵੀ ਜੀਭ ਚੜ੍ਹਾ

ਕੇ ਤੁਰਦੀ ਬਣੀ ਤੇ ਸਾਰੇ ਸ਼ਹਿਰ ਵਿਚ ਜੀਭ ਚੜ੍ਹਨ ਦੀ ਚਰਚਾ ਬਿਜਲੀ ਵਾਂਗੂ ਖਿਲਰ ਗਈ। ਇਹ ਸਭ ਹਾਲਾਤ ਵੇਖਣ ਨਾਲ ਮੇਰੀ ਸ਼ਰਧਾ ਵੀ ਡੋਲੀ ਤੇ ਮੁੜ ਉਸ ਦਿਨ ਤੋਂ ਕਿਸੇ ਇਹੋ ਜਿਹੇ ਪਖੰਡ ਵਿਚ ਫਸਿਆ ਨਹੀਂ ਹਾਂ। ਭਾਵੇਂ ਵਧੇਰੇ ਉਮਰ ਤੇ ਸਮਝ ਨੇ ਵੀ ਬਚਾਈ ਰਖਿਆ ਹੈ, ਪਰ ਉਸ ਤਜਰਬੇ ਦਾ ਅਸਰ ਵੀ ਤਾਂ ਜ਼ਰੂਰ ਹੈ।

ਮਿਡਲ ਦੀਆਂ ਤਿੰਨ ਜਮਾਤਾਂ ਵਿਚ ਮੈਂ ਹਰ ਇੱਕ ਮਜ਼ਮੂਨ ਵਿਚ ਆਪਣੀ ਜਮਾਤ ਵਿਚ ਅੱਵਲ ਰਿਹਾ ਕਰਦਾ ਸਾਂ। ਸਕੂਲ ਈਸਾਈਆਂ ਦਾ ਸੀ ਪਰ ਹੈਡਮਾਸਟਰ, ਮਾਸਟਰ ਬਿਸ਼ਨ ਸਿੰਘ ਸੀ। ਇਸ ਕਰਕੇ ਗੁਰਪੁਰਬਾਂ ਦੀਆਂ ਕਈ ਛੁੱਟੀਆਂ ਵੀ ਹੋਇਆ ਕਰਦੀਆਂ ਸਨ। ਈਸਾਈ ਮੱਤ ਪੜ੍ਹਾਉਣ ਵਾਲਾ ਸਾਡਾ ਉਸਤਾਦ ਬੜਾ ਨਾਲਾਇਕ ਸੀ ਤੇ ਉਸ ਨੂੰ ਮੁੰਡੇ ਤੇ ਖ਼ਾਸ ਕਰਕੇ ਮੈਂ ਬਹਿਸ ਵਿਚ ਖ਼ੂਬ ਤੰਗ ਕੀਤਾ ਕਰਦੇ ਸਾਂ। ਇੱਕ ਦਿਨ ਬਹਿਸ ਵਿਚ ਮੈਂ ਉਸ ਉਸਤਾਦ ਨੂੰ ਇਤਨਾ ਤੰਗ ਕੀਤਾ ਕਿ ਉਸ ਨੇ ਗ਼ੁਸੇ ਹੋ ਕੇ ਸਾਡੀ ਸ਼ਕਾਇਤ ਹੈਡਮਾਸਟਰ ਕੋਲ ਜਾ ਕੀਤੀ। ਗੱਲ ਇਹ ਸੀ ਕਿ ਉਸ ਉਸਤਾਦ ਨੇ ਉਰਦੂ ਵਿਚ ਲੂਕਾ ਦੀ ਅੰਜੀਲ ਆ ਵੰਡੀ ਸੀ ਤੇ ਸਾਨੂੰ ਉਹ ਮੈਥੀਊ ਦੀ ਪੜ੍ਹਾਂਦਾ ਸੀ। ਦੋਹਾਂ ਵਿਚ ਵਾਕਿਆਤ ਦਾ ਮਤਭੇਦ ਸੀ ਜਿਸ ਤੋਂ ਮੈਂ ਇਹ ਕਿਹਾ ਕਿ ਅੰਜੀਲ ਝੂਠੀ ਕਿਤਾਬ ਹੈ। ਜਦ ਸਾਡਾ ਨਾਲਾਇਕ ਮਾਸਟਰ ਸ਼ਕਾਇਤ ਕਰਨ ਗਿਆ ਤਾਂ ਰੀਸੈਸ ਦੀ ਛੁੱਟੀ ਹੋ ਗਈ। ਉਸ ਛੁੱਟੀ ਵਿਚ ਮੁੰਡਿਆਂ ਸਾਰੀਆਂ ਮੁਫ਼ਤ ਮਿਲੀਆਂ ਅੰਜੀਲਾਂ ਪਾੜ ਕੇ ਕਮਰੇ ਵਿਚ ਖਿੰਡਾ ਦਿੱਤੀਆਂ। ਪਰ ਮੇਰੀ ਅੰਜੀਲ ਦੂਜੇ ਸੈਕਸ਼ਨ ਦਾ ਇੱਕ ਮੁੰਡਾ ਲੈ ਗਿਆ। ਰੀਸੈਸ ਮਗਰੋਂ ਜਦ ਹੈਡ-ਮਾਸਟਰ ਬਿਸ਼ਨ ਸਿੰਘ ਸਾਡੇ ਨਾਲਾਇਕ ਮਾਸਟਰ ਨਾਲ ਆਇਆ ਤਾਂ ਅਗੇ ਕਮਰੇ ਵਿਚ ਕਾਗ਼ਜ਼ ਖਿਲਰੇ ਪਏ ਸਨ। ਉਸ ਨੂੰ ਬਹਾਨਾ ਮਿਲ ਗਿਆ। ਉਸ ਨੇ ਸਭ ਮੁੰਡਿਆਂ ਤੋਂ ਅੰਜੀਲਾਂ ਪੁਛੀਆਂ।

ਮੈਂ ਕਿਹਾ ਕਿ ਮੇਰੀ ਅੰਜੀਲ ਦੂਜੇ ਸੈਕਸ਼ਨ ਦਾ ਇੱਕ ਮੁੰਡਾ ਲੈ ਗਿਆ ਹੈ। ਮੈਨੂੰ ਹੈਡਮਾਸਟਰ ਚੰਗਾ ਜਾਣਦਾ ਸੀ। ਉਸ ਨੇ ਮੈਨੂੰ ਛੱਡ ਦਿੱਤਾ ਤੇ ਬਾਕੀ ਸਭ ਨੂੰ ਦੋ ਦੋ ਬੈਂਤ ਮਾਰੇ। ਸਾਡੇ ਨਾਲਾਇਕ ਮਾਸਟਰ ਨੂੰ ਫਿਰ ਹਾਰ ਹੀ ਹੋਈ ਤੇ ਮੁੰਡੇ ਬੈਂਤ ਖਾ ਕੇ ਵੀ ਇਸ ਗੱਲ ਉਤੇ ਪ੍ਰਸੰਨ ਸਨ ਕਿ ਉਸ ਮਾਸਟਰ ਨੂੰ ਅਸਲ ਵਿਚ ਹਾਰ ਹੀ ਹੋਈ ਸੀ।

ਉਸ ਸਮੇਂ ਮਿਡਲ ਦਾ ਯੂਨੀਵਰਸਿਟੀ ਇਮਤਿਹਾਨ ਹੋਇਆ ਕਰਦਾ ਸੀ। ਮੈਂ ਉਸ ਇਮਤਿਹਾਨ ਵਿਚ ਜ਼ਿਲ੍ਹੇ ਵਿਚੋਂ ਅੱਵਲ ਰਿਹਾ ਤੇ ਮੈਨੂੰ ਵਜ਼ੀਫ਼ਾ ਮਿਲ ਗਿਆ। ਮੇਰਾ ਵੱਡਾ ਭਰਾ ਰਾਵਲਪਿੰਡੀ ਨੌਕਰ ਹੋ ਗਿਆ ਸੀ। ਉਹ ਰਾਵਲਪਿੰਡੀ ਤੋਂ ਬਦਲ ਗਿਆ ਤੇ ਸਾਡੇ ਡੇਰੇ ਦੇ ਹੋਰ ਜਿਤਨੇ ਮੁੰਡੇ ਸਨ ਉਹ ਪਹਿਲਾਂ ਖਿੰਡ ਪੁੰਡ ਚੁਕੇ ਸਨ। ਹੁਣ ਮੈਂ ਇਕੱਲਾ ਰਾਵਲਪਿੰਡੀ ਰਹਿ ਗਿਆ। ਮੇਰੇ ਭਰਾ ਨੇ ਮੈਨੂੰ ਖ਼ਾਲਸਾ ਬੋਰਡਿੰਗ ਵਿਚ ਦਾਖ਼ਲ ਕਰਵਾ ਦਿੱਤਾ ਕਿਉਂਕਿ ਉਸ ਨੂੰ ਪਤਾ ਸੀ ਕਿ ਮੈਂ ਉਥੇ ਰਹਿਣ ਵਿਚ ਖ਼ੁਸ਼ ਰਹਾਂਗਾ। ਖ਼ਾਲਸਾ ਬੋਰਡਿੰਗ ਵਿਚ ਬਾਕੀ ਸਾਰੇ ਮੁੰਡੇ ਸਿੱਖ ਸਨ ਤੇ ਸਿੰਘ ਸਭਾ ਜਾਇਆ ਕਰਦੇ ਸਨ। ਮੈਂ ਵੀ ਉਨ੍ਹਾਂ ਨਾਲ ਜਾਇਆ ਕਰਦਾ ਸਾਂ। ਬੋਰਡਿੰਗ ਦੇ ਸੁਪ੍ਰੰਟੈਂਡੈਂਟ ਭਾਈ ਰਾਮ ਰੱਖਾ ਸਿੰਘ ਸਨ ਜੋ ਮਗਰੋਂ ਖ਼ਾਲਸਾ ਕਾਲਜ ਦੇ ਹੈਡ ਕਲਰਕ ਵੀ ਰਹੇ ਹਨ। ਭਾਈ ਜੋਧ ਸਿੰਘ ਜੀ, ਜੋ ਅਜ ਕਲ ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਹਨ, ਵੀ ਉਸ ਬੋਰਡਿੰਗ ਵਿਚ ਰਹਿੰਦੇ ਸਨ। ਹੋਰ ਸਾਰੇ ਪੜ੍ਹਨ ਵਾਲੇ ਮੁੰਡੇ ਸਨ ਤੇ ਇਹ ਦੋਵੇਂ ਰਾਵਲਪਿੰਡੀ ਵਿਚ ਮੁਲਾਜ਼ਮ ਸਨ ਤੇ ਬਾਕੀ ਦਿਆਂ ਨਾਲੋਂ ਉਮਰ ਵਿਚ ਵਡੇਰੇ ਵੀ ਸਨ। ਇਹ ਦੋਵੇਂ ਜਤਨ ਕਰਦੇ ਰਹਿੰਦੇ ਸਨ ਕਿ ਮੈਂ ਸਿੱਖ ਬਣ ਜਾਵਾਂ ਤੇ ਮੇਰੇ ਖ਼ਿਆਲ ਅਗੇ ਹੀ ਅਜੇਹੇ ਸਨ। ਪਰ ਕਦੀ ਕਦੀ ਮੇਰੇ ਸਾਥੀ ਮੁੰਡੇ ਮੇਰੇ ਮੁੰਨੇ ਸਿਰ ਉਤੇ ਮਖ਼ੌਲ ਕਰਦੇ ਸਨ ਤਾਂ ਮੈਂ ਡੱਟ ਜਾਂਦਾ ਸਾਂ ਤੇ ਉਨ੍ਹਾਂ ਨੂੰ ਇੱਟ ਦਾ ਜਵਾਬ ਪੱਥਰ ਵਿਚ ਦਿੱਤਾ ਕਰਦਾ ਸਾਂ।

ਮੈਂ ਆਪਣੇ ਪਿੰਡ ਗਿਆ ਹੋਇਆ ਸਾਂ ਤੇ ਉੱਥੋਂ ਮੁੜ ਪਿੰਡੀ ਆਵਣਾ ਸੀ। ਉਸੇ ਦਿਨ ਸਾਡੇ ਪਿੰਡ ਵਿਚੋਂ ਕਈ ਹੋਰ ਮੁੰਡਿਆਂ ਨੇ ਸੰਤ ਅਤਰ ਸਿੰਘ ਜੀ ਕੋਲ ਡੇਰਾ ਖ਼ਾਲਸਾ ਜਾਣ ਦੀ ਤਿਆਰੀ ਕੀਤੀ। ਅਸੀਂ ਕੋਈ ਅੱਠ ਦਸ ਮੁੰਡੇ ਘਰੋਂ ਤੁਰ ਪਏ। ਅਸਾਂ ਨਿਖੜਨਾ ਸੀ ਮੰਦਰਾ ਸਟੇਸ਼ਨ ਉਤੇ ਅੱਪੜ ਕੇ। ਉਥੋਂ ਦੂਜੇ ਮੁੰਡਿਆਂ ਦੇ ਕਹਿਣ ਉਤੇ ਮੈਂ ਗੱਡੀ ਨਾ ਚੜ੍ਹਿਆ ਤੇ ਉਥੋਂ ਹੀ ਉਨ੍ਹਾਂ ਨਾਲ ਡੇਰਾ ਖ਼ਾਲਸਾ ਚਲਾ ਗਿਆ। ਉੱਥੇ ਜਾ ਕੇ ਸਭ ਦੀ ਸਲਾਹ ਅੰਮ੍ਰਿਤ ਛਕਣ ਦੀ ਬਣੀ। ਹੋਰ ਤਾਂ ਅਗੇ ਹੀ ਕੇਸਾਧਾਰੀ ਸਨ, ਪਰ ਮੈਂ ਤੇ ਮੇਰਾ ਵੱਡਾ ਭਰਾ ਅਤੇ ਚਾਚੇ ਦਾ ਪੁੱਤਰ—ਅਸੀਂ ਤਿੰਨ ਮੋਨੇ ਸਾਂ। ਅਸਾਂ ਵੀ ਅੰਮ੍ਰਿਤ ਛਕ ਲਿਆ। ਇਹ ਮੇਰੇ ਵੱਡੇ ਭਰਾ ਉਹੀ ਨਹੀਂ ਸਨ ਜਿਹੜੇ ਮੈਨੂੰ ਸਿਖ ਬਣਨ ਤੋਂ ਰੋਕਦੇ ਸਨ। ਇਹ ਉਨ੍ਹਾਂ ਤੋਂ ਛੋਟੇ ਸਨ। ਸਭ ਤੋਂ ਵੱਡੇ ਗੰਗਾ ਰਾਮ ਸਨ ਤੇ ਉਹ ਮਗਰੋਂ ਜਾ ਕੇ ਗੰਗਾ ਸਿੰਘ ਬਣੇ ਸਨ। ਮੇਰੇ ਸਿੱਖ ਬਣਨ ਉਤੇ ਭਰਾ ਗੰਗਾ ਰਾਮ ਜੀ ਨਰਾਜ਼ ਤਾਂ ਬੜੇ ਹੋਏ ਪਰ ਉਨ੍ਹਾਂ ਨੂੰ ਸਿੱਖੀ ਉੱਤੇ ਸ਼ਰਧਾ* ਇਤਨੀ ਸੀ ਕਿ ਅੰਮ੍ਰਿਤ ਛਕਣ ਮਗਰੋਂ ਉਨ੍ਹਾਂ ਮੈਨੂੰ ਕੇਸ ਕਟਾਣ ਲਈ ਕਦੀ ਨਹੀਂ ਕਿਹਾ ਸੀ। ਕੁਝ ਚਿਰ ਮਗਰੋਂ ਉਹ ਆਪ ਵੀ ਸਿੰਘ ਸਜ ਗਏ ਸਨ।

ਇੱਥੇ ਇਹ ਗੱਲ ਦੱਸਣੀ ਵੀ ਯੋਗ ਹੈ ਕਿ ਮੇਰੇ ਖ਼ਿਆਲਾਂ ਵਿਚ ਪਹਿਲੀ ਵੱਡੀ ਤਬਦੀਲੀ 'ਪੰਥ ਪ੍ਰਕਾਸ਼' ਦੀ ਕਥਾ ਸੁਣਨ ਨੇ ਕੀਤੀ ਸੀ ਤੇ ਦੂਜੀ ਵੱਡੀ ਤਬਦੀਲੀ ਅੰਮ੍ਰਿਤ ਛਕਣ ਤੇ ਦੋ ਅੰਗਰੇਜ਼ੀ ਪੁਸਤਕਾਂ : Character by Dr. Smile ਅਤੇ The Students' Manual by Dr. Todd ਦੇ ਪੜ੍ਹਨ ਨੇ ਕੀਤੀ ਸੀ। ਸਾਡੇ ਸਕੂਲ ਵਿਚ ਪਹਿਲੀ ਵੇਰਾਂ ਇਨਾਮ ਵੰਡਿਆ ਗਿਆ ਸੀ। ਮੈਂ ਜਮਾਤ ਵਿਚ ਅੱਵਲ ਤਾਂ ਰਹਿੰਦਾ ਹੀ ਸਾਂ ਤੇ ਹਰ ਮਜ਼ਮੂਨ ਵਿਚ ਅੱਵਲ ਰਹਿੰਦਾ ਸਾਂ। ਇਹ ਦੋਵੇਂ ਪੁਸਤਕਾਂ ਮੈਨੂੰ ਇਨਾਮ ਵਿਚ ਮਿਲੀਆਂ ਸਨ ਤੇ ਮੈਂ

ਪੜ੍ਹੀਆਂ ਸਨ। ਅੰਮ੍ਰਿਤ ਛਕਣ ਵੇਲੇ ਉਪਦੇਸ਼ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਬਚਨ "ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜੈਯੋ"। ਚੰਗੀ ਤਰ੍ਹਾਂ ਸਮਝਾਇਆ ਗਿਆ ਸੀ। ਉਕਤ ਪੁਸਤਕਾਂ ਵਿਚ ਵੀ ਇਸੇ ਤਰ੍ਹਾਂ ਦਾ ਉਪਦੇਸ਼ ਸੀ ਜੋ ਮੈਨੂੰ ਬਹੁਤ ਚੰਗਾ ਲਗਾ ਸੀ ਕਿਉਂਕਿ ਮੈਨੂੰ ਉਸ ਵੇਲੇ ਤਕ ਇਹ ਖ਼ਿਆਲ ਸੀ ਕਿ ਅੰਗਰੇਜ਼ਾਂ ਵਿਚ ਚਾਲ ਚਲਨ ਸੰਬੰਧੀ ਇਤਨੇ ਉੱਚੇ ਖ਼ਿਆਲ ਨਹੀਂ ਹਨ। ਇਨ੍ਹਾਂ ਪੁਸਤਕਾਂ ਨੂੰ ਪੜ੍ਹ ਕੇ, ਅੰਮ੍ਰਿਤ ਛਕ ਕੇ ਮੈਂ ਤਿੰਨ ਇਰਾਦੇ ਕੀਤੇ ਜਿਨ੍ਹਾਂ ਵਿਚੋਂ ਇੱਕ ਇਹ ਸੀ ਕਿ ੪੦ ਸਾਲ ਦੀ ਉਮਰ ਤਕ ਮੈਂ ਕੋਈ ਪੁਸਤਕ ਅਜੇਹੀ ਨਹੀਂ ਪੜ੍ਹਨੀ, ਕੋਈ ਗੱਲ ਅਜੇਹੀ ਨਹੀਂ ਕਰਨੀ ਤੇ ਕੋਈ ਥੀਏਟਰ ਜਾਂ ਤਮਾਸ਼ਾ (ਉਸ ਵੇਲੇ ਸਿਨੇਮਾ ਨਹੀਂ ਚਲਿਆ ਸੀ) ਨਹੀਂ ਵੇਖਣਾ ਜਿਸ ਨਾਲ ਕਾਮ ਦਾ ਕੋਈ ਖ਼ਿਆਲ ਪੈਦਾ ਹੋਵੇ, ਸਗੋਂ ਵਿਆਹ ਕਰਨ ਤਕ ਤਾਂ ਕੋਈ ਗੱਲ ਸੁਣਨੀ ਹੀ ਨਹੀਂ ਤੇ ਕਿਸੇ ਥਾਂ ਨਹੀਂ ਬੈਠਣਾ ਜਿਥੇ ਕੋਈ ਇਹੋ ਜਹੀ ਗੱਲ ਕਰਦਾ ਵੀ ਹੋਵੇ। ਕਾਲਜ ਵਿਚ ਜਦ ਮੈਂ ਪੜ੍ਹਦਾ ਸਾਂ ਤਾਂ ਮੁੰਡੇ ਅਜਿਹੇ ਮਖ਼ੌਲ ਬਥੇਰੇ ਕਰਦੇ ਸਨ। ਮੈਂ ਮੁੰਡਿਆਂ ਦੀਆਂ ਖੇਡਾਂ ਕੁਦਾਂ ਤੇ ਸ਼ਰਾਰਤਾਂ ਵਿਚ ਕਿਸੇ ਨਾਲੋਂ ਪਿਛੇ ਨਹੀਂ ਸਾਂ, ਪਰ ਜਿੱਥੇ ਕਿਸੇ ਨੇ ਇਹੋ ਜਿਹਾ ਮਖ਼ੌਲ ਵੀ ਕੀਤਾ, ਮੈਂ ਉਥੋਂ ਤੁਰ ਗਿਆ। ਮੈਂ ਆਪਣੇ ਮਨ ਵਿਚ ਕਦੀ ਕੋਈ ਇਹੋ ਜਿਹਾ ਖ਼ਿਆਲ ਨਹੀਂ ਵੜਨ ਦਿੱਤਾ। ਥੀਏਟਰ, ਤਮਾਸ਼ੇ ਆਦਿ ਨਾ ਵੇਖਣ ਦਾ ਪ੍ਰਣ ਤਾਂ ਮੇਰਾ ਇਹ ਸੀ ਕਿ ੪੦ ਸਾਲ ਦੀ ਉਮਰ ਹੋ ਚੁਕਣ ਮਗਰੋਂ ਥੀਏਟਰਾਂ ਵਿਚੋਂ ਭੈੜੇ ਖ਼ਿਆਲ ਪਰੇ ਰਖ ਕੇ ਉਪਦੇਸ਼ ਲੈ ਸਕੀਦਾ ਹੈ। ਪਰ ਜਦ ਮੈਂ ੪੦ ਸਾਲ ਦਾ ਹੋਇਆ ਤਾਂ ਮੈਨੂੰ ਇਹ ਫ਼ਿਕਰ ਪਿਆ ਕਿ ਜੇ ਮੈਂ ਸਿਨੇਮਾ ਵੇਖਾਂਗਾ ਤਾਂ ਮੁੰਡੇ ਮੇਰੀ ਮਿਸਾਲ ਨੂੰ ਵੇਖਣਗੇ ਤੇ ਕੁਰਾਹੇ ਪੈ ਜਾਣਗੇ। ਇਸ ਕਰਕੇ ਮੈਂ ਸਿਨੇਮਾ, ਥੀਏਟਰ ਜਾਂ ਕੋਈ ਇਹੋ ਜਿਹਾ ਤਮਾਸ਼ਾ ਕਦੀ ਨਹੀਂ ਵੇਖਿਆ; ਸਿਵਾਏ ਇੱਕ ਵੇਰਾਂ ਦੇ ਜਦ ਮੈਂ

ਬਰ੍ਹਮਾ ਗਿਆ ਸਾਂ ਤਾਂ ਇੱਕ ਮਿਤਰ ਜੀ ਮੈਨੂੰ ਇਹ ਕਹਿ ਕੇ ਸਿਨੇਮਾ ਲੈ ਗਏ ਸਨ ਕਿ ਜੰਗਲ ਦਾ ਸੀਨ ਹੈ ਇਸ ਵਿਚ ਕੋਈ ਇਹੋ ਜਿਹੀ ਗੱਲ ਨਹੀਂ ਆ ਸਕਦੀ। ਮੈਂ ਇਹ ਸਿਨੇਮਾ ਵੇਖ ਕੇ ਹੋਰ ਵੀ ਪੱਕਾ ਹੋਇਆ ਕਿ ਮੌਜੂਦਾ ਜ਼ਮਾਨੇ ਵਿਚ ਕਾਮ ਚੇਸ਼ਟਾ ਨੂੰ ਉਕਸਾਣ ਵਿਚ ਇਤਨੀ ਬੇਹਯਾਈ* ਹੋ ਰਹੀ ਹੈ ਕਿ ਸ਼ਾਇਸਤਾ* ਸੁਸਾਇਟੀ ਤੋਂ ਜਿਤਨਾ ਪਰੇ ਰਿਹਾ ਜਾਵੇ, ਉਤਨਾ ਹੀ ਧਰਮ ਦੇ ਨੇੜੇ ਹੋਣ ਦਾ ਰਾਹ ਖੁਲ੍ਹਦਾ ਹੈ।

ਮੈਂ ਅਜੇ ਨਾਂਵੀਂ ਜਮਾਤ ਵਿਚ ਹੀ ਪੜ੍ਹਦਾ ਸਾਂ ਜਦ ਮੇਰੇ ਪਿਤਾ ਜੀ ਚਲਾਣਾ ਕਰ ਗਏ। ਉਸ ਦੇ ਮਗਰੋਂ ਮੇਰੇ ਵੱਡੇ ਭਰਾਤਾ ਬਖ਼ਸ਼ੀ ਗੰਗਾ ਸਿੰਘ ਜੀ ਮੇਰੇ ਸਰਪ੍ਰਸਤ ਸਨ। ਜਿਸ ਤਰ੍ਹਾਂ ਉਹਨਾਂ ਨੇ ਆਪਣੇ ਵੱਡੇ ਭਰਾ ਹੋਣ ਦਾ ਫ਼ਰਜ਼ ਨਿਭਾਇਆ ਹੈ, ਇਸ ਤਰ੍ਹਾਂ ਸ਼ਾਇਦ ਹੀ ਕੋਈ ਹੋਰ ਨਿਭਾਉਂਦਾ ਹੋਵੇ। ਅਸੀਂ ਚਾਰ ਭਰਾ ਸਾਂ ਤੇ ਸਾਡੀ ਮਾਤਾ ਸੀ। ਸਾਡੀ ਭੈਣ ਸਭ ਤੋਂ ਵੱਡੀ ਸੀ ਤੇ ਉਹ ਵਿਆਹੀ ਹੋਈ ਸੀ। ਸਾਡੇ ਚਵ੍ਹਾਂ ਭਰਾਵਾਂ ਵਿਚੋਂ ਅਸੀਂ ਦੋ ਪੜ੍ਹਦੇ ਸਾਂ ਤੇ ਤੀਜੇ ਭਰਾ ਨੇ ਪਿੰਡ ਵਿਚ ਇੱਕ ਛੋਟੀ ਜਹੀ ਦੁਕਾਨ ਖੋਲ੍ਹੀ ਹੋਈ ਸੀ ਤੇ ਸਾਡੀ ਥੋੜ੍ਹੀ ਜਿਹੀ ਜ਼ਮੀਨ ਸੀ, ਜਿਸ ਨੂੰ ਬਟਾਈ ਉਤੇ ਦੇ ਕੇ ਸਾਡੇ ਘਰ ਰਹਿਣ ਵਾਲੇ ਭਰਾ ਦਾਣੇ ਵੰਡਾ ਲੈਂਦੇ ਸਨ। ਅਸਾਂ ਚੌਹਾਂ ਭਰਾਵਾਂ ਵਿਚੋਂ ਵੱਡੇ ਦੋ ਵਿਆਹੇ ਹੋਏ ਸਨ। ਇਸ ਟੱਬਰ ਤੋਂ ਛੁੱਟ ਇੱਕ ਵਿਧਵਾ ਚਾਚੀ ਤੇ ਇੱਕ ਵਿਧਵਾ ਤਾਈ ਵੀ ਸੀ। ਅਸਲ ਵਿਚ ਰੁਜ਼ਗਾਰ ਕੇਵਲ ਵੱਡੇ ਭਰਾ ਦਾ ਹੀ ਲਗਾ ਹੋਇਆ ਸੀ। ਉਹ ਸ਼ਹਿਰ ਰਾਵਲਪਿੰਡੀ ਦੇ ਕਲਕੱਤਾ ਦਫ਼ਤਰ ਵਿਚ ੩੦ ਰੁਪੈ ਮਹੀਨੇ ਉੱਤੇ ਨੌਕਰ ਸਨ। ਇਸੇ ਵਿਚੋਂ ਉਹ ਸਾਰਿਆਂ ਦਾ ਗੁਜ਼ਾਰਾ ਤੋਰਦੇ ਤੇ ਸਾਨੂੰ ਦੋਹਾਂ ਨੂੰ ਪੜ੍ਹਾਉਂਦੇ ਸਨ। ਬੇਸ਼ੱਕ ਅਸੀਂ ਦੋਵੇਂ ਭਰਾ ਵਜ਼ੀਫ਼ੇ ਲੈਂਦੇ ਸਾਂ ਪਰ ਫਿਰ ਵੀ ਕੀ ਬਣਦਾ ਹੈ?

ਮੈਂ ਐਂਟ੍ਰੈਂਸ ਦਾ ਇਮਤਿਹਾਨ ਦਿੱਤਾ ਤੇ ਮੈਨੂੰ ਸ਼ੌਕ ਸੀ ਅਗੇ

ਕਾਲਜ ਵਿਚ ਪੜ੍ਹਨ ਦਾ ਤੇ ਨਾਲੇ ਮੈਨੂੰ ਆਸ ਸੀ ਕਿ ਵਜ਼ੀਫ਼ਾ ਮਿਲ ਜਾਏਗਾ। ਮੇਰੇ ਭਰਾ ਚਾਹੁੰਦੇ ਸਨ ਕਿ ਮੈਂ ਮੈਡੀਕਲ ਕਾਲਜ ਦਾਖ਼ਲ ਹੋ ਕੇ ਡਾਕਟਰੀ ਪੜ੍ਹਾਂ। ਪਰ ਮੇਰਾ ਕੱਦ ਛੋਟਾ ਸੀ ਤੇ ਮੈਂ ਰਹਿ ਗਿਆ।

ਉਧਰੋਂ ਐਂਟ੍ਰੈਂਸ ਦਾ ਨਤੀਜਾ ਵੀ ਨਿਕਲ ਆਇਆ ਤੇ ਮੈਨੂੰ ਕੋਈ ਵਜ਼ੀਫ਼ਾ ਨਾ ਮਿਲਿਆ। ਮੇਰਾ ਜੀਅ ਪੜ੍ਹਨ ਨੂੰ ਬੜਾ ਕਰਦਾ ਸੀ। ਭਾਈ ਰਾਮ ਰੱਖਾ ਸਿੰਘ ਜੀ ਤੇ ਭਾਈ ਜੋਧ ਸਿੰਘ ਜੀ ਅਗੇ ਚੀਫ਼ ਖ਼ਾਲਸਾ ਦੀਵਾਨ ਤੇ ਸ: ਸੁੰਦਰ ਸਿੰਘ ਜੀ ਮਜੀਠੀਆ ਕੋਲ ਅੰਮ੍ਰਿਤਸਰ ਹੀ ਆ ਨੌਕਰ ਹੋਏ ਸਨ। ਇਨ੍ਹਾਂ ਦੀ ਸਫ਼ਾਰਸ਼ ਤੇ ਮੱਦਦ ਨਾਲ ਸ: ਸੁੰਦਰ ਸਿੰਘ ਜੀ ਨੇ ਮੈਨੂੰ ਖ਼ਾਲਸਾ ਕਾਲਜ ਵਿਚੋਂ ੮ ਰੁਪਏ ਮਹੀਨੇ ਦਾ ਵਜ਼ੀਫ਼ਾ ਦਿੱਤਾ। ਮੈਂ ਖ਼ਾਲਸਾ ਕਾਲਜ ਵਿਚ ਦਾਖ਼ਲ ਹੋ ਗਿਆ ਤੇ ਜਮਾਤ ਵਿਚ ਵੀ ਸਭ ਨਾਲੋਂ ਚੰਗਾ ਸਾਂ ਅਤੇ ਖੇਡ ਵਿਚ। ਪਰ ਤੀਜੇ ਮਹੀਨੇ ਇਮਤਿਹਾਨ ਹੋਇਆ ਕਰਦਾ ਸੀ ਤੇ ਧਾਰਮਕ ਪੜ੍ਹਾਈ ਵਿਚੋਂ ਜੋ ਅੱਵਲ ਰਹੇ ਉਸ ਨੂੰ ਵਜ਼ੀਫ਼ਾ ਮਿਲਦਾ ਸੀ। ਇਹ ਵਜ਼ੀਫ਼ਾ ਵੀ ਮੈਂ ਕਈ ਵੇਰਾਂ ਲੈ ਲੈਂਦਾ ਸਾਂ।

ਮੈਂ ਫ਼ੁਟਬਾਲ ਦਾ ਖ਼ਾਸ ਵਧੀਆ ਖਿਡਾਰੀ ਸਾਂ ਤੇ ਹਾਕੀ ਦਾ ਵੀ। ਪਰ ਚੂੰਕਿ ਸਾਡੀ ਹਾਕੀ ਦੀ ਟੀਮ ਯੂਨੀਵਰਸਿਟੀ ਵਿਚ ਜਾਂਦੀ ਸੀ, ਇਸ ਕਰਕੇ ਮੈਂ ਮਸ਼ਹੂਰ ਹਾਕੀ ਦਾ ਖਿਡਾਰੀ ਹੀ ਸਾਂ। ਉਸ ਵੇਲੇ ਖ਼ਾਲਸਾ ਕਾਲਜ ਵਿਚ ਕਾਲਜ ਦੇ ਸਾਰੇ ਬੋਰਡਰ ਮਸਾਂ ਚਾਲੀ ਪੰਜਤਾਲੀ ਹੋਇਆ ਕਰਦੇ ਸਨ ਤੇ ਇਨ੍ਹਾਂ ਵਿਚੋਂ ਦੋ ਟੀਮਾਂ ਨਹੀਂ ਬਣ ਸਕਦੀਆਂ ਸਨ। ਕਾਲਜ ਵਿਚ ਆ ਕੇ ਮੈਂ ਖੇਡਾਂ ਤੇ ਹੋਰ ਗੱਪਬਾਜ਼ੀ ਵਿਚ ਬਾਹਲਾ ਪੈ ਗਿਆ ਸਾਂ, ਜਿਸ ਕਰਕੇ ਪੜ੍ਹਾਈ ਵਲੋਂ ਮੇਰਾ ਧਿਆਨ ਘਟ ਗਿਆ ਸੀ। ਐਫ਼. ਏ. ਦੇ ਇਮਤਿਹਾਨ ਵਿਚ ਮੈਂ ਆਪਣੇ ਕਾਲਜ ਵਿਚ ਅੱਵਲ ਰਹਿ ਕੇ ਕਾਲਜ ਦਾ ਵਜ਼ੀਫ਼ਾ ਲੈ ਲਿਆ ਸੀ ਪਰ ਯੂਨੀਵਰਸਿਟੀ ਵਿਚ ਮੈਂ ਕੋਈ ਖ਼ਾਸ ਪੁਜ਼ੀਸ਼ਨ ਨਹੀਂ ਲਈ ਸੀ। ਫ਼ੁਟਬਾਲ ਵਿਚ ਉਸ

ਸਮੇਂ ਫ਼ਾਊਲ ਘੱਟ ਦਿੱਤੇ ਜਾਂਦੇ ਸਨ ਅਤੇ ਸ਼ੋਲਡਰ ਮਾਰਨ ਤੇ ਛਾਤੀ ਵਿਚ ਜਾ ਵੱਜਣ ਦਾ ਖ਼ੂਬ ਟਾਕਰਾ ਹੋਇਆ ਕਰਦਾ ਸੀ।

ਫ਼ੁਟਬਾਲ ਦੀ ਖੇਡ ਤਾਂ ਇੱਕ ਤਰ੍ਹਾਂ ਦੀ ਲੜਾਈ ਹੀ ਹੋਇਆ ਕਰਦੀ ਸੀ। ਮੈਂ ਸੱਟ ਲਗਣ ਤੇ ਸੱਟ ਲਾਣ ਦੀ ਜ਼ਰਾ ਪਰਵਾਹ ਨਹੀਂ ਕੀਤਾ ਕਰਦਾ ਸਾਂ ਤੇ ਮੇਰਾ ਸਰੀਰ ਕਰੜਾ ਸੀ, ਇਸ ਕਰਕੇ ਰਾਵਲਪਿੰਡੀ ਮਿਸ਼ਨ ਸਕੂਲ ਵਿਚ ਮੇਰਾ ਨਾਮ "ਵੱਟਾ" ਪੈ ਗਿਆ ਸੀ। ਖ਼ਾਲਸਾ ਕਾਲਜ ਵਿਚ ਉਦੋਂ ਮੇਰੇ ਨਾਲ ਹੋਰ ਕੋਈ ਵਿਦਿਆਰਥੀ ਨਹੀਂ ਆਇਆ ਸੀ, ਪਰ ਇਥੇ ਆ ਕੇ ਮੇਰਾ ਨਾਮ "ਪੱਥਰ" ਪੈ ਗਿਆ। ਹਾਕੀ ਵਿਚ ਵੀ ਮੈਂ ਸੱਟ ਲਗਣ ਦੀ ਪਰਵਾਹ ਨਹੀਂ ਕੀਤਾ ਕਰਦਾ ਸਾਂ, ਇਸ ਕਰਕੇ ਮੇਰਾ ਨਾਮ "ਪੱਥਰ" ਪੱਕਾ ਹੋ ਗਿਆ।

ਜਦ ਮੈਂ ਰਾਵਲਪਿੰਡੀ ਸਾਂ ਤਾਂ ਅੰਮ੍ਰਿਤ ਛਕਣ ਮਗਰੋਂ ਇੱਕ ਦਿਨ ਵੀ ਅਜੇਹਾ ਨਹੀਂ ਹੋਵੇਗਾ ਜਿਸ ਦਿਨ ਮੈਂ ਨਿਤਨੇਮ ਕੀਤੇ ਬਿਨਾਂ ਰੋਟੀ ਖਾਧੀ ਹੋਵੇ। ਮੈਂ ਪੰਜਾਂ ਬਾਣੀਆਂ ਦਾ ਬਾਕਾਇਦਾ ਪਾਠ ਕੀਤਾ ਕਰਦਾ ਸਾਂ। ਖ਼ਾਲਸਾ ਕਾਲਜ ਵਿਚ ਦਾਖ਼ਲ ਹੋ ਕੇ ਵੀ ਮੈਂ ਕੁਝ ਮਹੀਨੇ ਤਾਂ ਨਿਤਨੇਮੀ ਰਿਹਾ, ਪਰ ਪੂਰਾ ਨਿਤਨੇਮ ਕਰਨ ਵਾਲੇ ਅਸੀਂ ਦੋ ਚਾਰ ਹੀ ਮੁੰਡੇ ਸਾਂ। ਬਹੁਤ ਸਾਰੇ ਤਾਂ ਅਜੇਹੇ ਸਨ ਜੋ ਉੱਕਾ ਕੋਈ ਪਾਠ ਨਹੀਂ ਕੀਤਾ ਕਰਦੇ ਸਨ। ਹਾਂ, ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਵਿਚ ਜ਼ਰੂਰ ਜਾਣਾ ਪੈਂਦਾ ਸੀ ਤੇ ਉਥੇ ਦੱਸ ਸਵੱਯੇ ਵੀ ਸਾਰੇ ਮੁੰਡੇ ਰਲ ਕੇ ਪੜ੍ਹਦੇ ਸਨ। ਮੈਂ ਖੇਡਾਂ ਵਿਚ ਸਭ ਤੋਂ ਮੋਹਰੀ ਸਾਂ। ਇਸ ਕਰਕੇ ਕਾਲਜ ਦੇ ਮੁੰਡਿਆਂ ਦਾ ਆਗੂ ਸਾਂ। ਪਹਿਲਾਂ ਪਹਿਲ ਤਾਂ ਮੈਂ ਗੁਰਦਵਾਰੇ ਵੀ ਬਾਕਾਇਦਾ ਜਾਇਆ ਕਰਦਾ ਸਾਂ ਤੇ ਦੂਜੇ ਮੁੰਡਿਆਂ ਨੂੰ ਗੁਰਦਵਾਰੇ ਜਾਣ ਲਈ ਕਿਹਾ ਕਰਦਾ ਸਾਂ, ਪਰ ਹੌਲੀ ਹੌਲੀ ਖ਼ਾਲਸਾ ਕਾਲਜ ਦੀ ਹਵਾ ਦਾ ਅਸਰ ਮੇਰੇ ਤੇ ਹੋਣ ਲਗ ਪਿਆ। ਨਿਤਨੇਮ ਵਾਲਾ ਪਾਠ ਕਰਨ ਵਿਚ ਬਹੁਤ ਵਿੱਘਨ ਪੈਂਦੇ ਸਨ। ਵੇਲੇ ਸਿਰ ਧਿਆਨ ਨਾਲ਼ ਤਾਂ ਪਾਠ ਕਰਨਾ ਉੱਕਾ ਹੀ ਰਹਿ ਗਿਆ ਸੀ।

ਗੁਰਦਵਾਰੇ ਜਾਣਾ ਤਾਂ ਮੈਂ ਹੋਰ ਕਈ ਮੁੰਡਿਆਂ ਵਾਂਗੂੰ ਉੱਕਾ ਹੀ ਛੱਡ ਦਿੱਤਾ। ਮੁੰਡੇ ਗੁਰਦਵਾਰੇ ਜਾਂਦੇ ਸਨ ਤੇ ਹਾਜ਼ਰੀ ਲਵਾ ਕੇ ਬਿਨਾਂ ਪਾਠ ਸੁਣੇ ਖਿਸਕ ਜਾਂਦੇ ਸਨ। ਗੁਰਦਵਾਰੇ ਜਾਂਦੇ ਇਸ ਲਈ ਸਨ ਕਿ ਫ਼ੀ* ਗ਼ੈਰ ਹਾਜ਼ਰੀ ਇੱਕ ਆਨਾ ਜੁਰਮਾਨਾ ਹੁੰਦਾ ਸੀ, ਪਰ ਇਹ ਜੁਰਮਾਨਾ ਮਹੀਨੇ ਵਿਚ ਛੇ ਆਨੇ ਤੋਂ ਵੱਧ ਨਹੀਂ ਸੀ ਹੋ ਸਕਦਾ ; ਇਸ ਲਈ ਕੁਝ ਮੁੰਡੇ ਅਜੇਹੇ ਵੀ ਸਨ ਜੋ ਗੁਰਦਵਾਰੇ ਜਾਂਦੇ ਹੀ ਨਹੀਂ ਸਨ ਤੇ ਛੇ ਆਨੇ ਭਰ ਦੇਂਦੇ ਸਨ। ਕੁਝ ਖਿਡਾਰੀ ਮੁੰਡੇ ਅਜੇਹੇ ਸਨ ਜੋ ਰੋਅਬ ਰਖਦੇ ਸਨ। ਅਸਿਸਟੇਂਟ ਸੁਪ੍ਰੰਟੇਂਡੇਂਟ ਦਾ ਇਤਨਾ ਹੌਸਲਾ ਹੀ ਨਹੀਂ ਸੀ ਕਿ ਉਹ ਸਾਡੀ ਗ਼ੈਰ ਹਾਜ਼ਰੀ ਲਾ ਸਕੇ। ਸੋ ਅਸੀਂ ਸਵੇਰ ਵੇਲੇ ਤਾਂ ਗੁਰਦਵਾਰੇ ਚਲੇ ਜਾਂਦੇ ਸਾਂ ਪਰ ਸ਼ਾਮ ਦੇ ਪਾਠ ਵਿਚ ਬਹੁਤ ਘਟ ਜਾਇਆ ਕਰਦੇ ਸਾਂ। ਫ਼ੁਟਬਾਲ ਜਾਂ ਹਾਕੀ ਖੇਡ ਕੇ ਉਥੋਂ ਜੰਗਲ ਪਾਣੀ ਚਲੇ ਜਾਂਦੇ ਸਾਂ ਜਾਂ ਗਰਾਊਂਡ ਵਿਚ ਹੀ ਬਹਿ ਕੇ ਗੱਪਾਂ ਮਾਰਨ ਲਗ ਜਾਂਦੇ ਸਾਂ। ਸਾਡੇ ਉਥੇ ਬੈਠਿਆਂ ਦੀ ਹੀ ਹਾਜ਼ਰੀ ਲਗ ਜਾਂਦੀ ਸੀ। ਇਸ ਤਰ੍ਹਾਂ ਪਾਠ ਤੇ ਧਰਮ ਵਲੋਂ ਅਣਗਹਿਲੀ ਦਾ ਕਾਰਨ ਇਹ ਨਹੀਂ ਸੀ ਕਿ ਮੇਰਾ ਕੋਈ ਨਿਸਚਾ ਘਟ ਗਿਆ ਸੀ ਜਾਂ ਕਾਲਜ ਵਿਚ ਕੋਈ ਧਰਮ ਵਿਰੁਧ ਪਰਚਾਰ ਸੀ। ਇਸ ਅਣਗਹਿਲੀ ਦਾ ਇੱਕ ਕਾਰਨ ਤਾਂ ਇਹ ਸੀ ਕਿ ਮੇਰਾ ਖੇਡ ਵਲ ਬਹੁਤ ਧਿਆਨ ਹੋ ਗਿਆ ਸੀ ਤੇ ਖਿਡਾਰੀ ਆਮ ਤੌਰ ਤੇ ਸਾਰੇ ਹੀ ਲਾ-ਪਰਵਾਹ ਸਨ, ਉਨ੍ਹਾਂ ਦੀ ਸੰਗਤ ਦਾ ਅਸਰ ਸੀ। ਦੂਜਾ ਕਾਰਨ ਇਹ ਸੀ ਕਿ ਰਾਵਲ-ਪਿੰਡੀ ਤਾਂ ਸਕੂਲ ਵਿਚ ਆਰੀਆ ਸਮਾਜੀ ਮੁੰਡਿਆਂ ਨਾਲ ਟੱਕਰ ਰਹਿੰਦੀ ਸੀ ਤੇ ਬਾਹਰ ਵੀ ਕੋਈ ਨ ਕੋਈ ਧਾਰਮਕ ਟੱਕਰ ਤੇ ਅਖਾੜਾ ਬਣਿਆ ਹੀ ਰਹਿੰਦਾ ਸੀ। ਇੱਥੇ ਕਾਲਜ ਵਿਚ ਤਾਂ ਕੋਈ ਵਿਰੋਧੀ ਟੱਕਰ ਲਾਣ ਵਾਲਾ ਹੈ ਹੀ ਨਹੀਂ ਸੀ, ਇਸ ਕਰਕੇ ਮੇਰਾ ਧਿਆਨ ਵੀ ਇਧਰੋਂ ਘਟ ਗਿਆ।

---

# ਰੱਬੀ ਕਾਰੀਗਰੀ

ਪ੍ਰੋ: ਸਾਹਿਬ ਸਿੰਘ

ਕੁਦਰਤ ਦੀ ਕਾਰੀਗਰੀ ਨੂੰ ਰਤਾ ਗਹੁ ਨਾਲ ਵੇਖੀਏ, ਤਾਂ ਬੇਅੰਤ ਐਸੀਆਂ ਅਚਰਜ ਚੀਜ਼ਾਂ ਨਜ਼ਰੇ ਪੈਂਦੀਆਂ ਹਨ, ਜੋ ਹੈਰਾਨ ਕਰ ਦੇਂਦੀਆਂ ਹਨ, ਜੋ "ਵਿਸਮਾਦ"* ਹਾਲਤ ਵਿਚ ਲੈ ਆਉਂਦੀਆਂ ਹਨ। ਸਾਇੰਸ ਵਾਲੇ ਦਸਦੇ ਹਨ ਕਿ ਇੱਕ ਰੁੱਖ 'ਸੀਕੋਈਆ' (Sequoia) ਐਸਾ ਹੈ ਜੋ ਤਿੰਨ ਹਜ਼ਾਰ ਸਾਲ ਤਕ ਹਰਾ ਰਹਿੰਦਾ ਹੈ। ਇੰਗਲਿਸਤਾਨ ਦੇ ਸਮੁੰਦਰ ਵਿਚ ਇਕ ਮੱਛੀ ਹੈ ਜਿਸ ਨੂੰ 'ਲੀਡੀਆ' (Luidia) ਆਖਦੇ ਹਨ, ਇਹ ਮੱਛੀ ਇੱਕ ਸਾਲ ਵਿਚ ਵੀਹ ਕਰੋੜ ਅੰਡੇ ਦੇਂਦੀ ਹੈ। ਅਫ਼ਰੀਕਾ ਵਿਚ ਕਈ ਰੁੱਖ ਐਸੇ ਵੇਖੇ ਗਏ ਹਨ ਜੋ ਮੱਖੀਆਂ ਫੜ ਕੇ ਖਾ ਜਾਂਦੇ ਹਨ। ਸਮੁੰਦਰ ਵਿਚ ਇੱਕ ਨਰ-ਵੇਲ ਮੱਛੀ ਹੈ, ਇਸ ਦਾ ਦੰਦ ਨੌ ਫ਼ੁੱਟ ਲੰਮਾ ਹੁੰਦਾ ਹੈ। ਕਈ ਪੰਛੀ ਐਸੇ ਹਨ, ਜੋ ਇੱਕ ਮਿੰਟ ਵਿਚ ਇੱਕ ਮੀਲ ਉੱਡ ਸਕਦੇ ਹਨ। ਕੱਛੂ ਕੁੰਮਾ ਸੌ ਸਾਲ ਤਕ ਜੀਉਂਦਾ ਰਹਿ ਸਕਦਾ ਹੈ। ਸਮੁੰਦਰਾਂ ਵਿਚ ਇਕ ਮੱਛੀ ਹੈ ਜਿਸ ਨੂੰ 'ਪਿਰੋ-ਸਮ' (Pyrosme) ਕਹਿੰਦੇ ਹਨ, ਜਦੋਂ ਇਹ ਮੱਛੀ ਤਰਦੀ ਹੈ, ਇਸ ਦੇ ਸਰੀਰ ਵਿਚੋਂ ਇਤਨੀ ਰੋਸ਼ਨੀ ਪੈਦਾ ਹੁੰਦੀ ਹੈ ਕਿ ਤੁਸੀਂ ਜਹਾਜ਼ ਦੇ

ਹਨੇਰੇ ਕਮਰੇ ਵਿਚ ਬੈਠੇ ਕਿਤਾਬ ਦਾ ਫ਼ਿਕਰਾ ਪੜ੍ਹ ਸਕਦੇ ਹਾਂ। ਹੈਜ਼ੇ ਦਾ ਜਿਰਮ ਇੱਕ ਦਿਨ ਵਿਚ ਇਤਨੇ ਹੋਰ ਜਿਰਮ ਪੈਦਾ ਕਰ ਦੇਂਦਾ ਹੈ ਕਿ ਇਹਨਾਂ ਨੂੰ ਗਿਣਨ ਵਾਸਤੇ ਪਾਂਜੇ ਦੇ ਹਿੰਦਸੇ ਨਾਲ ਬਾਈ ਸਿਫ਼ਰਾਂ ਹੋਰ ਲਾਣੀਆਂ ਪੈਂਦੀਆਂ ਹਨ।

ਕੁਦਰਤ ਵਿਚ ਸੈਂਕੜੇ ਐਸੀਆਂ 'ਵਿਸਮਾਦ-ਜਨਕ'* ਮਿਸਾਲਾਂ ਮਿਲਦੀਆਂ ਹਨ ਤੇ ਇਨ੍ਹਾਂ ਦੀ ਗਿਣਤੀ ਸਾਇੰਸ ਦੀ ਖੋਜ ਨਾਲ ਦਿਨੋ ਦਿਨ ਵਧ ਰਹੀ ਹੈ।

ਇਥੇ ਰਤਾ ਇਹ ਸੋਚਣ ਦੀ ਲੋੜ ਹੈ ਕਿ 'ਵਿਸਮਾਦ ਅਵਸਥਾ' ਕੀ ਹੈ? 'ਵਿਸਮਾਦ' ਹਾਲਤ ਉਹ ਨਹੀਂ ਹੈ ਜਦੋਂ ਅਸੀਂ ਕੋਈ ਐਸੀ ਚੀਜ਼ ਵੇਖਦੇ ਹਾਂ ਜਿਸ ਦੀ ਸਾਨੂੰ ਸਮਝ ਨਹੀਂ ਆਉਂਦੀ, ਜਾਂ ਜਦੋਂ ਕੋਈ ਅਜੇਹੀ ਘਟਨਾ ਵੇਖਦੇ ਹਾਂ ਜੋ ਸਾਡੇ ਖ਼ਿਆਲ ਅਨੁਸਾਰ ਹੋ ਹੀ ਨਹੀਂ ਸੀ ਸਕਦੀ। ਜਿਵੇਂ ਜਦੋਂ ਸਾਨੂੰ ਇਹ ਦੱਸਿਆ ਜਾਏ ਕਿ ਮਗਰ-ਮੱਛ ਅੰਡੇ ਤੋਂ ਪੈਦਾ ਹੁੰਦਾ ਹੈ। ਇੱਕ ਸਾਇੰਸਵੇਤਾ ਸਾਨੂੰ ਦਸਦਾ ਹੈ ਕਿ ਉਪਰ ਆਕਾਸ਼ ਵਿਚ ਦਿਸ ਰਹੇ ਤਾਰੇ ਸਾਥੋਂ ਲੱਖਾਂ ਕਰੋੜਾਂ ਮੀਲਾਂ ਦੀ ਵਿਥ ਤੇ ਹਨ, ਸਾਡਾ ਆਪਣਾ ਸੂਰਜ ਸਾਥੋਂ ਸਾਢੇ ਨੌਂ ਕਰੋੜ ਮੀਲ ਦੇ ਫ਼ਾਸਲੇ ਤੇ ਹੈ, ਇੱਕ ਤਾਰਾ 'ਬੀਟਲ ਜਾਊਜ਼' (Betelgeuse) ਇਤਨਾ ਵੱਡਾ ਹੈ ਕਿ ਸਾਡੀ ਧਰਤੀ ਤਾਂ ਕਿਤੇ ਰਹੀ, ਜਿਤਨੇ ਗੇੜ ਵਿਚ ਇਹ ਚੱਕਰ ਲਗਾਂਦੀ ਹੈ, ਉਹ ਸਾਰਾ ਚਕਰ ਵੀ ਉਸ ਤਾਰੇ ਵਿਚ ਸਮਾ ਸਕਦਾ ਹੈ। ਇਹੋ ਜਿਹੀਆਂ ਗੱਲਾਂ ਸੁਣ ਕੇ ਹੈਰਾਨੀ ਨਾਲ ਸਾਡਾ ਮੂੰਹ ਅੱਡਿਆ ਰਹਿ ਜਾਂਦਾ ਹੈ। ਪਰ ਇਸ ਦਾ ਨਾਮ "ਵਿਸਮਾਦ ਅਵਸਥਾ" ਨਹੀਂ ਹੈ। ਠੀਕ ਭਾਵ ਵਿਚ ਉਸ ਕੁਦਰਤੀ ਗੁਣ ਨੂੰ ਅਸੀਂ "ਵਿਸਮਾਦ-ਜਨਕ" ਕਹਿ ਸਕਦੇ ਹਾਂ ਜਿਸ ਤੋਂ ਸਾਨੂੰ ਇਹ ਯਕੀਨ ਬਣ ਜਾਏ ਕਿ ਕੁਦਰਤ ਬਹੁਤ ਹੀ ਡੂੰਘੀ ਹੈ, ਸਾਡੀ ਅਕਲ ਇਸ ਦੀ ਡੂੰਘਾਈ ਤਕ ਅਪੜਨ ਜੋਗੀ ਨਹੀਂ ਹੈ।

ਕੁਦਰਤ ਦੀਆਂ ਵਿਸਮਾਦ-ਜਨਕ ਸਿਫ਼ਤਾਂ ਕਈ ਕਿਸਮ ਦੀਆਂ ਹੋ ਸਕਦੀਆਂ ਹਨ। ਕਿਤੇ ਕਿਸਮ ਕਿਸਮ ਦੇ ਜੀਵ ਦਿੱਸ ਰਹੇ ਹਨ : ਜਿਸ ਜਲ-ਵਾਯੂ* ਵਿਚ ਜਾਓ, ਉਥੋਂ ਉਥੋਂ ਦੇ ਮੁਆਫ਼ਿਕ* ਸਰੀਰਕ ਬਣਤਰ ਵਾਲੇ ਜੀਵ ਪਾਣੀ ਵਿਚ ਹੋਰ ਕਿਸਮ ਦੇ, ਧਰਤੀ ਉਤੇ ਹੋਰ ਕਿਸਮ ਦੇ ਤੇ ਹਵਾ ਵਿਚ ਉੱਡਣ ਵਾਲੇ ਹੋਰ ਕਿਸਮ ਦੇ। ਬਨਸਪਤੀ* ਵਲ ਤੱਕੋ, ਬੇਅੰਤ ਕਿਸਮਾਂ ਹਨ, ਫੁੱਲਾਂ ਦੀ ਸੁੰਦਰਤਾ ਤੇ ਰੰਗਾਂ ਵਲ ਵੇਖੋ, ਨਵਿਆਂ ਤੋਂ ਨਵੇਂ। ਜਿਉਂ ਜਿਉਂ ਸਾਇੰਸ ਖੋਜ ਕਰਦੀ ਜਾ ਰਹੀ ਹੈ, ਕੁਦਰਤ ਹੋਰ ਡੂੰਘੀ ਜਾਪਦੀ ਹੈ, ਹੋਰ ਅਥਾਹ* ਦਿਸਦੀ ਹੈ। ਸਾਹਿਬ ਫ਼ਰਮਾਉਂਦੇ ਹਨ:—

"ਅਸੰਖ ਨਾਵ ਅਸੰਖ ਥਾਵ।
ਅਗੰਮ ਅਗੰਮ ਅਸੰਖ ਲੋਅ।
ਅਸੰਖ ਕਹਹਿ ਸਿਰਿ ਭਾਰੁ ਹੋਇ।
... ... ... ... ... ... ...
ਕੁਦਰਤਿ ਕਵਣ, ਕਹਾ ਵੀਚਾਰੁ॥" (ਜਪੁਜੀ)

ਮਨੁੱਖ ਹੈਰਾਨ ਹੋ ਕੇ ਪੁਛਦਾ ਹੈ, "ਜੀਵਨ ਕੀ ਹੈ ?"

"ਵੇਖਿ ਵਿਡਾਣੁ ਰਹਿਆ ਵਿਸਮਾਦੁ
ਨਾਨਕ ਬੁਝਣੁ ਪੂਰੈ ਭਾਗਿ"

ਇਸ ਸਲੋਕ ਦੀਆਂ ਪਹਿਲੀਆਂ ਤੁਕਾਂ ਇਹ ਹਨ—

"ਵਿਸਮਾਦੁ ਨਾਦ ਵਿਸਮਾਦੁ ਵੇਦ।
ਵਿਸਮਾਦੁ ਜੀਅ ਵਿਸਮਾਦੁ ਭੇਦ।
ਵਿਸਮਾਦੁ ਰੂਪ ਵਿਸਮਾਦੁ ਰੰਗ।
ਵਿਸਮਾਦੁ ਨਾਗੇ ਫਿਰਹਿ ਜੰਤ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ।
ਵਿਸਮਾਦੁ ਅਗਨੀ ਖੇਡਹਿ ਵਿਡਾਣੀ"

(ਆਸਾ ਦੀ ਵਾਰ)

ਸਾਧਾਰਨ* ਮਨੁੱਖ ਇਹ ਤੁਕਾਂ ਪੜ੍ਹ ਕੇ ਸ਼ਾਇਦ ਇਹ ਖ਼ਿਆਲ ਕਰੇ ਕਿ ਕੁਦਰਤ ਦੀਆਂ ਇਹਨਾਂ ਚੀਜ਼ਾਂ ਵਿਚ ਉਹ ਕੀ ਹੈ ਜੋ ਵਿਸਮਾਦ-ਦਸ਼ਾ* ਪੈਦਾ ਕਰ ਸਕੇ, ਪਰ ਅੱਜ ਦਾ ਸਾਇੰਸਵੇਤਾ* ਜਾਣਦਾ ਹੈ ਕਿ ਕੁਦਰਤ ਦੀ ਸਾਦਾ ਤੋਂ ਸਾਦਾ ਚੀਜ਼ ਵਿਸਮਾਦ ਪੈਦਾ ਕਰਨ ਜੋਗੀ ਹੋ ਸਕਦੀ ਹੈ ਜੇ ਸਾਨੂੰ ਉਸ ਦੀ ਬਾਬਤ ਕਾਫ਼ੀ ਵਾਕਫ਼ੀ ਹੋਵੇ।

ਇਸ ਦਾ ਭਾਵ ਇਹ ਨਹੀਂ ਕਿ ਹਰੇਕ ਚੀਜ਼ ਹਰੇਕ ਮਨੁੱਖ ਵਾਸਤੇ ਇਕੋ ਜੇਹੀ ਵਿਸਮਾਦ ਜਨਕ ਹੈ। ਕਿਸੇ ਚੀਜ਼ ਦਾ ਸਾਡੇ ਮਨ ਉੱਤੇ ਡੂੰਘਾ ਪਰਭਾਵ ਪੈਣ ਵਾਸਤੇ ਤਿੰਨ ਗੱਲਾਂ ਦੀ ਲੋੜ ਪੈਂਦੀ ਹੈ।

(੧) ਸਾਡਾ ਆਪਣਾ ਮਨ ਕਿਤਨਾ ਕੁ ਅਸਰ ਗ੍ਰਹਿਣ* ਕਰਨ ਜੋਗਾ ਹੈ।

(੨) ਸਾਨੂੰ ਉਸ ਚੀਜ਼ ਦੀ ਬਾਬਤ ਕਿਤਨੀ ਕੁ ਵਾਕਫ਼ੀ ਹੈ।

(੩) ਉਸ ਚੀਜ਼ ਵਿਚ ਕਿਤਨੇ ਤੇ ਕਿਹੋ ਜਿਹੇ ਗੁਣ ਹਨ।

ਕਾਦਰ ਦੀ ਕੁਦਰਤ ਵਿਚੋਂ, ਹੁਣ ਕੋਈ ਐਸੀ ਮਿਸਾਲ ਲੈ ਕੇ ਵੇਖੀਏ, ਜਿਥੇ ਅਸੀਂ ਇਹ ਆਖ ਸਕੀਏ ਕਿ ਇਹ ਸਚ-ਮੁਚ ਵਿਸਮਾਦ-ਜਨਕ ਹੈ। ਇੱਕ ਅੰਗ੍ਰੇਜ਼ ਲਿਖਾਰੀ ਸੀ. ਟੀ. ਹਡਸਨ ਨੇ ਇੱਕ ਕਿਤਾਬ ਲਿਖੀ ਹੈ ਜਿਸ ਦਾ ਨਾਮ ਹੈ "ਪੰਛੀ ਤੇ ਮਨੁੱਖ" (Birds & Men)। ਇਸ ਪੁਸਤਕ ਵਿਚ ਉਹ ਲਿਖਦਾ ਹੈ: ਮੇਰੇ ਭਰਾ ਦਾ ਭੇਡਾਂ ਦਾ ਇੱਕ ਵਾੜਾ ਸੀ। ਬਸੰਤ ਦੀ ਰੁੱਤ ਸੀ, ਜਦੋਂ ਕੂੰਜਾਂ ਦੇ ਝੁੰਡਾਂ ਦੇ ਝੁੰਡ ਦੱਖਣ ਵਲ ਉਡਦੇ ਜਾ ਰਹੇ ਸਨ, ਪਰ ਮੇਰੇ ਭਰਾ ਨੇ ਆਪਣੇ ਵਾੜੇ ਦੇ ਪਾਸ ਕੂੰਜਾਂ ਦਾ ਇੱਕ ਜੋੜਾ ਵੇਖਿਆ, ਜੋ ਉਹਨਾਂ ਝੁੰਡਾਂ ਤੋਂ ਪਿੱਛੇ ਰਹਿ ਗਿਆ ਤੇ ਅਜਬ ਤਰੀਕੇ ਨਾਲ ਖੇਤਾਂ ਵਿਚ ਦੀ ਤੁਰਿਆ ਜਾ ਰਿਹਾ ਸੀ। ਮੇਰਾ ਭਰਾ ਹੈਰਾਨ ਜਿਹਾ ਹੋ ਕੇ ਉਹਨਾਂ ਦੇ ਪਿੱਛੇ ਪਿੱਛੇ ਹੋ ਤੁਰਿਆ। ਮਾਦਾ ਕੂੰਜ ਦੱਖਣ ਦੀ ਸੇਧੇ (ਜਿੱਧਰ ਨੂੰ ਕੂੰਜਾਂ ਦੇ ਝੁੰਡ ਉੱਡ ਗਏ ਸਨ)

ਤੁਰੀ ਜਾ ਰਹੀ ਸੀ ਤੇ ਉਸ ਦਾ ਕੂੰਜੋ-ਰਾਣਾ* ਕੁਝ ਵਿੱਥ ਤੇ ਅੱਗੇ ਅੱਗੇ ਜਾ ਰਿਹਾ ਸੀ, ਪਰ ਬੜਾ ਘਬਰਾਇਆ ਹੋਇਆ। ਉਹ ਮੁੜ ਮੁੜ ਪਿੱਛੇ ਤੱਕਦਾ ਸੀ ਤੇ ਆਪਣੇ ਜੀਵਨ ਦੀ ਸਾਥਣ ਕੂੰਜ ਨੂੰ ਉੱਚੀ ਉੱਚੀ ਕੂਕਾਂ ਮਾਰਦਾ ਸੀ। ਕਦੇ ਕਦੇ ਉਹ ਉਤਾਂਹ ਅਕਾਸ਼ ਵਿਚ ਉੱਡ ਜਾਂਦਾ ਸੀ ਤੇ ਆਪਣੀ ਸਾਥਣ ਨੂੰ ਦਿਲ-ਖਿੱਚਵੀਂ, ਦਰਦ-ਭਰੀ ਸੁਰ ਵਿਚ ਬੁਲਾਂਦਾ ਸੀ। ਪਰ ਵਿਚਾਰੀ ਕੂੰਜ ਦਾ ਇੱਕ ਬਾਜ਼ੂ ਟੁਟਾ ਹੋਇਆ ਸੀ, ਉਹ ਨਿਮਾਣੀ ਉੱਡ ਤਾਂ ਸਕਦੀ ਨਹੀਂ ਸੀ। ਹਾਂ, ਦੂਜੀਆਂ ਕੂੰਜਾਂ ਵਾਂਗ ਦੇਸਾਂਤਰ ਗਮਨ* ਦੀ ਖਿੱਚ ਦੀ ਪਰੇਰੀ ਹੋਈ ਇਹ ਹਜ਼ਾਰਾਂ ਮੀਲਾਂ ਦਾ ਲੰਮਾਂ ਪੈਂਡਾ ਤੁਰ ਕੇ ਮੁਕਾਣ ਦਾ ਜਤਨ ਕਰ ਰਹੀ ਸੀ। ਉਸ ਦਾ ਨਰ ਸਾਥੀ ਕੂੰਜਾਂ ਦੇ ਝੁੰਡ ਤੋਂ ਵਿਛੋੜਾ ਤੱਕ ਕੇ ਤੜਪ ਉਠਦਾ ਸੀ, ਪਰ ਆਪਣੀ ਜ਼ਿੰਦਗੀ ਦੀ ਸਾਥਣ ਨੂੰ ਇਕੱਲਿਆਂ ਛੱਡ ਵੀ ਨਹੀਂ ਸੀ ਸਕਦਾ ਤੇ ਦਰਦ-ਭਰੀਆਂ ਕੂਕਾਂ ਮਾਰਦਾ ਸੀ। ਹੈ ਨਾ ਵਿਸਮਾਦ-ਜਨਕ ?

ਕੁਦਰਤ ਦਾ ਚੇਤੰਨ* ਸਜੀਵ ਤਬਕਾ ਅਜੇਹੀਆਂ ਦਰਦ ਤੇ ਬਿਰਹੋਂ-ਭਰੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ। ਫਿਰ, ਅਸੀਂ ਇਸ ਜੋੜੇ ਦੀ ਦਰਦ-ਭਰੀ ਵਿਥਿਆ ਨੂੰ 'ਵਿਸਮਾਦ-ਜਨਕ' ਕਿਉਂ ਆਖ ਰਹੇ ਹਾਂ ? ਜਦੋਂ ਅਸੀਂ ਰਤਾ ਸੋਚਦੇ ਹਾਂ ਤਾਂ ਇਹ ਵਿਥਿਆ ਸਾਨੂੰ ਇਸ ਵਾਸਤੇ ਵਿਸਮਾਦ ਪੈਦਾ ਕਰਨ ਵਾਲੀ ਦਿਸਦੀ ਹੈ ਕਿ ਇਹ ਪੰਛੀਆਂ ਤੇ ਮਨੁੱਖਾਂ ਦੇ ਰਵੱਈਏ ਤੇ ਸੁਭਾਵ ਵਿਚ ਇੱਕ ਹੈਰਾਨ ਕਰਨ ਵਾਲੀ ਸਾਂਝ ਜ਼ਾਹਿਰ ਕਰਦੀ ਹੈ। ਅਸੀਂ ਵੇਖਦੇ ਹਾਂ ਕਿ ਸਾਡੀ ਮਨੁੱਖ ਆਤਮਾ ਦਾ ਵੀ ਕੇਂਦਰੀ ਰਾਜ਼ ਉਹੀ ਹੈ ਜੋ ਹੋਰ ਜੀਵਾਂ ਦਾ ਹੈ। ਜਿਧਰ ਵੀ ਤਕੋ, ਜੀਵਨ ਕੀ ਹੈ ? "ਜੀਵਨ ਪਿਆਰ ਹੈ।"

ਜਿਉਂ ਜਿਉਂ ਸਾਇੰਸ ਸਜੀਵ ਕੁਦਰਤ ਦੀ ਜੀਵਨ-ਕਿਰਿਆ* ਨੂੰ ਖੋਜ ਰਹੀ ਹੈ, ਤਿਉਂ ਤਿਉਂ ਇਹ ਭੇਤ ਹੋਰ ਵਧੀਕ ਡੂੰਘਾ ਦਿੱਸ ਰਿਹਾ ਹੈ; ਉਂਞ ਇਹ ਨਾ ਕੋਈ ਕਰਾਮਾਤ ਹੈ, ਨਾ ਜਾਦੂ। ਜ਼ਿੰਦਗੀ ਦਾ

ਡੂੰਘਾ ਭੇਤ ਤਾਂ ਭਾਵੇਂ ਕੁਝ ਵੀ ਹੋਵੇ, ਪਰ ਇਹ ਜੀਵਨ-ਕਿਰਿਆ ਇਕ ਐਸੀ ਕਿਰਿਆ ਹੈ ਜੋ ਬੇਅੰਤ ਤਰੀਕਿਆਂ ਨਾਲ ਪਰਗਟ ਹੋ ਰਹੀ ਹੈ। ਹਿੰਦੂ ਮਤ ਨੇ ਢੇਰ ਪੁਰਾਣੇ ਸਮੇਂ ਤੋਂ ਚੁਰਾਸੀ ਲੱਖ ਜੂਨਾਂ ਮੰਨੀਆਂ ਹਨ, ਸਾਇੰਸ ਨੇ ਵੀ ਹੁਣ ਤਕ ਪੰਜ ਲੱਖ ਤਾਂ ਸਹੀ ਕਰ ਲਈਆਂ ਹਨ। ਇਥੇ ਹੈਰਤ ਪੈਦਾ ਕਰਨ ਵਾਲੀ ਗੱਲ ਇਹ ਹੈ ਕਿ ਹਰੇਕ ਜੂਨ ਆਪਣੀ ਕਿਸਮ ਦੀ ਆਪ ਹੀ ਹੈ, ਦੂਜੀ ਕਿਸਮ ਨਾਲ ਕੋਈ ਰਲਾ ਨਹੀਂ ਹੋ ਸਕਦਾ। ਮਿਸਾਲ ਦੇ ਤੌਰ ਤੇ ਲਵੋ ਘੋੜਾ ਤੇ ਖੋਤਾ। ਇਹ ਦੋਵੇਂ ਨੇੜੇ ਦੀਆਂ ਹੀ ਰਲਦੀਆਂ ਮਿਲਦੀਆਂ ਜੂਨਾਂ ਹਨ, ਪਰ ਸਾਇੰਸ-ਵੇਤਾ ਦਸਦੇ ਹਨ ਕਿ ਘੋੜੇ ਦੇ ਸੁੱਕੇ ਹੋਏ ਲਹੂ ਦੇ ਕਿਣਕੇ ਖੋਤੇ ਦੇ ਲਹੂ ਦੇ ਕਿਣਕਿਆਂ ਨਾਲੋਂ ਵਖਰੀ ਕਿਸਮ ਦੇ ਹਨ।

ਜਗਤ ਦੀ ਰਚਨਾ ਦੋ ਕਿਸਮ ਦੀ ਮਿਥੀ ਗਈ ਹੈ। ਇੱਕ ਜੜ੍ਹ* ਜਾਂ ਨਿਰਜੀਵ, ਦੂਜੀ ਜਾਨਦਾਰ, ਸਜੀਵ ਜਾਂ ਸਜਿੰਦ। ਬਨਸਪਤੀ ਵੀ ਸਜਿੰਦ ਹੀ ਮੰਨੀ ਗਈ ਹੈ। ਇਸ ਸਜਿੰਦ ਰਚਨਾ ਵਿਚ ਇਹ ਖ਼ੂਬੀ ਹੈ ਕਿ ਇਹ ਬੜੀ ਛੇਤੀ ਵਧਦੀ ਹੈ। ਜ਼ਿੰਦਗੀ ਇੱਕ ਵਗਦਾ ਦਰਿਆ ਸਮਝ ਲਵੋ, ਜੋ ਕੰਢਿਆਂ ਤੋਂ ਉੱਛਲ ਰਿਹਾ ਹੈ। ਸਾਇੰਸ ਦਸਦੀ ਹੈ ਕਿ ਸਿਰਫ਼ ਇੱਕ ਰੁੱਖ ਦੀ ਨਸਲ ਜੇ ਵਧਣ ਦਿੱਤੀ ਜਾਵੇ ਤਾਂ ਇਹ ਇੱਕੀ ਸਾਲਾਂ ਵਿਚ ਦੱਸ ਲੱਖ ਤੋਂ ਵਧੀਕ ਹੋ ਜਾਂਦੀ।

ਇਸ ਸਜਿੰਦ ਰਚਨਾ ਵਿਚ ਇੱਕ ਹੋਰ ਗੁਣ ਵੀ ਹੈ ਜੋ ਹੈਰਤ ਪੈਦਾ ਕਰ ਦੇਂਦਾ ਹੈ, ਉਹ ਹੈ ਇਸ ਦੀ 'ਵਿਆਪਕਤਾ'*। ਜਿਥੇ ਵੀ ਵੇਖੋ, ਕਿਸੇ ਨ ਕਿਸੇ ਜੂਨ ਦੀ ਸ਼ਕਲ ਵਿਚ ਜਿੰਦ ਹਰ ਥਾਂ ਮੌਜੂਦ ਹੈ। ਹੁਣ ਤਕ ਸਾਇੰਸ ਨੇ ਜਿਸ ਜ਼ਿੰਦਗੀ ਦਾ ਪਤਾ ਕਢਿਆ ਹੈ, ਉਸ ਨੂੰ 'ਪ੍ਰੋਟੋਪਲੈਜ਼ਮਿਕ' ਆਖਦੇ ਹਨ, ਇਹ ਜ਼ਿੰਦਗੀ ਸਿਰਫ਼ ਧਰਤੀ ਉਤੇ ਹੀ ਮੁਮਕਿਨ ਹੋ ਸਕਦੀ ਹੈ, ਕਿਉਂਕਿ 'ਪ੍ਰੋਟੋਪਲੈਜ਼ਮ'* ਦੇ ਜੀਉਂਦੇ ਰਹਿਣ ਲਈ ਪਾਣੀ ਦੀ ਲੋੜ ਹੈ :

## "ਪਹਿਲਾ ਪਾਣੀ ਜੀਉ ਹੈ।"

ਸਾਡੀ ਧਰਤੀ ਉਤੇ 'ਜੀਵ' ਤਕਰੀਬਨ ਹਰ ਥਾਂ ਹਨ ਭਾਵੇਂ ਸਮੁੰਦਰ ਦੇ ਹੇਠ ਛੇ ਮੀਲ ਦੀ ਡੂੰਘਾਈ ਤੇ ਚਲੇ ਜਾਵੋ ਤੇ ਭਾਵੇਂ ਉੱਚੇ ਤੋਂ ਉੱਚੇ ਪਰਬਤ ਦੀਆਂ ਚੋਟੀਆਂ ਤੇ। ਕਈ ਕਈ ਪਸ਼ੂ-ਸ਼੍ਰੇਣੀ ਦੇ ਜੀਵ ਤਾਂ ਐਸੇ ਸੁਭਾਵ ਵਾਲੇ ਹਨ ਕਿ ਵੇਖ ਕੇ ਮਨੁੱਖ ਦੀ ਅਕਲ ਹੈਰਤ ਵਿਚ ਗੁੰਮ ਹੋ ਜਾਂਦੀ ਹੈ। ਡੂੰਘੇ ਖੁਲ੍ਹੇ ਸਮੁੰਦਰਾਂ ਵਿਚ ਇੱਕ ਮੱਛੀ ਰਹਿੰਦੀ ਹੈ, ਜਿਸ ਨੂੰ 'ਸਟਾਰਮੀ ਪੀਟਰਲ' (Stormy Petrel) ਆਖਦੇ ਹਨ। ਇਹ ਧਰਤੀ ਉੱਤੇ ਸਿਰਫ਼ ਬੱਚੇ ਦੇਣ ਆਉਂਦੀ ਹੈ। ਧਰਤੀ ਦੇ ਅੰਦਰ ਹਨੇਰੇ ਵਿਚ ਤਾਂ ਬੇਅੰਤ ਹੀ ਜੀਵ ਰਹਿੰਦੇ ਹਨ।

ਧਰਤੀ ਉੱਤੇ ਥਾਂ ਥਾਂ ਤੇ ਵਖੋ ਵਖ ਜਲ-ਵਾਯੂ ਹਨ, ਹਰੇਕ ਜਲ-ਵਾਯੂ ਵਿਚ ਹਰੇਕ ਜੀਵ ਜੀਉ ਨਹੀਂ ਸਕਦਾ। ਸੋ, ਕਿਸੇ ਭੀ ਜਲ-ਵਾਯੂ ਮੰਡਲ ਵਿਚ ਜਾ ਕੇ ਵੇਖੋ, ਜੋ ਜੀਵ ਉਥੇ ਵਸਦੇ ਹਨ, ਉਹਨਾਂ ਦੀ ਸਰੀਰਕ ਬਣਤਰ ਵੀ ਐਸੀ ਹੈ ਕਿ ਉਸ ਜਲ-ਵਾਯੂ ਨਾਲ ਉਹ ਰਚੇ-ਮਿਚੇ ਹੋਏ ਹਨ। ਹਰੇਕ ਜੀਵ ਨੂੰ 'ਮੁਆਫ਼ਕਤ'* ਦੀ ਮੁਜੱਸਮ ਸੂਰਤ ਸਮਝ ਲਵੋ। ਇਹ ਕਿਵੇਂ ਹੋ ਗਿਆ? ਇਸ ਦੀਆਂ ਜੋ ਜੀ ਚਾਹੇ ਮਨ-ਘੜਤਾਂ ਘੜ ਲਵੋ।

ਮਿਸਾਲ ਦੇ ਤੌਰ ਤੇ ਛਛੂੰਦਰ ਵਲ ਵੇਖੋ। ਇਹ ਧਰਤੀ ਦੇ ਅੰਦਰ ਰਹਿੰਦੀ ਹੈ। ਤੱਕੋ, ਕਿਵੇਂ ਇਸ ਦਾ ਹਰੇਕ ਅੰਗ ਖੁੱਡਾਂ ਵਿਚ ਜੀਊਣ ਲਈ ਫਬਵਾਂ ਬਣਿਆ ਹੋਇਆ ਹੈ। 'ਨਾਲ' ਵਰਗਾ ਜਿਸਮ, ਲੰਮੀ ਥੂਥੀ; ਬੇਲਚੇ ਵਰਗੇ ਹੱਥ, ਵਰਜ਼ਿਸ਼ੀ ਮਨੁੱਖ ਵਰਗੇ ਕਮਾਏ ਹੋਏ ਛਾਤੀ ਦੇ ਪੱਠੇ ਚੰਗੀ ਬਣਤਰ ਵਿਚ ਸਾਂਭੀਆਂ ਹੋਈਆਂ ਅੱਖਾਂ ਅਤੇ ਇਸ ਦਾ ਬੜਾ ਤੇਜ਼ ਹਾਜ਼ਮਾ। ਪਸ਼ੂ ਸ਼੍ਰੇਣੀ ਦੇ ਹਰੇਕ ਜੀਵ ਦਾ ਇਹੀ ਹਾਲ ਹੈ। ਕੀ ਇਹ ਵਿਸਮਾਦ-ਜਨਕ ਨਹੀਂ! ਕੁਦਰਤ ਦੀ ਕੈਸੀ ਅਜਬ ਸੁੰਦਰ ਕਾਰੀਗਰੀ ਹੈ!

ਫੇਰ ਤਕੋ ਇਸ ਕਾਰੀਗਰੀ ਵਿਚ ਸੁਹਜ ਤੇ ਖ਼ੂਬਸੂਰਤੀ, ਕਿਸਮ ਕਿਸਮ ਦੇ ਰੂਪ ਤੇ ਕਿਸਮ ਕਿਸਮ ਦੇ ਰੰਗ। ਖ਼ਾਸ ਤੌਰ ਤੇ ਉੱਥੇ ਜੀਵ ਖੁਲ੍ਹੇ ਕੁਦਰਤੀ ਨਜ਼ਾਰਿਆਂ ਵਿਚ ਮੌਜਾਂ ਲੈ ਰਹੇ ਹਨ। ਭਾਵੇਂ ਉੱਥੇ ਕਈ ਜੰਗਲੀ ਜਾਨਵਰ ਮਨੁੱਖ ਦੇ ਮਾਰੂ ਹਨ ਤੇ ਜਿੰਦ ਦੀ ਖ਼ਾਤਰ ਮਨੁੱਖ ਨੂੰ ਉਹਨਾਂ ਤੋਂ ਡਰ ਲਗਦਾ ਹੈ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹਨਾਂ ਦੀ ਸਰੀਰਕ ਬਣਤਰ ਦੀ ਖ਼ੂਬਸੂਰਤੀ ਵਿਚ ਕਮਾਲ ਹੈ। ਸੱਪ ਵਲ ਹੀ ਵੇਖੋ, ਭਾਵੇਂ ਇਸ ਦੇ ਜ਼ਹਿਰੀਲੇਪਨ ਦੇ ਕਾਰਨ ਇਸ ਤੋਂ ਦਹਿਸ਼ਤ ਆ ਜਾਂਦੀ ਹੈ; ਪਰ ਤਕੋ ਇਸ ਦੇ ਰੰਗਾਂ ਦੀ ਸੁੰਦਰਤਾ, ਇੱਕ ਦੂਜੇ ਤੋਂ ਵਧੀਆ।

ਇਸ ਸਜਿੰਦ ਰਚਨਾ ਦਾ ਇੱਕ ਹੋਰ ਪਾਸਾ ਵੀ ਬੜਾ ਵਿਸਮਾਦ-ਜਨਕ ਹੈ। ਇਹਨਾਂ ਦੀ ਸਰੀਰਕ ਬਣਤਰ ਵਿਚ ਹੱਦ ਦਰਜੇ ਦੀਆਂ ਗੁੰਝਲਾਂ ਹਨ। ਕਿਸੇ ਪੰਛੀ ਦਾ ਇੱਕ ਖੰਭ ਲੈ ਕੇ ਖ਼ੁਰਦਬੀਨ ਹੇਠ ਰਖ ਕੇ ਵੇਖੋ, ਸੈਂਕੜੇ ਹਜ਼ਾਰਾਂ ਵੱਖੋ ਵੱਖ ਹਿੱਸੇ ਦਿਸਣਗੇ। ਸਾਇੰਸ ਵਾਲੇ ਦੱਸਦੇ ਹਨ ਕਿ ਵੇਲ ਮੱਛੀ ਦੀ ਮੁੱਛ ਦੇ ਇੱਕ ਵਾਲ ਵਿਚ ਚਾਰ ਸੌ ਸੂਖਮ ਨੱਸਾਂ* ਹੁੰਦੀਆਂ ਹਨ। ਇਨਸਾਨ ਦੇ ਦਿਮਾਗ਼ ਵਿਚ ਸੂਖਮ ਨੱਸਾਂ ਦੇ ਕਰੋੜਾਂ ਹੀ ਘੁਰੇ ਹਨ ਅਤੇ ਅਣਗਿਣਤ ਹੀ ਆਣੂ* ਤੇ ਬਿਜ-ਲਾਣੂ* ਹਨ ਤੇ ਉਹਨਾਂ ਵਿਚ ਪੈ ਰਹੀਆਂ ਲਹਿਰਾਂ ਤੇ ਥੱਰਾਟਾਂ। ਨਿਰੋਏ ਮਨ ਵਾਲੇ ਦਿਮਾਗ਼ ਵਿਚ ਇਹ ਸਾਰੇ ਹੀ ਬੇਅੰਤ ਆਣੂ-ਪ੍ਰਮਾਣੂ ਆਪੋ ਵਿਚ ਦੋ ਰਲਵੀਂ ਬੱਝਵੀਂ ਮਰਯਾਦਾ* ਵਿਚ ਦੌੜ-ਭੱਜ ਕਰਦੇ ਹਨ।

ਜੋਤਿਸ਼ ਵਿਦਿਆ* ਵਾਲੇ ਜਦੋਂ ਤਾਰਿਆਂ ਤੇ ਨੱਛਤ੍ਰਾਂ* ਦਾ ਹਾਲ ਦੱਸਦੇ ਹਨ, ਤਾਂ ਇਨ੍ਹਾਂ ਤਾਰਿਆਂ ਦੀ ਸਾਡੀ ਧਰਤੀ ਤੋਂ ਕਰੋੜਾਂ ਮੀਲਾਂ ਦੀ ਵਿਥ ਹੈਰਾਨ ਕਰ ਦੇਂਦੀ ਹੈ। ਜੀਆਂ ਜੰਤਾਂ ਦੀ ਵਿਦਿਆ ਵਾਲੇ ਦੱਸਦੇ ਹਨ ਕਿ ਕਈ ਐਸੇ ਜੀਵ ਹਨ ਜਿਨ੍ਹਾਂ ਦੇ ਜਿਸਮ ਵਿਚ ਲੱਖਾਂ ਹੀ

ਘੁਰੇ (Cells) ਹੁੰਦੇ ਹਨ। ਅਤੇ ਹਰੇਕ ਘੁਰੇ ਦਾ ਆਪੋ ਆਪਣਾ ਕੇਂਦਰੀ 'ਪਿੱਤਾ' (Nucleus) ਹੁੰਦਾ ਹੈ। ਬਾਗ਼ ਵਿਚ ਪੜ੍ਹਦਿਆਂ ਤੁਹਾਡੀ ਕਿਤਾਬ ਉਤੇ ਇਕ ਨਿੱਕਾ ਜਿਹਾ ਕੀੜਾ ਆ ਬੈਠਦਾ ਹੈ, ਜੋ ਇੱਕ ਨਿੱਕੇ ਜਿਹੇ ਅੱਖਰ ਤੋਂ ਵੀ ਛੋਟਾ ਹੈ, ਪਰ 'ਬਾਇਆਲੋਜੀ'* ਵਿਦਿਆ ਵਾਲੇ ਉਸ ਨੂੰ ਖ਼ੁਰਦਬੀਨ ਹੇਠ ਰਖ ਕੇ ਦੱਸਦੇ ਹਨ ਕਿ ਉਸ ਕੀੜੇ ਦਾ ਦਿਮਾਗ਼ ਵੀ ਹੈ, ਖ਼ੁਰਾਕ ਵਾਲੀ ਨਾਲੀ ਵੀ ਹੈ, ਸਾਹ ਲੈਣ ਵਾਲੀਆਂ ਨਾਲੀਆਂ ਵੀ ਹਨ। ਇਹੋ ਹੀ ਹਾਲ ਫੁੱਲਾਂ ਤੇ ਪੱਤਿਆਂ ਦੀ ਬਣਤਰ ਦਾ ਹੈ।

ਇੱਕ ਅੰਗ੍ਰੇਜ਼ੀ ਸਾਇੰਸਦਾਨ ਲਿਖਦਾ ਹੈ ਕਿ ਜਦੋਂ ਤੁਰਨ ਲਗਿਆਂ ਅਸੀਂ ਇੱਕ ਲੱਤ ਚੁਕ ਕੇ ਅਗਾਂਹ ਰਖਣ ਲਗਦੇ ਹਾਂ ਤਾਂ ਇਤਨੇ ਸਮੇਂ ਵਿਚ ਸਾਡੇ ਚੁਰੰਜਾ ਪੱਠੇ ਹਰਕਤ ਵਿਚ ਆਉਂਦੇ ਹਨ, ਸਾਰੇ ਇਕੋ ਵਾਰੀ ਨਹੀਂ, ਸਗੋਂ ਬੜੀ ਸੂਖਮ ਤਰਤੀਬ ਤੇ ਪੂਰੀ ਜੁਗਤ ਨਾਲ। ਨਿਰੋਏ ਮਨੁੱਖ ਵਿਚ ਇਹ ਤਰਤੀਬ ਤੇ ਜੁਗਤ ਸਦਾ ਇਕਸਾਰ ਰਹਿੰਦੀ ਹੈ, ਜਿਵੇਂ ਇਹ ਸਾਰੇ ਪੱਠੇ ਕਿਸੇ ਖ਼ਾਸ ਜਥੇਬੰਦੀ ਵਿਚ ਹਨ ਤੇ ਇਹਨਾਂ ਦੇ ਕਾਰੀਗਰ ਨੇ ਬੜੀ ਸਿਆਣਪ ਨਾਲ ਜੋੜ ਕੇ ਰਖੇ ਹਨ। ਇਹੀ ਹਾਲ ਜਿਸਮ ਦੇ ਬਾਕੀ ਪੱਠਿਆਂ ਦਾ ਹੈ।

ਇਹ ਠੀਕ ਹੈ ਕਿ ਹਰੇਕ ਗੁੰਝਲਦਾਰ ਮਸ਼ੀਨ ਦੇ ਪੁਰਜ਼ੇ ਤਰਤੀਬ ਤੇ ਪੂਰੀ ਜੁਗਤ ਨਾਲ ਹੀ ਮਿਲਵਾਂ ਕੰਮ ਕਰਦੇ ਹਨ, ਤਾਂ ਹੀ ਸਾਰੀ ਮਸ਼ੀਨ ਠੀਕ ਕੰਮ ਦੇ ਸਕਦੀ ਹੈ। ਪਰ ਇਸ ਮਸ਼ੀਨ ਦੀ ਬਣਤਰ ਚੇਤੰਨ-ਹਸਤੀ ਮਨੁੱਖ ਨੇ ਬਣਾਈ ਹੈ। ਇਸੇ ਤਰ੍ਹਾਂ ਮਨੁੱਖ ਦੇ ਜਿਸਮ ਦੀ ਮਸ਼ੀਨ ਵੀ ਕਿਸੇ ਪੂਰੇ ਕਾਰੀਗਰ ਦੀ ਸਿਆਣਪ ਨਾਲ ਹੀ ਬਣੀ ਹੈ।

ਇਨਸਾਨੀ ਜਿਸਮ ਦੀ ਮਸ਼ੀਨ ਵਿਚ ਇੱਕ ਹੋਰ ਵਾਧਾ ਹੈ। ਇਹ ਮਸ਼ੀਨ ਆਪਣੇ ਆਪ ਚਲਦੀ ਰਹਿੰਦੀ ਹੈ, ਆਪਣੇ ਆਪ ਹੀ ਮੁਰੰਮਤ ਹੋ ਜਾਂਦੀ ਹੈ, ਆਪਣੇ ਆਪ ਹੀ ਨਿੱਕੇ ਜਿਹੇ ਆਕਾਰ* ਤੋਂ ਵੱਡੇ ਆਕਾਰ ਵਿਚ ਆ ਜਾਂਦੀ ਹੈ, ਤੇ ਆਪਣੇ ਆਪ ਹੀ ਗਿਣਤੀ ਵਿਚ

ਵਧਦੀ ਜਾਂਦੀ ਹੈ। ਫਿਰ, ਇਹ ਮਸ਼ੀਨ ਸੂਝ ਸੂਰਤ* ਵਾਲੀ ਵੀ ਹੈ।

ਅਸੀਂ ਮਨੁੱਖ ਦੀਆਂ ਬਣਾਈਆਂ ਮਸ਼ੀਨਾਂ ਵੇਖ ਕੇ, ਅੱਜ ਦੀ ਸਾਇੰਸ ਦੇ ਕਮਾਲ ਤੇ ਹੈਰਾਨ ਹੁੰਦੇ ਹਾਂ। ਕੀ ਇਹ ਇਨਸਾਨੀ ਜਿਸਮ ਦੀ ਮਸ਼ੀਨ ਵੀ ਵਿਸਮਾਦ-ਜਨਕ ਹੈ ?

ਦੋ ਹਜ਼ਾਰ ਸਾਲ ਤੋਂ ਵਧੀਕ ਬੀਤ ਚੁਕੇ ਹਨ ਜਦੋਂ ਅਰਸਤੂ ਨੇ ਇਕ ਆਂਡੇ ਦੇ ਅੰਦਰ ਚੂਚੇ ਦੀ ਪੈਦਾਇਸ਼ ਨੂੰ ਬੜੇ ਗਹੁ ਨਾਲ ਪਰਖ ਕੇ ਵੇਖਿਆ, ਉਸ ਦੀਆਂ ਕਈ ਵਿਚਾਰਾਂ ਇਸ ਵੇਲੇ ਵੀ ਸੁਆਦਲੀਆਂ ਹਨ। ਇਸ ਵੇਲੇ ਵੀ ਇਹ ਖ਼ਿਆਲ ਇਕ ਵਿਚਾਰਵਾਨ ਮਨੁੱਖ ਨੂੰ ਹੈਰਤ ਵਿਚ ਲੈ ਆਉਂਦਾ ਹੈ ਕਿ ਕਿਵੇਂ ਇਕ ਸਾਦਾ ਜਿਹੀ ਦਿਸਦੀ ਸ਼ੈ ਤੋਂ ਇਕ ਬੜੀ ਗੁੰਝਲਦਾਰ ਜਿਸਮਾਨੀ ਬਨਾਵਟ ਵਾਲਾ ਚੂਚਾ ਬਣ ਜਾਂਦਾ ਹੈ। ਉਸ ਸਾਦਾ ਜਿਹੀ ਚੀਜ਼ ਵਿਚ ਪਹਿਲਾਂ ਚੂਚੇ ਦਾ ਕੋਈ ਅੰਗ ਨਹੀਂ ਦਿਸਦਾ। ਫਿਰ ਇਸ ਅਣ-ਦਿਸਦੀ ਹਾਲਤ ਤੋਂ ਇਕ ਜਿਸਮ ਦਿਸ ਪੈਂਦਾ ਹੈ, ਇੱਕ ਹੀ 'ਘੁਰੇ' ਤੋਂ ਕਈ ਅੰਗ ਬਣ ਜਾਂਦੇ ਹਨ। ਇਹ ਇਕ ਬੇ-ਮਿਸਾਲ ਗੱਲ ਹੈ।

ਇੱਕ ਸੁਆਦਲੀ ਨਿੱਕੀ ਜਿਹੀ ਕਹਾਣੀ ਹੈ। ਇਕ ਪੇਂਡੂ ਅੰਗ੍ਰੇਜ਼ ਇਕ ਵਾਰੀ ਲੰਡਨ ਸ਼ਹਿਰ ਵਿਚ ਆ ਗਿਆ। ਇਕ ਬਜ਼ਾਰ ਵਿਚ ਇਕ ਦੁਕਾਨ ਦੀ ਬਾਰੀ ਵਿਚ ਅੰਡੇ ਸੇਣ ਵਾਲੀਆਂ ਕਲਾਂ (Chick-incubators) ਵਿਕਾਊ ਪਈਆਂ ਸਨ। ਕਈਆਂ ਆਂਡਿਆਂ ਦੇ ਸਿੱਕੜਾਂ* ਵਿਚੋਂ ਨਿੱਕੇ ਨਿੱਕੇ ਚੂਚੇ ਪੂਰੀ ਸ਼ਕਲ ਧਾਰ ਕੇ ਬਾਹਰ ਨਿਕਲ ਰਹੇ ਸਨ। ਪੇਂਡੂ ਦੀ ਨਜ਼ਰ ਇਹਨਾਂ ਨਵੇਂ ਜੰਮਦੇ ਚੂਚਿਆਂ ਤੇ ਪਈ, ਉਹ ਦੁਕਾਨ ਦੇ ਸਾਹਮਣੇ ਖਲੋ ਗਿਆ ਤੇ ਆਪਣੇ ਸਾਥੀਆਂ ਨੂੰ ਆਖਣ ਲਗਾ– ਵਾਹ ਵਾਹ ! ਕਿਆ ਅਜਬ ਕੁਦਰਤ ਹੈ ! ਇਹ ਹੈ ਵੇਖਣ ਵਾਲੀ ਚੀਜ਼ ! ਕੁਦਰਤ ਦਾ ਇਹ ਹੈਰਤ ਵਿਚ ਲਿਆਉਣ ਵਾਲਾ ਕੌਤਕ* ਵੇਖਣ ਤੋਂ ਪਿਛੋਂ ਕੋਈ ਬੇਸ਼ੱਕ ਟੱਕਰਾਂ ਪਿਆ ਮਾਰੇ ਤੇ ਆਖੇ ਕਿ "ਰੱਬ ਨਹੀਂ ਹੈ"।

ਜਿਸ ਨੇ ਇਕ ਕੌਤਕ ਵੇਖ ਲਿਆ ਹੈ, ਉਸ ਨੂੰ ਰੱਬ ਦੀ ਹੋਂਦ ਤੇ ਕਦੀ ਕੋਈ ਸ਼ੱਕ ਨਹੀਂ ਪੈ ਸਕਦਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਇੰਸ ਨੇ ਇਸ ਉਤਪੱਤੀ* ਬਾਰੇ ਕਈ ਗੱਲਾਂ ਸਮਝਾ ਦਿੱਤੀਆਂ ਹਨ, ਪਰ ਉਹ ਅਸਲ ਰਾਜ਼ ਅਜੇ ਵੀ ਬੇਅੰਤ ਵਿਥ ਤੇ ਹੈ। 'ਸਜੀਵ ਮਾਦੇ' ਦੀ ਇਕ ਬੂੰਦ ਵਿਚ (ਜਿਸ ਦੇ ਅੰਦਰ ਇਕ ਅੱਤਿ ਸੂਖਮ ਕੇਂਦਰ ਹੈ) ਸਾਰੀ ਜਿਸਮਾਨੀ ਬਣਤਰ ਲੁਕੀ ਪਈ ਹੈ। ਇਹ ਕਿਵੇਂ ਹੈ ? ਫਿਰ, ਉਹ ਸੂਖਮ ਬਣਤਰ ਵਧ ਫੂਲ ਕੇ ਇਹ ਸੁਹਣਾ ਚੂਚਾ ਬਣ ਜਾਂਦਾ ਹੈ। ਇਹ ਇਕ ਐਸਾ ਰਾਜ਼* ਹੈ ਜੋ ਮਨੁੱਖ ਨੂੰ ਹੈਰਤ ਵਿਚ ਲੈ ਆਉਂਦਾ ਹੈ, ਜੋ ਵਿਸਮਾਦ-ਜਨਕ ਹੈ।

ਮਨੁੱਖ ਦੀ ਜਿਸਮਾਨੀ ਬਨਾਵਟ ਲੱਖਾਂ ਸਾਲਾਂ ਦੇ ਵਿਕਾਸ਼* ਦਾ ਨਤੀਜਾ ਹੈ। ਹੋਰ ਪਿਛਾਂਹ ਤੁਰੇ ਜਾਉ ਤੇ ਇਹ ਕਹਿ ਦਿਓਗੇ ਕਿ ਇਸ ਤੋਂ ਪਹਿਲਾਂ "ਕੁਦਰਤ ਦਾ ਕਾਨੂੰਨ" ਮੌਜੂਦ ਸੀ। ਇਕ ਧਾਰਮਕ ਸੁਭਾ ਵਾਲਾ ਮਨੁੱਖ ਆਖੇਗਾ ਕਿ "ਪਰਮਾਤਮਾ ਦੀ ਤਾਕਤ" ਇਸ ਸਾਰੇ ਜਗਤ-ਖੇਲ ਦੇ ਪਿਛੇ ਹੈ। ਪਰ ਰਤਾ ਸੁਰਤ ਜੋੜ ਕੇ ਤਕੋ, ਕਿਤਨੀ ਹੈਰਤ ਪੈਦਾ ਕਰਨ ਵਾਲਾ, ਕਿਤਨਾ ਵਿਸਮਾਦ-ਜਨਕ ਇਹ ਖੇਲ ਹੈ !

ਜ਼ਿੰਦਗੀ ਦਾ ਇਕ ਹੋਰ ਪਾਸਾ ਵੀ ਹੈ ਜੋ ਵਿਸਮਾਦ ਦਸ਼ਾ ਪੈਦਾ ਕਰਦਾ ਹੈ, ਉਹ ਹੈ ਜ਼ਿੰਦਗੀ ਦਾ ਰੱਵਈਆ, ਜ਼ਿੰਦਗੀ ਦੇ ਲੱਛਣ। ਬੇ-ਅੰਤ ਜੂਨੀਆਂ ਦੇ ਜੀਵਾਂ ਵਲ ਗਹੁ ਨਾਲ ਵੇਖੋ, ਜੀਵਾਂ ਦੀ ਕ੍ਰਿਆ ਵਿਚ ਬੜਾ ਹੀ ਫ਼ਰਕ ਹੈ। ਜੀਵਾਂ ਦੀ ਸਾਰੀ ਹੀ ਲੜੀ ਦਾ ਰੁਖ਼ ਸਦਾ ਹੀ ਇਕ ਖ਼ਾਸ ਪਾਸੇ ਵਲ ਹੁੰਦਾ ਹੈ, ਭਾਵ, ਹਰੇਕ ਕਿਸਮ ਦੇ ਜੀਵ ਦੇ ਸਾਹਮਣੇ ਹਰ ਵੇਲੇ ਆਪਣੀ ਰਖਿਆ ਤੇ ਆਪਣੀ ਭਲਾਈ ਦਾ ਨਿਸ਼ਾਨਾ ਮੌਜੂਦ ਹੈ। ਨਿੱਕੀ ਤੋਂ ਨਿੱਕੀ ਕੀੜੀ ਤੋਂ ਲੈ ਕੇ ਮਨੁੱਖ ਤਕ ਸਭ ਵਿਚ ਇਹ ਲੱਛਣ ਸਾਫ਼ ਪਰਗਟ ਹੈ।

ਇਕ ਨਿੱਕਾ ਜਿਹਾ ਕ਼ਹਿਣਾ (Spider) ਜਿਸ ਨੇ ਪਹਿਲਾਂ ਕਦੇ ਤਾਣਾ ਨਹੀਂ ਤਣਿਆ, ਜਦੋਂ ਜਾਲਾ ਤਣਦਾ ਹੈ, ਹੂ-ਬ-ਹੂ ਉਸੇ ਨਮੂਨੇ ਦਾ

ਹੁੰਦਾ ਹੈ ਜੋ ਉਸ ਤੋਂ ਪਹਿਲੇ ਕਹਿਣੇ ਬਣਾਂਦੇ ਆਏ ਹਨ। ਕਿਤੋਂ ਉਸ ਨੂੰ ਨਕਲ ਕਰਨ ਦੀ ਲੋੜ ਨਹੀਂ ਪੈਂਦੀ। ਜਾਲੇ ਦੀਆਂ ਸਾਰੀਆਂ ਗੁੰਝਲਾਂ, ਸਾਰੀਆਂ ਤਾਰਾਂ, ਬਿਨਾਂ ਕਿਸੇ ਝਿਜਕ ਤੇ ਸ਼ੱਕ ਦੇ, ਉਹ ਤਣੀ ਜਾਂਦਾ ਹੈ; ਕਿਤੇ ਉਸ ਨੂੰ ਸ਼ਾਗਿਰਦੀ ਕਰਨ ਦੀ ਲੋੜ ਨਹੀਂ ਪੈਂਦੀ। ਸਿਆਣੇ ਆਖਦੇ ਹਨ ਕਿ ਇਹ ਤਾਂ ਇਸ ਵਿਚ 'ਜਮਾਂਦਰੂ ਗੁਣ' ਹੈ, ਪਰ ਕਈ ਐਸੇ ਪਸ਼ੂ-ਪੰਛੀ ਹਨ ਜੋ ਆਪਣੀ ਕ੍ਰਿਆਂ ਵਿਚ ਇਹ ਜਮਾਂਦਰੂ ਗੁਣ ਵੀ ਵਿਖਾਂਦੇ ਹਨ ਤੇ 'ਸਮਝ' ਦਾ ਲੱਛਣ ਵੀ। ਕੁੱਤੇ, ਘੋੜੇ, ਹਾਥੀ, ਬਾਂਦਰ ਵਿਚ ਇਹ ਗੱਲਾਂ ਮਿਲਦੀਆਂ ਹਨ। ਬਾਂਦਰ ਪਿੰਜਰੇ ਵਿਚ ਡੱਕਿਆ ਪਿਆ ਹੈ, ਪਿੰਜਰੇ ਦੀ ਛੱਤ ਨਾਲ ਇਕ ਫਲ ਲਟਕ ਰਿਹਾ ਹੈ, ਜੋ ਉਸ ਦੀ ਪਹੁੰਚ ਤੋਂ ਉਤਾਂਹ ਹੈ; ਪਿੰਜਰੇ ਵਿਚ ਦੋ ਤਿੰਨ ਮੇਜ਼ਾਂ ਪਈਆਂ ਹਨ, ਉਹ ਝੱਟ ਉਹਨਾਂ ਮੇਜ਼ਾਂ ਨੂੰ ਇਕ ਦੂਜੀ ਉੱਤੇ ਰਖ ਕੇ ਫਲ ਉਤਾਰ ਲਏਗਾ।

ਇਸ ਸਜਿੰਦ ਸ੍ਰਿਸ਼ਟੀ ਵਿਚ ਚੋਟੀ ਦਾ, ਹੈਰਾਨ ਕਰਨ ਵਾਲਾ ਲੱਛਣ ਹੈ ਇਸ ਦਾ 'ਵਿਕਾਸ'। ਦੋ ਸੌ ਕਰੋੜ ਸਾਲਾਂ ਤੋਂ, ਜਦੋਂ ਸਾਡੀ ਇਹ ਧਰਤੀ ਸੂਰਜ ਨਾਲੋਂ ਵਖਰੀ ਹਸਤੀ ਵਿਚ ਆਈ ਹੈ, 'ਵਿਕਾਸ' ਦੁਆਰਾ ਸਾਦਾ-ਜਿਹੀ ਸ਼ਕਲ ਤੋਂ ਅਨੇਕਾਂ ਰੂਪਾਂ ਰੰਗਾਂ ਵਾਲੀ ਬਨਸਪਤੀ ਤੇ ਜੀਵ-ਰਚਨਾ ਹੋ ਗਈ ਹੈ! ਹਰ ਥਾਂ ਬੱਝਵੇਂ ਨਿਯਮ ਕੰਮ ਕਰ ਰਹੇ ਹਨ, ਜਿਥੋਂ ਪਤਾ ਲਗਦਾ ਹੈ ਕਿ ਇਹ ਸਾਰੀ ਰਚਨਾ, ਇਹ ਸਾਰੀ ਜ਼ਿੰਦਗੀ, ਕਿਸੇ ਖ਼ਾਸ ਮਨੋਰਥ ਨੂੰ ਸਾਹਮਣੇ ਰਖ ਕੇ ਪੈਦਾ ਕੀਤੀ ਗਈ ਹੈ!

ਮੁੱਕਦੀ ਗੱਲ, ਜਿਉਂ ਜਿਉਂ ਸਾਇੰਸ-ਵੇਤਾ ਕੁਦਰਤ ਦੀ ਡੂੰਘੀ ਤਹਿ ਵਿਚ ਜਾਣ ਦਾ ਜਤਨ ਕਰਦੇ ਹਨ, ਤਿਉਂ ਤਿਉਂ ਵਧ ਤੋਂ ਵਧ ਹੈਰਾਨ ਕਰਨ ਵਾਲੇ ਭੇਦ ਖੁਲ੍ਹ ਰਹੇ ਹਨ। ਤੇ ਕੁਦਰਤ ਹੋਰ ਡੂੰਘੀ ਹੁੰਦੀ ਜਾ ਰਹੀ ਹੈ। ਵਿਸਮਾਦ ਵਿਚ ਆ ਕੇ ਇਸ ਕੁਦਰਤ ਦੇ ਕਾਰੀਗਰ ਨੂੰ ਇਉਂ ਸਲਾਹੁਣ ਲਗ ਜਾਈਦਾ ਹੈ:

"ਵਾਹੁ ਵਾਹੁ ਸੱਚੇ ਪਾਤਸ਼ਾਹਿ, ਤੂੰ ਸੱਚੀ ਨਾਈ।"

———

# ਮੇਰੀ ਦਸਤਾਰ

ਗੁਰਬਖ਼ਸ਼ ਸਿੰਘ

ਆਪਣੇ ਦੇਸ ਵਿਚ ਦਸਤਾਰ ਸਿਰਫ਼ ਮੇਰੀ ਪੁਸ਼ਾਕ ਦਾ ਇੱਕ ਭਾਗ ਹੈ, ਏਸ ਲਈ ਬੰਨ੍ਹ ਲੈਣ ਬਾਅਦ ਮੈਨੂੰ ਇਹਦਾ ਉਚੇਚਾ ਖ਼ਿਆਲ ਕਦੇ ਨਹੀਂ ਆਇਆ। ਪਰ ਪਰਦੇਸਾਂ ਵਿਚ ਕੁਝ ਘਟਨਾਵਾਂ ਉੱਤੋੜਿੱਤੀ ਹੋ ਜਾਣ ਕਰਕੇ ਮੈਂ ਦਸਤਾਰ ਨੂੰ ਇਕ ਵੱਖਰੀ ਸ਼ਖ਼ਸੀਅਤ ਸਮਝਣ ਲਗ ਪਿਆ ਸਾਂ। ਜਦ ਮੈਂ ਬਾਹਰ ਜਾਂਦਾ ਸਾਂ, ਜਾਪਦਾ ਸੀ ਅਸੀਂ ਦੋ ਜਣੇ ਜਾ ਰਹੇ ਹਾਂ—ਮੈਂ ਤੇ ਮੇਰੀ ਦਸਤਾਰ। ਕਈ ਅੱਖਾਂ ਮੇਰੇ ਕਰਕੇ ਦਸਤਾਰ ਉਤੇ ਪੈਂਦੀਆਂ ਸਨ, ਤੇ ਬਹੁਤੀਆਂ ਦਸਤਾਰ ਕਰਕੇ ਮੇਰੇ ਵਲ ਝੁਕਦੀਆਂ ਸਨ।

ਇਕ ਦਿਨ ਮੈਂ ਲਿਵਰਪੂਲ ਦੀ ਕਿਸੇ ਪਾਰਕ ਵਿਚ ਤੁਰ ਫਿਰ ਰਿਹਾ ਸਾਂ। ਓਥੇ ਇਕ ਬੈਂਚ ਉੱਤੇ ਕੋਈ ਜਵਾਨ ਮਾਂ ਆਪਣੇ ਬੱਚੇ ਨੂੰ ਚੁੱਪ ਕਰਾ ਰਹੀ ਸੀ। ਬੱਚਾ ਕਿਸੇ ਛਿੱਦੇ ਪਿਆ ਉਹਦੇ ਵੱਸ ਨਹੀਂ ਸੀ ਆਉਂਦਾ। ਮਾਂ ਨੂੰ ਦਵਾਲੇ ਬੈਠੇ ਲੋਕਾਂ ਕਰਕੇ, ਕੁਝ ਲੱਜਿਆ ਜਿਹੀ ਆ ਰਹੀ ਸੀ। ਮੈਂ ਕੋਲੋਂ ਦੀ ਲੰਘਿਆ, ਬੱਚੇ ਦੀ ਨਜ਼ਰ ਮੇਰੀ ਦਸਤਾਰ ਉੱਤੇ

ਪਈ। ਉਹ ਐਸਾ ਅਚੰਭਾ ਹੋਇਆ ਕਿ ਨਾ ਜ਼ਿੱਦ ਯਾਦ ਰਹੀ ਤੇ ਨਾ ਰੋਣਾ। ਮਾਂ ਨੇ ਮੇਰੇ ਵਲ ਤੱਕਿਆ। ਅਸੀਂ ਦੋਵੇਂ ਮੁਸਕਰਾ ਪਏ।

ਅਗੇਰੇ ਇੱਕ ਥਾਂ, ਓਸੇ ਹੀ ਪਾਰਕ ਵਿਚ, ਸਕੂਲ ਦੇ ਮੁੰਡੇ ਦੋ ਲੜਦੇ ਸਾਥੀਆਂ ਨੂੰ ਛੁਡਾ ਰਹੇ ਸਨ। ਮੁੱਕੇ ਉਤੇ ਮੁੱਕਾ ਚਲ ਰਿਹਾ ਸੀ, ਦੋਹਾਂ ਦੇ ਨੱਕਾਂ ਚੋਂ ਲਹੂ ਤ੍ਰਿਪ ਰਿਹਾ ਸੀ, ਮੂੰਹ ਲਾਲ ਤੇ ਅੱਖਾਂ ਰੋਹ ਚੜ੍ਹੀਆਂ ਸਨ, ਬੋਲ ਕਬੋਲ ਹੋ ਰਹੇ ਸਨ। ਮੈਂ ਵੀ ਜ਼ਰਾ ਨੇੜੇ ਹੋ ਕੇ ਤੱਕਣਾ ਚਾਹਿਆ। ਇਕ ਅੱਖ ਪਈ, ਦੂਜੀ, ਤੀਜੀ, ਚੌਥੀ—ਸਾਰੀ ਭੀੜ ਦਾ ਮੂੰਹ ਮੇਰੇ ਵਲ ਹੋ ਗਿਆ। ਕੱਸੇ ਮੁੱਕੇ ਰਹਿ ਗਏ, ਬੁਲ੍ਹਾਂ ਤੇ ਗਾਲ੍ਹਾਂ ਅਟਕ ਗਈਆਂ, ਚਿਹਰਿਆਂ ਦੇ ਪਰਭਾਵ ਬਦਲ ਗਏ। ਦੋਹਾਂ ਲੜਾਕਿਆਂ ਦੀ ਨੀਝ ਮੇਰੀ ਦਸਤਾਰ ਉੱਤੇ ਬੱਝ ਗਈ।

ਇਕ ਪਾਸਿਉਂ 'ਥੈਂਕ ਯੂ' ਦੀ ਆਵਾਜ਼ ਆਈ। ਮੈਂ ਸਾਰੀ ਗੱਲ ਸਮਝ ਕੇ ਦੂਜੇ ਪਾਸੇ ਤੁਰ ਗਿਆ। ਥੋੜੀ ਦੂਰੋਂ ਭੌਂ ਕੇ ਦੇਖਿਆ ਕਿ ਸਾਰੇ ਮੁੰਡੇ ਤੁਰੇ ਜਾ ਰਹੇ ਸਨ, ਲੜਾਈ ਬੰਦ ਹੋ ਗਈ ਸੀ।

ਏਹਨਾਂ ਦੋ ਘਟਨਾਵਾਂ ਨੇ ਮੈਨੂੰ ਆਪਣੀ ਦਸਤਾਰ ਦੀ ਸੁਲਹਕੁਨ* ਤਾਸੀਰ ਦਾ ਯਕੀਨ ਦੁਆ ਦਿੱਤਾ, ਤੇ ਫੇਰ ਮੈਂ ਦਲੇਰੀ ਨਾਲ ਝਗੜੇ ਝਾਂਜਿਆਂ ਦੇ ਨੇੜੇ ਜਾਂਦਾ ਰਿਹਾ। ਨੱਵੇ ਫ਼ੀ ਸਦੀ ਅਸਰ ਉਹੋ ਹੁੰਦਾ ਰਿਹਾ ਜੋ ਮੈਂ ਉਤੇ ਵਰਨਣ ਕੀਤਾ ਹੈ।

ਏਸ ਅਸਰ ਤੋਂ ਛੁੱਟ ਇਕ ਹੋਰ ਅਸਰ ਵੀ ਮੇਰੀ ਜਾਂਚ ਵਿਚ ਆਇਆ: ਇਕ ਮੁਲਕ ਵਿਚ ਮੈਂ ਕਿਸੇ ਚਾਲੀ ਕੁ ਵਰ੍ਹੇ ਦੇ ਆਦਮੀ ਕੋਲੋਂ ਰਾਹ ਪੁੱਛਿਆ। ਉਹ ਬੜੇ ਆਦਰ ਨਾਲ ਖੜੋ ਗਿਆ, ਪਰ ਮੇਰੀ ਸੂਰਤ ਉਸ ਨੂੰ ਅਜੇਹੀ ਅਨੋਖੀ ਦਿੱਸੀ ਕਿ ਅਸਚਰਜਤਾ ਦੇ ਜਜ਼ਬੇ ਨੇ ਘੜੀ ਪਲ ਲਈ ਉਹਦੇ ਮਨ ਉਤੇ ਕਬਜ਼ਾ ਕਰ ਲਿਆ। ਇਹ ਕਬਜ਼ਾ ਬੱਚਿਆਂ ਵਿਚ ਪ੍ਰਬੱਲ ਹੁੰਦਾ ਹੈ, ਤੇ ਉਸ ਆਦਮੀ ਦੀ ਮਾਨਸਕ ਅਵੱਸਥਾ ਬੱਚੇ ਵਾਲੀ ਸੀ। ਉਸ ਨੇ ਮੇਰੇ ਮੂੰਹ ਵਲ ਤੱਕਿਆ, ਦਾੜ੍ਹੀ ਵੱਲ ਤੱਕਿਆ,

ਮੁੱਛਾਂ ਵੱਲ ਤੱਕਿਆ, ਫੇਰ ਭੌਂ ਕੇ ਮੇਰੇ ਕੇਸਾਂ ਵਲ ਤੱਕਿਆ, ਸਭ ਕੁਝ ਨਿਰਾਲਾ ਹੀ ਜਾਪਿਆ। ਉਹ ਖਿੜ ਖਿੜ ਹੱਸ ਪਿਆ, ਏਨਾ ਹੱਸਿਆ ਕਿ ਰੁਕ ਨਾ ਸਕਿਆ, ਤੇ ਓੜਕ ਬਿਨਾਂ ਮੈਨੂੰ ਰਾਹ ਦੱਸੇ ਦੇ ਹੱਸਦਾ ਹੱਸਦਾ ਚਲਾ ਗਿਆ।

ਮੇਰੀ ਦਸਤਾਰ ਨੇ ਕਈ ਸੁਆਦਲੇ ਭੁਲੇਖੇ ਵੀ ਪਾਏ। ਆਮ ਤੌਰ ਤੇ ਹਿੰਦੁਸਤਾਨੀ ਮੁੰਡੇ "ਰੂਮ ਵਿੱਚ ਰੂਮੀ ਪੁਸ਼ਾਕ" ਦੀ ਕਹਾਵਤ ਅਨੁਸਾਰ ਪਰਦੇਸ ਵਿਚ ਪਰਦੇਸੀਆਂ ਵਰਗੇ ਹੀ ਦਿਸਣ ਦਾ ਜਤਨ ਕਰਦੇ ਹਨ। ਮੈਨੂੰ ਦਸਤਾਰ ਕਰਕੇ ਅੱਡਰਾ ਦਿੱਸਣਾ ਪੈਂਦਾ ਸੀ। ਏਸ ਲਈ ਓਥੇ ਆਮ ਖ਼ਿਆਲ ਕੀਤਾ ਜਾਂਦਾ ਸੀ ਕਿ ਮੈਂ ਕਿਸੇ ਧਾਰਮਕ ਸਮਾਜ ਦਾ ਮੋਢੀ ਹਾਂ ਜਾਂ ਸ਼ਾਹਜ਼ਾਦਾ ਹਾਂ। ਅਖ਼ਬਾਰਾਂ ਦੇ ਰਿਪੋਰਟਰ ਮੇਰੇ ਪਿਛੇ ਲਗੇ ਰਹਿੰਦੇ ਸਨ। ਮੇਰੀਆਂ ਤਸਵੀਰਾਂ ਛਾਪ ਕੇ ਮੈਨੂੰ ਵੱਡਿਆਂ ਦੱਸਣ ਲਈ ਬਹੁਤੀਆਂ ਮਨ-ਘੜਤ ਤਾਰੀਫ਼ਾਂ ਲਿਖ ਦੇਂਦੇ ਸਨ। ਇਕ ਵਾਰੀ "ਸਿੰਘ ਕਹਿੰਦਾ ਹੈ ਮੈਂ ਸ਼ਾਹਜ਼ਾਦਾ ਨਹੀਂ" ਦੀ ਮੋਟੀ ਸੁਰਖ਼ੀ ਹੇਠਾਂ ਡੀਟਰਾਇਟ ਦੀ ਵੀਹ ਲੱਖ ਰੋਜ਼ਾਨਾ ਛਪਣ ਵਾਲੀ ਅਖ਼ਬਾਰ ਨੇ ਮੇਰੀ ਬਾਬਤ ਚਾਰ ਵੱਡੇ ਕਾਲਮ ਕਾਲੇ ਕਰ ਦਿੱਤੇ। ਥੋੜ੍ਹੀਆਂ ਜਿਹੀਆਂ ਸਤਰਾਂ ਦੇਂਦਾ ਹਾਂ—

"ਗੁਰਬਖ਼ਸ਼ ਸਿੰਘ, ਚਿੱਟੀ ਪੱਗ ਤੇ ਕਾਲੀ ਦਾੜ੍ਹੀ ਨਾਲ, ਮਿਸ਼ੀਗਨ ਦੇ ਕੈਂਮਪੱਸ* ਉਤੇ ਇਕ ਵੇਖਣਯੋਗ ਦਰਿਸ਼ ਹੈ, ਤੇ ਆਪਣੇ ਫ਼ਿਰਕੇ ਦਾ ਇਕੱਲਾ ਹੀ ਆਦਮੀ ਏਸ ਯੂਨੀਵਰਸਿਟੀ ਵਿਚ ਹੈ। ਬਾਕੀ ਸਾਰੇ ਹਿੰਦੂ ਇਹਦਾ ਪੂਜਾ ਵਰਗਾ ਸਤਿਕਾਰ ਕਰਦੇ ਹਨ। ਜਿਹੜੀ ਗੱਲ ਇਸ ਕਹਾਣੀ ਦੀ ਬੁਨਿਆਦ ਹੈ ਕਿ ਇਹ ਕੋਈ ਬੜਾ ਅਮੀਰ ਹਿੰਦੁਸਤਾਨੀ ਸ਼ਾਹਿਜ਼ਾਦਾ ਹੈ, ਇਸ ਤੋਂ ਇਹ ਇਨਕਾਰ ਕਰਦਾ ਹੈ, ਭਾਵੇਂ ਮੰਨਦਾ ਹੈ ਕਿ ਇਹਦੇ ਘਰ ਵਿਚ ਦੋ ਵੇਲੇ ਰੋਟੀ ਪੱਕਦੀ ਹੈ, ਜਿਹੜੀ ਹਾਲਤ ਉਸ ਮੁਲਕ ਵਿਚ ਇੱਕ ਸ਼ਾਨਦਾਰ ਬਹੁਤਾਤ ਦੇ ਨੇੜੇ ਤੇੜੇ ਪਹੁੰਚਦੀ ਹੈ—ਜਿਸ ਮੁਲਕ ਵਿਚ, ਜੀਕਰ ਗੁਰਬਖ਼ਸ਼ ਸਿੰਘ ਕਹਿੰਦਾ ਹੈ, ਕਰੋੜਾਂ ਲੋਕ ਜਨਮ ਤੋਂ ਮੌਤ ਤਕ ਇਕ ਵਾਰੀ ਵੀ ਆਪਣੀ ਭੁੱਖ ਤ੍ਰਿਪਤ ਨਹੀਂ ਕਰ ਸਕਦੇ, ਤੇ ਕਰੋੜਾਂ ਲੋਕ

ਇਹੋ ਜਿਹੇ ਹਨ ਜਿਨ੍ਹਾਂ ਨੂੰ ਸਿਰਫ਼ ਇਕੋ ਡੰਗ ਰੋਟੀ ਪ੍ਰਾਪਤ ਹੁੰਦੀ ਹੈ।

ਤੇ ਉਹ ਇਹਦੀ ਪੱਗ ! ਪੱਗ ਇਹ ਹਰ ਵੇਲੇ ਬੰਨ੍ਹੀ ਰਖਦਾ ਹੈ— ਜਮਾਤ ਵਿਚ, ਬਜ਼ਾਰ ਵਿਚ, ਪ੍ਰੋਫ਼ੈਸਰਾਂ ਦੇ ਘਰੀਂ ਜਿਥੇ ਇਹਨੂੰ ਬੁਲਾਇਆ ਜਾਏ, ਖਾਣ ਲਗਿਆਂ ਵੀ ਇਹ ਪੱਗ ਨਹੀਂ ਲਾਹੁੰਦਾ। 'ਕਿਸੇ ਆਦਮੀ ਦੀ ਹਾਜ਼ਰੀ ਵਿਚ ਪੱਗ ਲਾਹੁਣਾ ਉਹਦੀ ਇੱਜ਼ਤ ਨਾ ਕਰਨ ਦੇ ਬਰਾਬਰ ਹੈ', ਮਿਸਟਰ ਸਿੰਘ ਆਖਦਾ ਹੈ।''

ਕਈ ਵਾਰੀ ਵੇਖਿਆ ਜਾਂਦਾ ਹੈ ਕਿ ਕਈ ਵੱਡੀਆਂ ਦੋਸਤੀਆਂ ਤੇ ਲੰਮੀਆਂ ਮੁਹੱਬਤਾਂ ਛੋਟੀਆਂ ਗੱਲਾਂ ਤੋਂ ਸ਼ੁਰੂ ਹੁੰਦੀਆਂ ਹਨ। ਕਈ ਮਿੱਤਰ ਮੇਰੀ ਦਸਤਾਰ ਨੇ ਮੈਨੂੰ ਐਸੇ ਮਿਲਾਏ ਸਨ ਕਿ ਉਨ੍ਹਾਂ ਲਈ ਮੈਂ ਸਦਾ ਇਹਦਾ ਕਿਰਤਗਯ* ਰਹਾਂਗਾ !

ਇਕ ਸੰਝ ਵੇਲੇ ਮੈਂ ਸੜਕੋ ਸੜਕ ਤੁਰਿਆ ਆ ਰਿਹਾ ਸਾਂ । ਇਕ ਤੇਰ੍ਹਾਂ ਕੁ ਵਰ੍ਹੇ ਦਾ ਮੁੰਡਾ ਹੱਸਦਾ ਹੱਸਦਾ ਮੇਰੇ ਕੋਲੋਂ ਦੀ ਲੰਘਿਆ, ਪਰ ਅੱਖ ਚੁਕ ਕੇ ਜੱਦ ਤਕਿਓਸੂ ਤਾਂ ਝੱਟ ਖਲੋ ਗਿਆ ਤੇ ਅਦਬ ਨਾਲ ਕਹਿਣ ਲਗਾ : ''ਸ੍ਰੀ ਮਾਨ ਜੀ, ਮੈਂ ਪਹਿਲੀ ਵਾਰੀ ਤੁਹਾਨੂੰ ਵੇਖਿਆ ਹੈ। ਤੁਹਾਡਾ ਸਿਰ ਕਿਸ ਕਿਸਮ ਦਾ ਹੈ ? ਕੀ ਮੈਂ ਵੇਖ ਸਕਦਾ ਹਾਂ ?'' ਮੈਂ ਉਸ ਨੂੰ ਬੜੇ ਪਿਆਰ ਨਾਲ ਉੱਤਰ ਦਿੱਤਾ ਕਿ ਸੜਕ ਐਸੇ ਮੁਲਾਹਜ਼ੇ ਲਈ ਚੰਗੀ ਥਾਂ ਨਹੀਂ ਹੋਵੇਗੀ, ਤੇ ਜੇ ਉਹ ਕਿਸੇ ਹੋਰ ਦਿਨ ਮੇਰੇ ਘਰ ਆਵੇ ਤਾਂ ਮੈਂ ਉਹਨੂੰ ਬੜੀ ਖ਼ੁਸ਼ੀ ਨਾਲ ਆਪਣਾ ਸਿਰ ਵਿਖਾਵਾਂਗਾ। ਉਸ ਵੇਲੇ ਦਿਨ ਨੀਅਤ ਹੋ ਗਿਆ। ਮੁੰਡਾ ਨੀਅਤ ਵਕਤ ਉਤੇ ਮੇਰੇ ਘਰ ਆਇਆ। ਮੈਂ ਉਹਦੇ ਲਈ ਉਚੇਚਾ ਕੇਸੀ ਇਸ਼ਨਾਨ ਕਰ ਕੇ ਬੈਠਾ ਹੋਇਆ ਸਾਂ, ਤਾਕਿ ਉਹ ਬਿਨਾਂ ਸਵਾਲ ਕੀਤੇ ਮੇਰੇ ਸਿਰ ਦੀ ਸ਼ਕਲ ਤੇ ਮੇਰੇ ਕੇਸਾਂ ਦੀ ਲੰਬਾਈ ਵੇਖ ਸਕੇ। ਮੇਰੇ ਏਸ ਆਦਰ ਤੇ ਹਿੱਤ ਦਾ ਉਹਦੇ ਉਤੇ ਅਜਿਹਾ ਅਸਰ ਪਿਆ ਕਿ ਉਹ ਮੁੰਡਾ ਅਗੇ ਤੋਂ ਮੇਰਾ ਬਾਡੀਗਾਰਡ ਬਣ ਗਿਆ। ਮੇਰਾ ਸ਼ੌਕਿ ਜੁਸਤਜੂ* ਕਈ ਥਾਵਾਂ ਵੇਖਣ ਲਈ ਪਰੇਰਦਾ

ਸੀ, ਪਰ ਭੀੜ ਭਾੜ ਤੇ ਖ਼ਰੂਦੀ ਜੋੜ ਮੇਲਾਂ ਤੋਂ ਮੈਂ ਸੰਕੋਚ ਕਰਦਾ ਸਾਂ, ਮਤੇ ਮੇਰੀ ਦਸਤਾਰ ਦਾ ਕਿਤੇ ਨਿਰਾਦਰ ਹੋ ਜਾਏ। ਪਰ ਹੁਣ ਮੈਂ ਸਭ ਥਾਂਈਂ ਚਲਾ ਜਾਣ ਲੱਗ ਪਿਆ ਕਿਉਂਕਿ ਮੇਰਾ ਬਾਡੀਗਾਰਡ ਹਰ ਮੁਸ਼ਕਲ ਥਾਂ ਉੱਤੇ ਮੇਰੇ ਨਾਲ ਹੁੰਦਾ ਸੀ ਤੇ ਕਿਸੇ ਦੀ ਮਜਾਲ ਨਹੀਂ ਸੀ ਕਿ ਕੋਝੀ ਮਸ਼ਕਰੀ ਕਰ ਸਕੇ। ਮੁੰਡੇ ਖੁੰਡੇ ਹਰ ਥਾਂ ਸ਼ਰਾਰਤੀ ਹੁੰਦੇ ਹਨ। ਪਰ ਮੇਰਾ ਬਾਡੀਗਾਰਡ ਕਿਸੇ ਨੂੰ ਕੁਝ ਨਹੀਂ ਸੀ ਕਰਨ ਦੇਂਦਾ। ਉਹ ਪਹਿਲੋਂ ਹੀ ਦੌਂਹ ਚੌਂਹ ਨਾਲ ਮਿੱਤਰਤਾਈ ਗੰਢ ਲੈਂਦਾ ਸੀ, ਏਸ ਸੇਵਾ ਦੇ ਇਵਜ਼ ਵਿਚ ਸਿਰਫ਼ ਪੁਰਾਣੀਆਂ ਟਿਕਟਾਂ ਤੇ ਮੇਰਾ ਪਿਆਰ ਮੰਗਦਾ ਸੀ।

ਇਕ ਹੋਰ ਮਿੱਠੀ ਵਾਕਫ਼ੀ ਏਸ ਤਰ੍ਹਾਂ ਮੇਰੀ ਦਸਤਾਰ ਨੇ ਪੈਦਾ ਕੀਤੀ: ਮੈਂ ਇਕ ਦਿਨ ਇਕ ਮਿੱਤਰ ਦੇ ਨਾਲ ਬਜ਼ਾਰ ਵਿਚ ਤੁਰਿਆ ਜਾ ਰਿਹਾ ਸਾਂ। ਮੇਰੇ ਮਿੱਤਰ ਨੇ ਮੈਨੂੰ ਦਸਿਆ ਕਿ ਦੋ ਕੁੜੀਆਂ ਪਿਛੇ ਆ ਰਹੀਆਂ ਹਨ ਤੇ ਉਨ੍ਹਾਂ 'ਚੋਂ ਇਕ ਆਪਣਾ ਕੈਮਰਾ ਕਦੇ ਸਿੱਧਾ ਕਰਦੀ ਹੈ ਤੇ ਕਦੇ ਛੁਪਾ ਲੈਂਦੀ ਹੈ। ਸ਼ੈਦ ਉਹ ਮੇਰੀ ਤਸਵੀਰ ਖਿਚਣਾ ਚਾਹੁੰਦੀ ਹੈ। ਮੈਂ ਮੁੜ ਕੇ ਤਕਿਆ। ਕੈਮਰਾ ਮੇਰੀ ਪਿੱਠ ਉਤੇ ਸਿਧਾ ਕੀਤਾ ਪਿਆ ਸੀ। ਕੁੜੀ ਬੜੀ ਲਜਿਤ* ਹੋਈ ਤੇ ਮਾਫ਼ੀ ਮੰਗਣ ਲੱਗੀ। ਮੈਂ ਉੱਤਰ ਦਿੱਤਾ ਕਿ ਪਿੱਠ ਦੀ ਛੱਡ ਕੇ ਜੇ ਉਹ ਚਾਹੇ ਤਾਂ ਮੇਰੇ ਮੂੰਹ ਦੀ ਤਸਵੀਰ ਬੜੀ ਖ਼ੁਸ਼ੀ ਨਾਲ ਖਿਚ ਸਕਦੀ ਹੈ। ਉਹ ਬੜੀ ਪ੍ਰਸੰਨ ਹੋਈ ਤੇ ਆਖਣ ਲਗੀ ਕਿ ਨਾਲ ਦੀ ਪਾਰਕ ਵਿਚ ਚਲ ਕੇ ਤਸਵੀਰਾਂ ਖਿਚੀਆਂ ਜਾਣ। ਉਥੇ ਅਸਾਂ ਚੌਹਾਂ ਨੇ ਅੱਡ ਅੱਡ ਤੇ ਇਕੱਠੀਆਂ ਕੋਈ ਦਰਜਨ ਤਸਵੀਰਾਂ ਲਈਆਂ। ਦੋ ਘੰਟੇ ਤਕ ਹਸਦੇ ਖੇਡਦੇ ਰਹੇ ਜਿਦ੍ਹਾ ਸਿੱਟਾ ਇਕ ਪ੍ਰਸਪਰ ਲਾਭ ਦੇਣ ਵਾਲੀ ਮਿੱਤਰਤਾਈ ਹੋਇਆ।

ਇੱਕ ਦਿਨ ਮੈਂ ਸ਼ਹਿਰੋਂ ਬਾਹਰ ਸੈਰ ਕਰਦਾ ਜਾ ਰਿਹਾ ਸਾਂ। ਸਕੂਲ ਦੇ ਦੋ ਚਾਰ ਮੁੰਡੇ ਸ਼ਰਾਰਤ ਉੱਤੇ ਉਤਰ ਆਏ। ਮੇਰੇ ਪਿੱਛੇ ਪਿੱਛੇ ਕੁੱਝ ਬੋਲਦੇ ਆਉਣ। ਗੌਂ ਕੇ ਆਖਣ: "ਓ ਭਾਗਾਂ ਵਾਲੇ ਆਦਮੀ ਇਹ ਅਨੋਖੀ

ਟੋਪੀ ਕਿੱਥੋਂ ਲਈ ਆ ?'' ਮੈਂ ਉਨ੍ਹਾਂ ਨੂੰ ਕੁਝ ਆਖਣਾ ਮੁਨਾਸਬ ਨਾ ਸਮਝਿਆ, ਕਿਉਂਕਿ ਉਹ ਬਿਲਕੁਲ ਸ਼ੈਤਾਨ-ਰੂਪ ਦਿੱਸ ਰਹੇ ਸਨ। ਪਰ ਦੂਜੀ ਸਾਈਡ ਵਾਕ (ਪੈਦਲ-ਪਟੜੀ) ਉੱਤੇ ਇੱਕ ਇਸਤਰੀ ਤੁਰਦੀ ਜਾਂਦੀ ਲੱਭੀ। ਆਪਣਾ ਪਾਸਾ ਛੱਡ ਕੇ ਮੈਂ ਉਹਦੇ ਪਾਸੇ ਚਲਾ ਗਿਆ। ਮੁੰਡੇ ਵੀ ਓਧਰ ਆ ਗਏ, ਇਸਤਰੀ ਨੇ ਵੇਖ ਲਿਆ ਕਿ ਮੁੰਡੇ ਕੁਝ ਬੇ-ਅਦਬ ਜਿਹੇ ਸਨ। ਉਹ ਖੜੋ ਗਈ ਤੇ ਜਦ ਮੁੰਡੇ ਉਹਦੇ ਕੋਲੋਂ ਦੀ ਲੰਘੇ ਤਾਂ ਉਨ੍ਹਾਂ ਨੂੰ ਠਰ੍ਹਾ ਕੇ ਆਖਣ ਲਗੀ : ''ਮੈਨੂੰ ਤੁਹਾਡਾ ਸਦਕਾ ਏਸ ਪਰਦੇਸੀ ਕੋਲੋਂ ਸ਼ਰਮ ਆ ਰਹੀ ਹੈ। ਇਹ ਸਾਡੀ ਬਾਬਤ ਕੀ ਖ਼ਿਆਲ ਕਰਦਾ ਹੋਵੇਗਾ ?—ਤੁਸੀਂ ਫ਼ੌਰਨ ਵਾਪਸ ਹੋ ਜਾਓ।'' ਸਾਰੇ ਮੁੜ ਗਏ ; ਮੈਂ ਚਾਲ ਹੌਲੀ ਕਰ ਦਿੱਤੀ, ਮੇਰੀ ਚੰਗੀ ਹਿਮੈਤਣ ਮੇਰੇ ਨਾਲ ਆ ਰਲੀ ਤੇ ਮੇਰੇ ਕੋਲੋਂ ਉਨ੍ਹਾਂ ਮੁੰਡਿਆਂ ਵਲੋਂ ਮਾਫ਼ੀ ਮੰਗੀ। ਉਹਦੇ ਬਾਅਦ ਅਸੀਂ ਤੋੜ ਸ਼ਹਿਰ ਵਾਪਸੀ ਤਕ ਇਕੱਠੇ ਰਹੇ ਤੇ ਦੋਵੇਂ ਇੱਕ ਦੂਜੇ ਦੇ ਮੁਲਕ ਦੀ ਵਾਕਫ਼ੀ ਹਾਸਲ ਕਰਦੇ ਰਹੇ, ਤੇ ਜ਼ਰੂਰੀ ਸੀ ਕਿ ਏਸ ਦੱਸ ਪੁਛ ਵਿਚ ਆਤਮਾਆ ਵੀ ਇਕ ਦੂਏ ਦੀਆਂ ਜਾਣੂ ਹੋ ਜਾਂਦੀਆਂ।

ਜਿਸ ਯੂਨੀਵਰਸਿਟੀ ਵਿਚ ਮੈਂ ਪੜ੍ਹਦਾ ਸਾਂ, ਓਹਦੇ ਵਿਚ ਤੇਰ੍ਹਾਂ ਕੁ ਹੋਰ ਹਿੰਦੁਸਤਾਨੀ ਮੁੰਡੇ ਸਨ। ਆਮ ਤੌਰ ਤੇ ਹਿੰਦੂ ਮੁੰਡੇ ਸਿੱਖਾਂ ਨੂੰ ਠੱਠਾ ਮਖ਼ੌਲ ਕਰਦੇ ਰਹਿੰਦੇ ਸਨ। ਜਦੋਂ ਕਦੇ ਕੰਪਾਊਂਡ ਵਿਚ ਮੇਲ ਹੁੰਦਾ, ਹਿੰਦੂ ਮੁੰਡਿਆਂ ਨੇ ਕਈ ਵਾਰੀ ਮਖ਼ੌਲ ਨਾਲ ਹੱਥ ਜੋੜ ਕੇ ਫ਼ਤਹ ਬੁਲਾਣੀ। ਕੁੱਬੇ ਨੂੰ ਲੱਤ ਕਾਰੀ ਵਾਂਗ ਉਹ ਮਖ਼ੌਲ ਮੇਰੇ ਲਈ ਬੜਾ ਲਾਭਦਾਇਕ ਸਾਬਤ ਹੋਇਆ। ਮੇਰੇ ਡਿਗਰੀ ਲੈਣ ਬਾਅਦ ਡੀਨ ਨੇ ਇੱਕ ਇੰਟਰਨੈਸ਼ਨਲ ਕੰਪਨੀ ਅਗੇ ਮੇਰੀ ਮੁਲਾਜ਼ਮਤ ਲਈ ਸਿਫਾਰਸ਼ ਕਰਦਿਆਂ ਹੋਇਆਂ ਇੱਕ ਗੱਲ ਇਹ ਲਿਖੀ : ''ਮਿਸਟਰ ਸਿੰਘ ਏਥੇ ਹਿੰਦੂ ਮੁੰਡਿਆਂ ਦਾ ਵੱਡਾ ਵਡੇਰਾ ਸਮਝਿਆ ਜਾਂਦਾ ਹੈ, ਕਿਉਂਕਿ ਜਦੋਂ ਇਹ ਕੋਲੋਂ ਦੀ ਲੰਘਦਾ ਦਿੱਸ ਪਏ ਤਾਂ ਸਾਰੇ ਹਿੰਦੂ ਮੁੰਡਿਆਂ ਦੀ ਦਸ਼ਾ

ਪ੍ਰਾਰਥਨਾ ਵਰਗੀ ਹੋ ਜਾਂਦੀ ਹੈ, ਉਹ ਬੜੇ ਅਦਬ ਨਾਲ ਹੱਥ ਜੋੜ ਖਲੋਂਦੇ ਹਨ।"

ਨਿੱਕੀਆਂ ਨਿੱਕੀਆਂ ਸੁਆਦਲੀਆਂ ਗੱਲਾਂ ਮੇਰੀ ਦਸਤਾਰ ਦੇ ਇਤਿਹਾਸ ਵਿਚ ਐਨੀਆਂ ਹਨ, ਕਿ ਦਸਤਾਰ ਮੈਨੂੰ ਖ਼ਾਸ ਸ਼ਖ਼ਸੀਅਤ ਦਿਸਣ ਲਗ ਪਈ ਸੀ, ਤੇ ਕਈ ਗੱਲਾਂ ਭਾਵੇਂ ਮੁਸਤਕਿਲ* ਅਸਰ ਰਖਦੀਆਂ ਹਨ, ਪਰ ਕਥਨ ਲਈ ਬੜੀਆਂ ਸੂਖਮ ਹਨ। ਸਿਰਫ਼ ਇੱਕ ਸੱਭ ਤੋਂ ਵੱਡੀ ਘਟਨਾ ਦਾ ਕਥਨ ਕਰ ਦੇਂਦਾ ਹਾਂ। ਇਹ ਉਹ ਘਟਨਾ ਹੈ ਜਿਹੜੀ ਅਮਰੀਕਾ ਵਿੱਚ ਮੇਰੀਆਂ ਸੱਭ ਤੋਂ ਅਜ਼ੀਜ਼ ਮਿੱਤਰਤਾਈਆਂ ਦਾ ਸੋਮਾ ਬਣੀ।

ਮੈਂ ਇਕ ਸਿਨਿਮਾ ਵੇਖ ਰਿਹਾ ਸਾਂ। ਕੰਪਨੀ ਦਾ ਇਕ ਅਫ਼ਸਰ ਮੇਰੇ ਕੋਲ ਆ ਕੇ ਆਖਣ ਲਗਾ ਕਿ ਕੰਪਨੀ ਦੇ ਨਿਯਮਾਂ ਮੁਤਾਬਕ ਮੈਨੂੰ ਟੋਪੀ ਲਾਹ ਕੇ ਬੈਠਣਾ ਪਵੇਗਾ। ਮੈਂ ਉੱਤਰ ਦਿੱਤਾ ਕਿ ਸਾਡੇ ਦੇਸ ਵਿਚ ਦਸਤਾਰ ਲਾਹ ਕੇ ਬੈਠਣ ਦਾ ਰਵਾਜ ਨਹੀਂ, ਏਸ ਲਈ ਉਹ ਪੁਛ ਆਵੇ ਕਿ ਦਸਤਾਰ ਪਹਿਨੇ ਰਖਣ ਦੀ ਇਜਾਜ਼ਤ ਖ਼ਾਸ ਤੌਰ ਤੇ ਦਿੱਤੀ ਜਾ ਸਕਦੀ ਹੈ ਕਿ ਨਹੀਂ ? ਥੋੜ੍ਹੇ ਚਿਰ ਬਾਅਦ ਉਹ ਉੱਤਰ ਲੈ ਕੇ ਮੁੜ ਆਇਆ ਕਿ ਉਹ ਅਫ਼ਸੋਸ ਕਰਦਾ ਸੀ ਮੈਨੂੰ ਦਸਤਾਰ ਲਾਹ ਕੇ ਬੈਠਣਾ ਹੋਵੇਗਾ। ਮੈਂ ਆਪਣੀ ਮਜਬੂਰੀ ਪਰਗਟ ਕਰ ਕੇ ਉੱਥੋਂ ਉਠ ਆਇਆ। ਉਹ ਅਫ਼ਸਰ ਮੇਰੇ ਪਿੱਛੇ ਆਇਆ ਤੇ ਆਖਣ ਲਗਾ ਕਿ ਮੈਂ ਉਪਰ ਗੈਲਰੀ ਵਿਚ ਉਸੇ ਟਿਕਟ ਉੱਤੇ ਇਕ ਬਕਸ ਵਿਚ ਬੈਠ ਸਕਦਾ ਹਾਂ। ਬਕਸ ਦੀ ਟਿਕਟ ਵਧੇਰੇ ਹੁੰਦੀ ਹੈ। ਮੈਂ ਇਨਕਾਰ ਕਰ ਕੇ ਚਲਾ ਆਇਆ। ਇੱਕ ਚਿੱਠੀ ਲਿਖ ਕੇ ਮੈਂ ਅਖ਼ਬਾਰ ਨੂੰ ਘਲ ਦਿੱਤੀ। ਮੇਰੀ ਚਿੱਠੀ ਦਿਨ ਚੜ੍ਹਦੇ ਨੂੰ 'ਸਾਡੇ ਦਰਾਂ ਉਤੇ ਇਕ ਪਰਦੇਸੀ' ਦੀ ਸੁਰਖ਼ੀ ਹੇਠਾਂ ਛਪ ਗਈ। ਏਸ ਚਿੱਠੀ ਦਾ ਉੱਲਥਾ ਪੇਸ਼ ਕਰਦਾ ਹਾਂ :

"ਖ਼ਿਆਲ ਵਾਲੇ ਅਮਰੀਕਨ ਭਰਾਵਾਂ ਦੇ ਸਾਹਮਣੇ ਮੈਂ ਆਪਣੇ ਉਹ ਜਜ਼ਬੇ ਪਰਗਟ ਕਰਨ ਦੀ ਆਗਿਆ ਚਾਹੁੰਦਾ ਹਾਂ ਜਿਹੜੇ ਕਲ੍ਹ ਰਾਤ

ਇਕ ਥੀਏਟਰ ਵਿਚ ਦਸਤਾਰ ਨਾ ਉਤਾਰਨ ਕਰਕੇ ਲਗ ਪੱਗ ਕਢੇ ਜਾਣ ਸਮੇਂ ਮੇਰੇ ਦਿਲ ਵਿੱਚ ਆਏ ।

"ਜਦੋਂ ਤੁਸੀਂ ਮੇਰੇ ਅਮਰੀਕਨ ਵੀਰੋ ! ਸਾਡੇ ਦੇਸ ਵਿਚ ਜਾਂਦੇ ਹੋ ਤੇ ਸਾਡੇ ਪੂਜਯ ਮੰਦਰਾਂ ਦੇ ਦਰਸ਼ਨ ਕਰਨਾ ਚਾਹੁੰਦੇ ਹੋ—ਜਿਨ੍ਹਾਂ ਮੰਦਰਾਂ ਵਿਚ ਜੁੱਤੀ ਸਮੇਤ ਤੁਰਨਾ ਵਰਜਿਤ ਹੈ, ਕੇਵਲ ਇਕ ਰਸਮ ਕਰਕੇ ਨਹੀਂ, ਬਲਕਿ ਸੁੱਚਤਾ* ਤੇ ਧਾਰਮਕ ਪਵਿੱਤਰਤਾਈ ਕਰਕੇ—ਤੁਹਾਨੂੰ ਪਤਾ ਹੈ, ਅਸੀਂ ਉਦੋਂ ਕੀ ਕਰਦੇ ਹਾਂ ? ਆਪਣੇ ਹੱਥਾਂ ਨਾਲ ਤੁਹਾਡੇ ਚਿੱਕੜ ਭਰੇ ਬੂਟਾਂ ਨੂੰ ਪੂੰਝ ਕੇ ਉੱਤੇ ਮਖ਼ਮਲ ਦੀਆਂ ਓਵਰਸ਼ੂਜ਼ (ਸਲੀਪਰ) ਪੁਆਂਦੇ ਹਾਂ, ਮਾਣ ਨਾਲ ਹਰੀ ਮੰਦਰ ਵਿਚ ਆਪ ਨੂੰ ਫਿਰਾਂਦੇ ਹਾਂ । ਇਹ ਆਦਰ ਕਿਸੇ ਰਾਜੇ ਮਹਾਰਾਜੇ ਨੂੰ ਨਹੀਂ ਦੇਂਦੇ, ਪਰ ਮਾੜੇ ਤੋਂ ਮਾੜੇ ਪਰਦੇਸੀ ਨੂੰ ਦੇ ਦੇਂਦੇ ਹਾਂ ।

"ਉਪਰਲੇ ਆਦਰ ਦੇ ਟਾਕਰੇ ਵਿਚ ਇਹ ਨਿਰਾਦਰ ਪੇਸ਼ ਕਰਦਾ ਹਾਂ ਕਿ ਓਸ ਦੇਸ ਦੇ ਇਕ ਆਦਮੀ ਨੂੰ ਉਸ ਸਿਨਮਾ ਹਾਲ ਵਿਚੋਂ ਕਢਿਆ ਜਾਂਦਾ ਹੈ ਜਿਦ੍ਹੇ ਦਾਖ਼ਲੇ ਲਈ ਉਸ ਪੈਸੇ ਦਿੱਤੇ ਹਨ ਤੇ ਜਿਥੇ ਪੂਜਯ ਮੂਰਤਾਂ ਨਹੀਂ, ਕਈ ਵਾਰ ਆਚਾਰ-ਹੀਨ* ਮੂਰਤਾਂ ਵਿਖਾਈਆਂ ਜਾਂਦੀਆਂ ਹਨ । ਕਿਸ ਲਈ ? ਕਿ ਉਸ ਨੇ ਆਪਣੀ ਦਸਤਾਰ ਉਤਾਰਨੋਂ ਇਨਕਾਰ ਕੀਤਾ, ਕਿਉਂਕਿ ਉਹਦੇ ਦੇਸ ਵਿਚ ਆਪਣੇ ਬਜ਼ੁਰਗਾਂ ਦੇ ਸਾਹਮਣੇ ਦਸਤਾਰ ਉਤਾਰਨਾ ਭੈੜੀ ਤਹਿਜ਼ੀਬ ਗਿਣੀ ਜਾਂਦੀ ਹੈ । ਓਸ ਨੇ ਹਾਲ ਵਿਚ ਬੈਠੇ ਸਾਰਿਆਂ ਨੂੰ ਆਪਣਾ ਬਜ਼ੁਰਗ ਸਮਝਿਆ ਸੀ ।

"ਇਹ ਗੱਲ ਮੈਂ ਕਿਸੇ ਬਦਲੇ ਦੀ ਇੱਛਾ ਨਾਲ ਨਹੀਂ ਲਿਖ ਰਿਹਾ । ਨਾ ਮੈਂ ਚਾਹੁੰਦਾ ਹਾਂ ਕਿ ਦੋਹਾਂ ਸਭਿੱਅਤਾਂ ਦੇ ਇਖ਼ਤਿਲਾਫ਼ ਮੋਟੇ ਕਰ ਕੇ ਵਿਖਾਏ ਜਾਣ । ਇਹ ਜਤਨ ਭਾਵੇਂ ਕਈ ਯੂਰਪੀਨ ਭਰਾ ਕਰ ਰਹੇ ਹਨ, ਜਿਨ੍ਹਾਂ ਦੀ ਤੁਫ਼ੈਲ ਹਿੰਦੁਸਤਾਨ ਦੀ ਬਾਬਤ ਤੁਹਾਡੇ ਦਿਲਾਂ ਵਿਚ ਮੈਂ ਬਹੁਤ ਸਾਰੀਆਂ ਗ਼ਲਤ-ਫ਼ਹਿਮੀਆਂ ਵੇਖ ਰਿਹਾ ਹਾਂ । ਮੈਨੂੰ ਯਕੀਨ ਹੈ ਕਿ ਮੈਂ ਇਹੋ ਜਿਹੇ ਸੱਭ ਨਿਰਾਦਰ ਭੁਲਾ ਸਕਾਂਗਾ ਤੇ ਦੇਸ਼ ਵਿਚ ਸਿਰਫ਼

ਤੁਹਾਡੀਆਂ ਮਿਹਰਬਾਨੀਆਂ ਦੀ ਯਾਦ ਲੈ ਕੇ ਜਾਵਾਂਗਾ, ਜਿਦ੍ਹਾ ਪਾਤਰ ਮੈਨੂੰ ਤੁਹਾਡੀਆਂ ਸੁੰਦਰ ਯੂਨੀਵਰਸਿਟੀਆਂ ਨੇ ਬਣਾਇਆ ਹੈ।

"ਉਪਰਲੀਆਂ ਸਤਰਾਂ ਲਿਖਦਿਆਂ ਦਿਲ ਵਿਚੋਂ ਇਹ ਰੀਝ ਉਠ ਰਹੀ ਹੈ ਕਿ ਕਦੇ ਹਿੰਦੁਸਤਾਨ ਵਿਚ ਆਪਣੇ ਪੂਜਯ ਹਰੀ ਮੰਦਰ ਦੇ ਸਾਹਮਣੇ ਸਟਰੈਂਡ ਥੀਏਟਰ ਦੇ ਮੈਨੇਜਰ ਸਾਹਿਬ ਨੂੰ ਮਿਲ ਪੈਣ ਦਾ ਸੁਭਾਗ ਮੇਰਾ ਹੋਵੇ, ਤੇ ਉਨ੍ਹਾਂ ਦੇ ਬੂਟ ਉਤਾਰ ਕੇ ਆਪਣੇ ਹੱਥੀਂ ਮਖ਼ਮਲੀ ਜੋੜਾ ਪਹਿਨਾਣ ਦੀ ਖ਼ੁਸ਼ੀ ਪ੍ਰਾਪਤ ਕਰਾਂ।

"ਸ਼ਾਇਦ ਉਪਰਲੀ ਹਰਕਤ ਇੱਕ ਹੀਦਨ (ਕਾਫ਼ਰ) ਕੋਲੋਂ ਤੁਹਾਨੂੰ ਅਨੋਖੀ ਤੇ ਬੇ-ਯਕੀਨੀ ਮਲੂਮ ਹੁੰਦੀ ਹੋਵੇ। ਪਰ ਮੈਨੂੰ ਡਰ ਹੈ ਕਿ ਪੱਛਮੀ ਸਭਿਅਤਾ ਓਦੋਂ ਤਕ ਅਮਨ-ਮੰਦਰ ਦੀਆਂ ਸ਼ੁਭ ਦੀਵਾਰਾਂ ਵਿਚ ਯੋਗ ਤਰ੍ਹਾਂ ਜੋੜੀ ਨਹੀਂ ਜਾ ਸਕੇਗੀ ਜਦੋਂ ਤਕ ਇਹ ਹੀਦਨ ਹਿੰਦੂ ਕੋਲੋਂ ਕਈ ਸਬਕ ਨਹੀਂ ਲੈ ਲੈਂਦੀ। ਹੀਦਨ ਹਿੰਦੂ ਹੀ ਤੁਹਾਨੂੰ ਯਸੂਹ ਮਸੀਹ ਦੇ ਹੁਕਮਾਂ ਦਾ ਪਾਲਣ ਕਰਨਾ ਸਿਖਾ ਸਕੇਗਾ।

"Thou Shalt not Kill "ਤੂੰ ਕਦੇ ਮਾਰੀਂ ਨਾ।" ਕਾਲ ਪੈ ਜਾਂਦਾ ਹੈ, ਤੇ ਇਹ ਹੀਦਨ ਹਿੰਦੂ ਇੰਚ ਇੰਚ ਕਰਕੇ ਆਪਣੀ ਲਿੱਸੀ ਗਊ ਦੀਆਂ ਅੱਖਾਂ ਵਿਚ ਤੱਕਦਾ ਤੱਕਦਾ ਭੁੱਖਾ ਮਰ ਜਾਂਦਾ ਹੈ, ਪਰ ਜ਼ਿੰਦਗੀ ਵਧਾਣ ਲਈ ਵੀ ਗਊ ਨੂੰ ਮਾਰ ਖਾਣ ਦਾ ਖ਼ਿਆਲ ਚਿੱਤ ਵਿਚ ਨਹੀਂ ਲਿਆਉਂਦਾ। ਗੁਆਂਢੀ ਨਾਲ ਯੋਗ ਸਲੂਕ ਕਰਨਾ ਵੀ ਇਹੀ ਸਿਖਾ ਸਕਦਾ ਹੈ. ਜਿਸ ਨੇ ਲੜਾਈ ਵਿਚ ਆਪ ਪਿੱਛ ਪੀਤੀ ਤੇ ਚਾਵਲ ਆਪਣੇ ਗੋਰੇ ਸਾਥੀ ਨੂੰ ਖੁਆਏ। "ਇਕ ਗਲ੍ਹ ਉਤੇ ਧੱਪਾ ਖਾ ਕੇ ਦੂਈ ਅਗੇ ਕਰਨਾ" ਵੀ ਉਹੀ ਸਿਖਾ ਸਕਦਾ ਹੈ ਜੋ ਅਜ ਗੁਰੂ ਕੇ ਬਾਗ਼ ਵਿਚ ਕਰੋਧੀ ਪੈਰਾਂ ਹੇਠ ਰੋਲਿਆ ਜਾ ਰਿਹਾ ਹੈ, ਡਾਂਗਾਂ ਨਾਲ ਚਿਥਿਆ ਜਾ ਰਿਹਾ ਹੈ, ਉਹਦੇ ਮੁਤਬੱਰਕ ਕੇਸ ਖਿਚੇ ਜਾ ਰਹੇ ਹਨ, ਪਰ ਉਹ ਇੱਕ ਦੁਰਾਸੀਸ ਤਕ ਨਹੀਂ ਦੇਂਦਾ।"

ਇਹ ਚਿੱਠੀ ਛਪਣ ਦੀ ਢਿੱਲ ਸੀ ਕਿ ਮੈਨੂੰ ਚਿੱਠੀਆਂ ਉਤੇ ਚਿੱਠੀਆਂ ਆਉਣ ਲਗ ਪਈਆਂ, ਇੰਟਰਵੀਊ ਮੰਗੇ ਜਾਣ ਲਗੇ । ਕਈ ਮਿੱਤਰਤਾਈਆਂ ਕਾਇਮ ਹੋ ਗਈਆਂ । ਗਿਰਜਿਆਂ, ਕਲੱਬਾਂ ਵਲੋਂ ਲੈਕਚਰ ਲਈ ਸੱਦੇ ਆਏ । ਸਾਰਾ ਸ਼ਹਿਰ ਮੇਰਾ ਜਾਣੂ ਹੋ ਗਿਆ, ਤੇ ਹਰ ਦੁਕਾਨ ਹੋਟਲ ਉਤੇ ਮੈਨੂੰ ਖ਼ਾਸ ਆਦਰ ਦਿੱਤਾ ਜਾਣ ਲਗਾ । ਪਰ ਸਭ ਤੋਂ ਵੱਡਾ ਲਾਭ ਜੋ ਮੈਨੂੰ ਏਸ ਘਟਨਾ ਨੇ ਦਿੱਤਾ ਉਹ ਇਕ ਪੰਜਾਹ ਵਰ੍ਹੇ ਦੀ ਬੇਨਜ਼ੀਰ ਬਿਰਧ ਇਸਤ੍ਰੀ ਦੀ ਮਿੱਤਰਤਾਈ ਸੀ । ਏਸ ਇਸਤ੍ਰੀ ਨੇ ਮਿਲਣ ਲਈ ਮੈਨੂੰ ਸੱਦਿਆ । ਮੈਂ ਗਿਆ । ਇੱਕ ਅਜਬ ਮੇਲ ਸੀ, ਕੋਈ ਸੁਫ਼ਨਾ ਸੀ, ਕੋਈ ਦੀਦਾਰ ਸੀ । ਇਸ ਇਸਤ੍ਰੀ ਦੀ ਤੁਫ਼ੈਲ ਮੈਨੂੰ ਬੜੇ ਬੜੇ ਵਿਦਵਾਨਾਂ ਤੇ ਸੁੱਚੇ ਦਲੇਰ ਦਿਲਾਂ ਨਾਲ ਮਿਲਣ ਦਾ ਮੌਕਾ ਮਿਲਿਆ । ਇਹ ਇਸਤ੍ਰੀ ਇੱਕ ਖ਼ੁਦਮੁਖ਼ਤਾਰ ਲੇਖਕਾ ਹੈ । ਏਸੇ ਨੇ ਮੇਰੇ ਅੰਦਰ ਲਿਖਣ ਦਾ ਸ਼ੌਕ ਤੀਬਰ ਕੀਤਾ । ਏਸੇ ਦੀ ਸਲਾਹੁਤਾ ਨੇ ਮੇਰੇ ਅੰਦਰੋਂ ਕਈ ਸੁੱਤੀਆਂ ਪ੍ਰਾਰਥਨਾਂ ਜਗਾਈਆਂ, ਨਿਡਰਤਾ ਤੇ ਬੇਪਰਵਾਹੀ ਦਾ ਸੁਖਦਾਈ ਸਬਕ ਦਿੱਤਾ । ਮੇਰੇ ਅੰਦਰੋਂ ਢੂੰਡ ਢੂੰਡ ਕੇ ਦਾਸ-ਭਾਵ* ਬਾਹਰ ਕੱਢ ਸੁੱਟੇ । ਹਰ ਕਿਸਮ ਦੀ ਗ਼ੁਲਾਮੀ ਤੋਂ ਘ੍ਰਿਣਾ ਪੈਦਾ ਕਰਾ ਦਿੱਤੀ ।

ਸਿਨਿਮਾ ਵਾਲਿਆਂ ਵੀ ਮਾਫ਼ੀਨਾਮਾ ਘੱਲਿਆ ਤੇ ਇੰਟਰਵੀਊ ਮੰਗਿਆ ਤੇ ਸਿਨਿਮਾ ਦੇ ਬੂਹੇ ਮੇਰੇ ਲਈ ਚੁੱਪਟ ਖੋਲ੍ਹ ਦਿੱਤੇ । ਮੈਂ ਭਾਵੇਂ ਇਕ ਵਾਰੀ ਕੰਪਨੀ ਨੂੰ ਖ਼ੁਸ਼ ਕਰਨ ਤੋਂ ਛੁੱਟ ਫੇਰ ਓਸ ਸਿਨਿਮਾ ਵਿਚ ਨਹੀਂ ਗਿਆ । ਉਨ੍ਹਾਂ ਦੀ ਚਿੱਠੀ ਦਾ ਉਲਥਾ ਵੀ ਪੇਸ਼ ਕਰਦਾ ਹਾਂ ।

"ਮੇਰੇ ਪਿਆਰੇ ਸ਼੍ਰੀ ਮਾਨ ਜੀ ।

ਸਿਰਫ਼ ਅਖ਼ਬਾਰਾਂ ਦੀ ਰਾਹੀਂ ਸਾਨੂੰ ਤੁਹਾਡੀ ਉਸ ਔਕੜ ਦਾ ਪਤਾ ਲਗਾ ਹੈ, ਜਿਹੜੀ ਉਸ ਦਿਨ ਆਪ ਨੂੰ ਸਟਰੈਂਡ ਥੀਏਟਰ ਵਿੱਚ ਪੇਸ਼ ਆਈ । ਸਾਨੂੰ ਕਿਰਪਾ ਕਰਕੇ ਸਫ਼ਾਈ ਦਾ ਅਵਸਰ ਦਿਓ । ਸਾਡੇ ਮੁਲਾਜ਼ਮਾਂ ਨੂੰ ਹਦਾਇਤ ਜ਼ਰੂਰ ਹੈ ਕਿ ਖ਼ਾਸ ਕਿਸਮ ਦੇ ਆਦਮੀਆਂ ਨੂੰ

ਟੋਪੀ ਉਤਾਰਨ ਲਈ ਬਿਨੈ* ਕੀਤੀ ਜਾਏ, ਜੇ ਉਹ ਆਪ ਨਾ ਉਤਾਰਨ। ਪਰ ਜਿਸ ਅਫ਼ਸਰ ਨੇ ਓਸ ਦਿਨ ਤੁਹਾਡੇ ਨਾਲ ਗੱਲ ਬਾਤ ਕੀਤੀ, ਉਹਨੂੰ ਹਰਗਿਜ਼ ਆਗਿਆ ਨਹੀਂ ਸੀ ਕਿ ਦਸਤਾਰ ਉਤਾਰਨ ਦੇ ਇਨਕਾਰ ਉਤੇ ਉਹ ਤੁਹਾਡਾ ਥੀਏਟਰ ਵਿਚੋਂ ਚਲੇ ਜਾਣਾ ਮਨਜ਼ੂਰ ਕਰ ਲੈਂਦਾ।'

ਅਸੀਂ ਆਪਣਾ ਸੱਚਾ ਸ਼ੋਕ ਪ੍ਰਗਟ ਕਰਨਾ ਚਾਹੁੰਦੇ ਹਾਂ, ਤੇ ਅਤਿਅੰਤ ਆਜਜ਼ੀ ਨਾਲ ਖਿਮਾਂ ਮੰਗਦੇ ਹਾਂ। ਅਸੀਂ ਜ਼ਿੰਮੇਵਾਰੀ ਲੈਂਦੇ ਹਾਂ ਕਿ ਅੱਗੋਂ ਆਪ ਦੀਆਂ ਰਸਮਾਂ ਦਾ ਸਾਡੇ ਥੀਏਟਰ ਵਿਚ ਪੂਰਨ ਆਦਰ ਕੀਤਾ ਜਾਏਗਾ, ਤੇ ਅਸੀਂ ਧੰਨਵਾਦੀ ਹੋਵਾਂਗੇ ਜੇ ਆਪ ਸਾਨੂੰ ਆਪਣੀ ਕੋਈ ਤਕਲੀਫ਼ ਦੱਸਣ ਦੀ ਕਿਰਪਾ ਕਰੋਗੇ।

ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਆਪ ਸਾਨੂੰ ਆਪਣੀ ਵੱਡ-ਮੁਲੀ ਹਾਜ਼ਰੀ ਨਾਲ ਵਡਿਆਉਂਦੇ ਰਹੋਗੇ।"

ਅਤਿ ਸੱਚੇ ਦਿਲ ਨਾਲ ਤੁਹਾਡਾ
ਰੈਜ਼ੀਡੈਂਟ ਮੈਨੇਜਰ
ਸਟਰੈਂਡ ਥੀਏਟਰ

ਯੰਗਸਟਾਓਨ

ਵਲੈਤਾਂ ਵਿੱਚ ਜਿੰਨੇ ਮੁੰਡੇ ਮੈਨੂੰ ਮਿਲੇ ਉਹ ਲਗ ਪਗ ਸਾਰੇ ਦਸਤਾਰ ਤੋਂ ਰੋਣਹਾਕੇ ਸਨ। ਮੈਂ ਉਹਨਾਂ ਦੀ ਮੁਸ਼ਕਲ ਨਾਲ ਹਮਦਰਦੀ ਰਖਦਾ ਸਾਂ, ਪਰ ਸਾਰਿਆਂ ਨਾਲ ਇਤਫ਼ਾਕ ਨਹੀਂ ਸਾਂ ਕਰ ਸਕਦਾ। ਕਿਉਂਕਿ ਮੇਰਾ ਆਪਣਾ ਦਿਲ ਤੇ ਏਸ ਦਸਤਾਰ ਦੇ ਹਰ ਪੇਚ ਦਾ ਕਦਰਦਾਨ, ਇਹਦੇ ਇਹਸਾਨਾਂ ਦਾ ਬੱਧਾ ਪਿਆ ਸੀ।

————

# ਪੰਜ ਦਰਿਆਵਾਂ ਦਾ ਦੇਸ

ਪ੍ਰੋ: ਗੰਡਾ ਸਿੰਘ

## ਪੰਜਾਬ ਦੀ ਵਿਸ਼ੇਸ਼ਤਾ

ਸੰਸਾਰ ਦੇ ਇਤਿਹਾਸ ਵਿਚ ਪੰਜਾਬ ਇਕ ਖ਼ਾਸ ਮਹੱਤਤਾ* ਰਖਦਾ ਹੈ। ਪ੍ਰਾਚੀਨ ਸਮੇਂ ਦੇ ਇਤਿਹਾਸਕਾਰਾਂ ਨੇ ਇਸ ਦੇਸ ਨੂੰ ਮਨੁੱਖਤਾ ਦਾ ਪੰਘੂੜਾ ਆਖਿਆ ਹੈ। ਇੱਥੇ ਹੀ ਪੁਰਾਤਨ ਹਿੰਦੀ ਸੱਭਿਤਾ ਦਾ ਜਨਮ ਹੋਇਆ, ਏਥੇ ਹੀ ਆਰੀਆ ਰਿਖੀਆਂ ਨੇ ਵੇਦ ਰਚਣੇ ਆਰੰਭ ਕੀਤੇ, ਇੱਥੇ ਹੀ ਸਿੱਖ ਗੁਰੂਆਂ ਨੇ ਸਿੱਖ ਧਰਮ ਦੀ ਬੁਨਿਆਦ ਰਖੀ ਤੇ ਸਿੱਖ ਕੌਮ ਨੂੰ ਜਨਮ ਦਿੱਤਾ। ਇੱਥੇ ਹੀ ਪਹਿਲੋਂ-ਪਹਿਲ ਹਿੰਦੀ ਜਾਗਰਤ ਦੀ ਜਾਗ ਲੱਗੀ, ਤੇ ਇੱਥੇ ਹੀ ਵੀਹਵੀਂ ਸਦੀ ਦੇ ਰਾਜਸੀ ਅੰਦੋਲਨ ਲਈ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਗਈਆਂ। ਅੰਤ ਏਥੇ ਹੀ ਹਿੰਦ ਦੀ ਆਜ਼ਾਦੀ ਵੇਲੇ ਇਕ ਮਹਾਨ ਘੱਲੂਘਾਰਾ ਵਰਤਿਆ ਜਿਸ ਵਿਚ ਲੱਖਾਂ ਪੰਜਾਬੀ ਕਤਲ ਹੋਏ, ਲੱਖਾਂ ਹੀ ਲੁਟੇ ਪੁਟੇ ਗਏ ਅਤੇ ਘਰੋਂ ਬੇ-ਘਰ ਹੋਏ।

## ਪੁਰਾਣਾ ਤੇ ਨਵਾਂ ਨਾਂ

ਪੰਜਾਬ ਦਾ ਪੁਰਾਣਾ ਨਾਂ ਸਪਤ-ਸਿੰਧੂ ਅਰਥਾਤ ਸੱਤਾਂ ਦਰਿਆਵਾਂ ਦਾ ਦੇਸ ਸੀ । ਇਹ ਦਰਿਆ ਸਨ : ਸਿੰਧ, ਜਿਹਲਮ, ਝਨਾਂ, ਰਾਵੀ, ਬਿਆਸ, ਸਤਲੁਜ ਤੇ ਸਰਸ੍ਵਤੀ। ਸਰਸ੍ਵਤੀ ਨਦੀ ਸੁਕ ਚੁਕੀ ਹੋਈ ਹੈ, ਬਿਆਸ ਅਤੇ ਸਤਲੁਜ ਹਰੀਕੇ ਪੱਤਣ ਜਾ ਕੇ ਮਿਲ ਜਾਂਦੇ ਹਨ ਅਤੇ ਇੱਕ ਹੋ ਕੇ ਅੱਗੇ ਨੂੰ ਵਗ ਤੁਰਦੇ ਹਨ। ਇਸ ਤਰ੍ਹਾਂ ਜੁੜਵੇਂ ਪੰਜਾਂ ਦਰਿਆਵਾਂ ਦਾ ਦੇਸ ਪੰਜ–ਆਬ (ਦਰਿਆ) ਜਾਣੀ ਪੰਜਾਬ ਸਦੀਂਦਾ ਹੈ। ਅਗਸਤ ੧੯੪੭ ਵਿਚ ਇਹ ਪੰਜਾਬ ਦੋ ਹਿੱਸਿਆਂ ਵਿਚ ਵੰਡਿਆ ਗਿਆ, ਲਹਿੰਦਾ ਪੰਜਾਬ ਤੇ ਚੜ੍ਹਦਾ ਪੰਜਾਬ। ਲਹਿੰਦਾ-ਪੰਜਾਬ ਪਾਕਿਸਤਾਨ ਦੇ ਹਿੱਸੇ ਆਇਆ ਤੇ ਚੜ੍ਹਦਾ-ਪੰਜਾਬ ਹਿੰਦੁਸਤਾਨ (ਭਾਰਤ) ਦੇ । ਹੁਣ ਚੜ੍ਹਦੇ-ਪੰਜਾਬ ਦੀ ਖੱਬੀ ਹੱਦ ਗੁਰਦਾਸਪੁਰ ਦੇ ਜ਼ਿਲ੍ਹੇ ਤਕ ਰਾਵੀ ਹੈ ਅਤੇ ਦੱਖਣ-ਪੂਰਬੀ ਹੱਦ ਜਮਨਾ । ਜੇ ਪੁਰਾਤਨ ਦਰਿਆ ਸਰਸ੍ਵਤੀ ਨੂੰ ਗਿਣਤੀ ਵਿਚ ਲੈ ਲਿਆ ਜਾਏ ਤਾਂ ਚੜ੍ਹਦਾ ਪੰਜਾਬ, ਪੰਜਾਂ ਦਰਿਆਵਾਂ (ਰਾਵੀ, ਬਿਆਸ, ਸਤਲੁਜ, ਸਰਸ੍ਵਤੀ ਤੇ ਜਮਨਾ) ਦਾ ਦੇਸ ਪੰਜਾਬ ਕਿਹਾ ਜਾ ਸਕਦਾ ਹੈ।

## ਜਲ-ਵਾਯੂ

ਵੰਡ ਤੋਂ ਪਹਿਲਾਂ ਦਾ ਪੰਜਾਬ ਲਹਿੰਦੀ ਵਲੋਂ ਦੁਆਬਾ ਸਿੰਧ ਸਾਗਰ ਅਤੇ ਦਰਿਆ ਸਿੰਧ ਤੋਂ ਪਾਰਲੇ ਦੇ ਟੁਕੜਿਆਂ ਤੋਂ ਲੈ ਕੇ ਜਿਨ੍ਹਾਂ ਵਿਚ ਡੇਰਾ ਗ਼ਾਜ਼ੀਖ਼ਾਨ ਤੇ ਮੀਆਂਵਾਲੀ ਦਾ ਕੁਝ ਹਿੱਸਾ ਸੀ ਤੇ ਚੜ੍ਹਦੀ ਵਲ ਜਮਨਾ ਤਕ ਦਾ ਇਲਾਕਾ ਸੀ, ਅਤੇ ਦੇਸੀ ਰਿਆਸਤਾਂ ਸਮੇਤ ਇਸ ਦਾ ਰਕਬਾ ੧੩੩੭੪੧ ਮੁਰੱਬਾ ਮੀਲ ਸੀ। ਪੰਜਾਬ ਦਾ ਜਲ-ਵਾਯੂ ਐਸਾ ਹੈ ਕਿ ਇੱਥੇ ਦੇ ਵਸਨੀਕ ਸੰਸਾਰ ਦੇ ਹਰ ਦੇਸ ਵਿਚ ਜਾ ਕੇ ਤੱਗ ਜਾਂਦੇ ਹਨ। ਜਿੱਥੇ ਗਰਮੀਆਂ ਨੂੰ ੧੨੧ ਦਰਜੇ ਤਕ ਡਾਢੀ ਗਰਮੀ ਪੈਂਦੀ ਹੈ, ਉੱਥੇ ਸਰਦੀਆਂ ਨੂੰ ਪਾਲਾ ਵੀ ਚੋਖਾ ਹੁੰਦਾ ਹੈ ਤੇ ਥਰਮਾਮੀਟਰ ੧੮-੧੯

ਦਰਜੇ ਤਕ ਆ ਜਾਂਦਾ ਹੈ, ਗਰਮੀ ਤੇ ਸਰਦੀ ਦੀ ਜ਼ਿਆਦਤੀ ਦੇ ਦਿਨਾਂ ਵਿਚ ਹੀ ਇੱਥੇ ਐਸੇ ਇਲਾਕੇ ਵੀ ਮਿਲ ਜਾਂਦੇ ਹਨ, ਜਿੱਥੇ ਗਰਮੀ ਤੇ ਸਰਦੀ ਬਹੁਤ ਜ਼ਿਆਦਾ ਨਹੀਂ ਹੁੰਦੀ। ਇਹ ਹੀ ਕਾਰਨ ਹੈ ਕਿ ਪੰਜਾਬ ਦੇ ਹੰਢੇ ਹੋਏ ਹਠੀਲੇ ਬੰਦੇ ਨੂੰ ਭਾਵੇਂ ਅਰਬ ਤੇ ਅਫ਼ਰੀਕਾ ਦੇ ਭਖਦੇ ਰੇਤੜ ਵਿਚ ਤੇ ਭਾਵੇਂ ਸਾਇਬੇਰੀਆ ਦੇ ਬਰਫ਼ਾਨੀ ਇਲਾਕੇ ਵਿਚ ਰਖ ਦਿੱਤਾ ਜਾਏ, ਉਥੇ ਵੀ ਰਚ-ਮਿਚ ਜਾਂਦਾ ਹੈ।

## ਆਰੀਆ ਲੋਕ

ਸਭ ਤੋਂ ਪਹਿਲਾਂ ਆਰੀਆ ਲੋਕ ਪੰਜਾਬ ਵਿਚ ਹੀ ਵੱਸੇ ਤੇ ਇੱਥੇ ਹੀ ਇਨ੍ਹਾਂ ਨੇ ਆਪਣੀ ਸੱਭਿਤਾ ਦਾ ਸੂਚਕ ਪੁਰਾਤਨ ਗ੍ਰੰਥ ਰਿਗ-ਵੇਦ ਰਚਿਆ। ਰਿਗ-ਵੇਦ ਦੇ ਇੱਕ ਮੰਤਰ ਵਿਚ ਰਿਖੀ ਵਿਸ਼੍ਵਾਮਿੱਤਰ ਨੇ ਵਿਪਾਸਾ (ਬਿਆਸ) ਤੇ ਸੁਤੁਦਰਿ (ਸਤਲੁਜ) ਦਰਿਆਵਾਂ ਅਗੇ ਪ੍ਰਾਰਥਨਾ ਕੀਤੀ ਹੈ ਕਿ ਉਹ ਭਾਰਤਾਂ ਨੂੰ ਅੱਗੇ ਲੰਘ ਲੈਣ ਦੇਣ। ਪੁਰਾਤਨ ਗ੍ਰੰਥਾਂ ਵਿਚ ਦੇਵਤਿਆਂ ਤੇ ਅਸੁਰਾਂ* ਦੇ ਦਰਮਿਆਨ ਜਿਸ ਯੁੱਧ ਦਾ ਜ਼ਿਕਰ ਆਉਂਦਾ ਹੈ, ਉਹ ਇਥੇ ਹੀ ਲੜਿਆ ਗਿਆ ਸੀ। ਕੁਝ ਵਿਦਵਾਨਾਂ ਦਾ ਖ਼ਿਆਲ ਹੈ ਕਿ ਆਰਯ-ਗ੍ਰੰਥਾਂ ਵਿਚ ਜਿਨ੍ਹਾਂ "ਦਸਯੂ" ਨਾਮੀ ਲੋਕਾਂ ਦਾ ਵਰਨਣ ਹੈ, ਉਹ ਪੰਜਾਬ ਦੇ ਪੁਰਾਤਨ ਵਸਨੀਕ ਸਨ। ਜਿਸ ਵੇਲੇ ਆਰੀਆ ਲੋਕ ਇਥੇ ਆਏ ਤਾਂ ਇਨ੍ਹਾਂ ਦੋਹਾਂ ਦੀ ਆਪਸ ਵਿਚ ਖਿੱਚੋਤਾਣ ਵੱਧ ਗਈ। ਇਸ ਦੇ ਨਤੀਜੇ ਵਜੋਂ ਆਰੀਆਂ (ਦੇਵਾਂ) ਤੇ ਪੁਰਾਤਨਾਂ (ਅਸੁਰਾਂ) ਦੇ ਵਿਚਕਾਰ ਇਕ ਬੜਾ ਯੁਧ ਹੋਇਆ। ਇਸ ਯੁੱਧ ਵਿਚ ਅਸੁਰਾਂ ਨੂੰ ਹਾਰ ਹੋ ਗਈ ਤੇ ਦੇਵਾਂ ਦਾ ਜ਼ੋਰ ਵਧ ਗਿਆ।

ਆਰੀਆ ਸੱਭਿਤਾ ਦੇ ਜ਼ਮਾਨੇਂ ਵਿਚ ਸਾਹਿੱਤ ਨੇ ਇਕ ਹੈਰਾਨ ਕਰ ਦੇਣ ਵਾਲੀ ਤਰੱਕੀ ਕੀਤੀ। ਵੇਦਕ ਸੂਤਰਾਂ ਦੇ ਵਿਸਥਾਰ ਸਹਿਤ ਸਮਝਣ ਸਮਝਾਉਣ ਲਈ ਬ੍ਰਾਹਮਣ-ਗ੍ਰੰਥ ਰਚੇ ਗਏ, ਤੇ ਫੇਰ ਪਿਛੋਂ ਉਪਨਿਸ਼ਦ ਲਿਖਤ ਵਿਚ ਆਏ। ਇਸ ਸਮੇਂ ਆਰੀਆ ਲੋਕਾਂ ਦੀ

ਉੱਨਤੀ ਕੇਵਲ ਧਾਰਮਕ ਸਾਹਿੱਤ ਤਕ ਹੀ ਬੰਦ ਨਹੀਂ ਸੀ, ਬਲਕਿ ਹਰ ਲੋੜੀਂਦੇ ਇਲਮ ਵਲ ਧਿਆਨ ਦਿੱਤਾ ਗਿਆ। ਧਨੁਰ ਵੇਦ (ਜੰਗ ਦੀ ਸਿੱਖਿਆ), ਗਾਂਧਰਵ-ਵੇਦ (ਰਾਗ ਦੀ ਵਿਦਿਆ), ਅਰਥ-ਵੇਦ (ਵਪਾਰ ਤੇ ਕਾਰੀਗਰੀ), ਅਯੁਰ-ਵੇਦ (ਦਵਾ ਦਾਰੂ), ਛੰਦ (ਕਵਿਤਾ), ਵਿਆਕਰਣ, ਨਿਰੁਕਤ, ਜੋਤਿਸ਼ ਆਦਿ ਸੰਬੰਧੀ ਗ੍ਰੰਥ ਵੀ ਲਿਖੇ ਗਏ। ਮੰਨੂੰ ਦਾ ਧਰਮ-ਸ਼ਾਸ਼ਤ੍ਰ ਜਿਸ ਵਿਚ ਪੁਰਾਤਨ ਹਿੰਦੂ ਸਮਾਜ ਦੀ ਬਣਤਰ ਦਾ ਵਰਨਣ ਹੈ, ਇਸ ਵੇਲੇ ਹੀ ਲਿਖਿਆ ਗਿਆ, ਅਤੇ ਸੰਸਾਰ ਪ੍ਰਸਿੱਧ ਪਾਣਿਨੀ ਦਾ (ਜੋ ਇੱਕ ਪੰਜਾਬੀ ਸੀ) ਵਿਆਕਰਣ ਵੀ ਇਸ ਸਮੇਂ ਦੇ ਸਾਹਿੱਤ ਦਾ ਇਕ ਉੱਚਾ ਨਮੂਨਾ ਹੈ।

ਮਹਾਂਭਾਰਤ ਦੇ ਜ਼ਮਾਨੇ ਵਿਚ ਗਿਆਨ ਤੇ ਕਸ਼ਾਤਰ ਧਰਮ ਦੀ ਸਿੱਖਿਆ ਦੇਣ ਵਾਲੀ ਮਹਾਨ ਪੁਸਤਕ 'ਗੀਤਾ' ਵੀ ਪੰਜਾਬ ਦੀ ਭੂਮੀ ਵਿਚ ਹੀ ਉਚਾਰੀ ਗਈ ਅਤੇ ਮਹਾਂਭਾਰਤ ਦਾ ਕੌਰਵਾਂ ਤੇ ਪਾਂਡਵਾਂ ਦਾ ਯੁੱਧ ਕੁਰਕਸ਼ੇਤਰ ਦੇ ਮੈਦਾਨ ਵਿਚ ਇਥੇ ਹੀ ਹੋਇਆ ਹੈ।

## ਸਿਕੰਦਰ ਦਾ ਹੱਲਾ

ਜਿਸ ਵੇਲੇ ਯੂਨਾਨੀ ਵਿੱਜੇਈ ਸਿਕੰਦਰ ਮੁਲਕ ਮਾਰਦਾ ਹੋਇਆ ਸੰਨ ੩੨੬ (ਈਸਾ ਤੋਂ ਪਹਿਲਾਂ) ਨੂੰ ਪੰਜਾਬ ਵਿਚ ਪੁੱਜਾ ਤਾਂ ਤਕਸ਼ਸਿਲਾ ਦੇ ਰਾਜਾ ਪੋਰਵ ਨੇ ਬੜੀ ਬਹਾਦਰੀ ਨਾਲ ਉਸ ਦਾ ਟਾਕਰਾ ਕੀਤਾ, ਤੇ ਇੱਥੋਂ ਅਗੇ ਤੁਰਨ ਪਰ ਪੰਜਾਬੀਆਂ ਨੇ ਪੈਰ ਪੈਰ ਤੇ ਉਸ ਨੂੰ ਰੋਕ ਪਾਈ। ਅੰਮ੍ਰਿਤਸਰ ਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਸਿਕੰਦਰ ਦੇ ਫ਼ੌਜੀਆਂ ਨੂੰ ਐਸੇ ਡਾਢੇ ਮੁਕਾਬਲੇ ਪਏ ਕਿ ਉਨ੍ਹਾਂ ਨੇ ਬਿਆਸ ਟਪਣੋਂ ਨਾਂਹ ਕਰ ਦਿੱਤੀ ਤੇ ਸਿਕੰਦਰ ਨੂੰ ਇਥੋਂ ਪਿਛੇ ਨੂੰ ਮੁੜ ਪੈਣ ਲਈ ਮਜਬੂਰ ਹੋਣਾ ਪਿਆ।

## ਗੁਪਤ ਰਾਜੇ

ਸਿਕੰਦਰ ਪੰਜਾਬ ਵਿਚ ਆਪਣੀ ਹਕੂਮਤ ਪੱਕੀ ਨਾ ਕਰ ਸਕਿਆ

ਤੇ ਉਸ ਦੀ ਮੌਤ ਤੋਂ ਛੇਤੀ ਹੀ ਪਿਛੋਂ ਪੰਜਾਬੀ ਸੂਰਮੇ ਚੰਦਰ ਗੁਪਤ ਮੌਰੀਏ ਨੇ ਯੂਨਾਨੀਆਂ ਦੀ ਬਹੁਤ ਹੱਦ ਤਕ ਇਥੋਂ ਸਫ਼ ਹੀ ਲਪੇਟ ਛੱਡੀ ਤੇ ਚੜ੍ਹਦੇ ਵਲ ਮਗਧ ਤਕ ਦਾ ਦੇਸ ਜਿੱਤ ਲਿਆ। ਈਸਾ ਤੋਂ ਪਹਿਲਾਂ ਸੰਨ ੩੦੫ ਵਿਚ ਜਦ ਸੀਰੀਆ ਦੇ ਬਾਦਸ਼ਾਹ ਸਿਲੂਕਸ ਨਿਕਾਤੋਰ ਨੇ ਹਿੰਦ ਤੇ ਹੱਲਾ ਕੀਤਾ ਤਾਂ ਉਸ ਨੂੰ ਲੈਣੇ ਦੇ ਦੇਣੇ ਪੈ ਗਏ, ਤੇ ਉਸ ਨੇ ਸਿੰਧ ਤੋਂ ਪਾਰ ਦਾ ਇਲਾਕਾ ਤੇ ਆਪਣੀ ਧੀ ਦਾ ਡੋਲਾ ਦੇ ਕੇ ਪਿੱਛਾ ਛੁਡਾਇਆ।

ਚੰਦਰ ਗੁਪਤ ਦੇ ਪੁੱਤਰ ਬਿੰਦੂਸਾਰ ਤੇ ਪੋਤੇ ਅਸ਼ੋਕ ਦੇ ਜ਼ਮਾਨੇ ਵਿਚ ਰਾਜ-ਧਰਮ ਬੁੱਧ ਹੋ ਗਿਆ ਜਿਵੇਂ ਕਿ ਬਹਾਵਲਪੁਰ ਤੇ ਕਾਂਗੜੇ ਵਿਚ ਮਿਲੇ ਨਿਸ਼ਾਨਾਂ ਤੋਂ ਪਤਾ ਚਲਦਾ ਹੈ। ਸ਼ਕਾ ਤੇ ਕੁਸ਼ਾਨ ਰਾਜਿਆਂ ਦੇ ਜ਼ਮਾਨੇ ਵਿਚ ਯੂਨਾਨੀਆਂ ਦਾ ਅਸਰ ਹੌਲੀ ਹੌਲੀ ਮਿਟਦਾ ਗਿਆ ਤੇ ਮਿਹੀਰਕੁਲ ਨੇ ਬੁੱਧਾਂ ਉਪਰ ਬੜੀ ਸਖ਼ਤੀ ਕਰ ਕੇ ਬਹੁਤ ਸਾਰਾ ਉਨ੍ਹਾਂ ਦਾ ਅਸਰ ਵੀ ਕਮਜ਼ੋਰ ਕਰ ਦਿੱਤਾ।

ਈਸਾ ਤੋਂ ਬਾਅਦ ਛੇਵੀਂ ਸਦੀ ਵਿਚ ਥਾਨੇਸਰ ਪੰਜਾਬ ਵਿਚ ਇਕ ਬੜਾ ਪ੍ਰਸਿੱਧ ਰਾਜ-ਕੇਂਦਰ ਸੀ ਅਤੇ ਜਿਹਲਮ ਤੇ ਮੁਲਤਾਨ ਤਕ ਥਾਨੇਸਰ ਦੀ ਹਕੂਮਤ ਸੀ, ਜਿਸ ਦਾ ਜ਼ਿਕਰ ਚੀਨੀ ਯਾਤ੍ਰੀ ਹੀਊਨ-ਸਾਂਗ ਨੇ ਕੀਤਾ ਹੈ। ਅਠਵੀਂ ਸਦੀ ਦੇ ਅਰੰਭ ਵਿਚ ਕਨੌਜ ਦੇ ਤੋਮਾਰਾਂ ਨੇ ਦੱਖਣ-ਚੜ੍ਹਦੇ ਪੰਜਾਬ ਵਿਚ ਪੈਰ ਜਮਾ ਲਏ, ਜਿਥੋਂ ਕਿ ਅਜਮੇਰ ਦੇ ਚੋਹਾਨਾਂ ਨੇ ੧੧੫੧ ਈਸਵੀ ਵਿਚ ਇਨ੍ਹਾਂ ਨੂੰ ਕਢ ਕੇ ਆਪਣਾ ਦਬਦਬਾ ਬਿਠਾਇਆ।

## ਮੁਸਲਮਾਨੀ ਹੱਲੇ

ਇਸ ਵੇਲੇ ਹਿੰਦੁਸਤਾਨ ਪਰ ਮੁਸਲਮਾਨੀ ਹੱਲੇ ਸ਼ੁਰੂ ਹੋ ਚੁਕੇ ਸਨ। ਸੰਨ ੬੬੪ ਵਿਚ ਇਕ ਮੁਸਲਮਾਨ ਜਰਨੈਲ ਮੁਲਤਾਨ ਤਕ ਪੁਜ ਗਿਆ ਸੀ, ਪਰ ਇਸ ਦਾ ਕੋਈ ਪੱਕਾ ਅਸਰ ਇਥੇ ਨਹੀਂ ਸੀ ਰਿਹਾ। ਪਹਿਲਾ

ਅਸਲੀ ਹਮਲਾ ਸੰਨ ੭੧੨ ਵਿਚ ਹੋਇਆ, ਜਦ ਕਿ ਖ਼ਲੀਫ਼ਾ ਬਗ਼ਦਾਦ ਦੇ ਇਕ ਜਰਨੈਲ ਮੁਹੰਮਦ ਬਿਨ-ਕਾਸਿਮ ਨੇ ਸਿੰਧ ਦੇ ਰਾਜਾ ਦਾਹਰ ਨੂੰ ਹਾਰ ਦੇ ਕੇ ਮੁਲਤਾਨ ਉਤੇ ਕਬਜ਼ਾ ਕਰ ਲਿਆ ਤੇ ਸ਼ੋਰਕੋਟ ਤਕ ਕਿਲ੍ਹਾ-ਬੰਦੀ ਕਰ ਲਈ। ਸੰਨ ੮੭੧ ਤਕ ਜਦ ਕਿ ਖ਼ਲੀਫ਼ੇ ਦੀ ਤਾਕਤ ਕਮਜ਼ੋਰ ਹੋ ਰਹੀ ਸੀ, ਮੁਲਤਾਨ ਵਿਚ ਆਜ਼ਾਦ ਅਰਬ ਹਕੂਮਤ ਹੋ ਗਈ ਤੇ ਬਾਕੀ ਪੰਜਾਬ ਵਿਚ ਹਿੰਦੂ ਰਾਜੇ ਰਾਜ ਕਰਦੇ ਸਨ ਤੇ ਜਾਲੰਧਰ ਵਿਚ ਇਕ ਪ੍ਰਸਿੱਧ ਰਾਜਧਾਨੀ ਸੀ। ਦਸਵੀਂ ਸਦੀ ਵਿਚ ਲਾਹੌਰ ਵਿਚ ਪਾਲ ਰਾਜੇ ਹਕੂਮਤ ਕਰਦੇ ਸਨ, ਜਿਨ੍ਹਾਂ ਨਾਲ ਕਿ ਗ਼ਜ਼ਨੀ ਦੇ ਮੁਸਲਮਾਨਾਂ ਦਾ ਟਾਕਰਾ ਹੋਇਆ। ਰਾਜਾ ਜੈਪਾਲ ਭਟਿੰਡੇ ਦੇ ਕਿਲ੍ਹੇ ਵਿਚ ਰਿਹਾ ਕਰਦਾ ਸੀ।

## ਪਾਲ ਰਾਜੇ ਤੇ ਮਹਿਮੂਦ ਗ਼ਜ਼ਨਵੀ

ਸੰਨ ੯੭੭ ਈਸਵੀ ਵਿਚ ਸਬੁਕਤਗੀਨ ਦੇ ਗ਼ਜ਼ਨੀ ਦਾ ਹਾਕਮ ਬਣਨ ਪਰ ਰਾਜ ਨੂੰ ਖ਼ਤਰਾ ਦੇਖ ਕੇ ਲਾਹੌਰ ਦੇ ਰਾਜਾ ਜੈਪਾਲ ਨੇ ਉਸ ਦੇ ਵਿਰੁੱਧ ਚੜ੍ਹਾਈ ਕੀਤੀ ਤੇ ਲਮਗਾਨ ਦੇ ਮਕਾਮ ਤੇ ਸੁਲਾਹ ਕਰ ਕੇ ਮੁੜ ਆਇਆ। ਪਰ ਸੰਨ ੯੯੮ ਵਿਚ ਜੈਪਾਲ ਨੂੰ ਹਾਰ ਹੋ ਗਈ, ਜਿਸ ਦਾ ਨਤੀਜਾ ਇਹ ਹੋਇਆ ਕਿ ਸਿੰਧ ਤੋਂ ਪਾਰਲੇ ਇਲਾਕੇ ਪਰ ਗ਼ਜ਼ਨਵੀਆਂ ਦਾ ਕਬਜ਼ਾ ਹੋ ਗਿਆ।

ਸਬੁਕਤਗੀਨ ਦੇ ਪੁੱਤਰ ਮਹਿਮੂਦ ਨੇ ਇਸਲਾਮ ਦੇ ਜੋਸ਼ ਤੇ ਹਿੰਦੂ-ਸਤਾਨ ਦੀ ਦੌਲਤ ਦੇ ਲਾਲਚ ਨਾਲ ਹਿੰਦੁਸਤਾਨ ਉਤੇ ਧਾਵੇ ਬੋਲਣੇ ਸ਼ੁਰੂ ਕਰ ਦਿੱਤੇ। ਅਗਸਤ ੧੦੦੧ ਵਿਚ ਮਹਿਮੂਦ ਗ਼ਜ਼ਨੀ ਤੋਂ ਦਸ ਹਜ਼ਾਰ ਘੋੜ-ਚੜ੍ਹੇ ਲੈ ਕੇ ਪਿਸ਼ਾਵਰ ਉਤੇ ਚੜ੍ਹ ਆਇਆ। ਜੈਪਾਲ ਉਸ ਦੇ ਟਾਕਰੇ ਲਈ ਤਾਂ ਪੁਜਾ, ਪਰ ਹਾਰ ਖਾ ਗਿਆ। ਭਾਵੇਂ ਜੈਪਾਲ ਨੇ ਮਹਿਮੂਦ ਨੂੰ ਕੌਰ* ਦੇਣਾ ਪਰਵਾਨ ਕਰ ਲਿਆ ਸੀ, ਪਰ ਹਾਰ ਦੀ ਸ਼ਰਮਿੰਦਗੀ ਦੇ ਕਾਰਨ ਮੁੜ ਕੇ ਆਪਣੇ ਆਪ ਨੂੰ ਚਿੰਤਾ ਵਿਚ ਭਸਮ ਕਰ ਦਿੱਤਾ। ਜੈਪਾਲ ਤੋਂ ਬਾਅਦ ਉਸ ਦੇ ਪੁੱਤਰ ਅਨੰਗ ਪਾਲ ਨੇ ਮਹਿਮੂਦ ਗ਼ਜ਼ਨਵੀ ਦੇ ਹੱਲੇ ਰੋਕਣ ਦਾ ਯਤਨ ਕੀਤਾ ਅਤੇ ਸੰਨ ੧੦੦੮ ਵਿਚ ਹਿੰਦੂ ਧਰਮ ਦੇ

ਨਾਮ ਉੱਤੇ ਉਜੈਨ, ਕਨੌਜ, ਦਿੱਲੀ, ਗਵਾਲੀਅਰ, ਅਜਮੇਰ ਤੇ ਜਾਲੰਧਰ ਦੇ ਕਟਕਾਂ ਦੀ ਸਹਾਇਤਾ ਨਾਲ ਪਿਸ਼ਾਵਰ ਪਹੁੰਚਾ। ਅੰਤ ਲੜਾਈ ਵਿਚ ਭਾਂਜ ਪੈ ਗਈ ਤੇ ਹਿੰਦੂਆਂ ਦੀ ਹਾਰ ਹੋ ਗਈ। ਪਰ ਪੰਜਾਬ ਪੁਰ ਗ਼ਜ਼ਨਵੀਆਂ ਦੀ ਤਾਕਤ ਸੰਨ ੧੦੨੧ ਵਿਚ ਹੀ ਕੁਝ ਪੱਕੀ ਹੋ ਸਕੀ ਜਦ ਕਿ ਤ੍ਰਿਲੋਚਨ ਪਾਲ ਨੂੰ ਹਾਰ ਹੋਈ ਤੇ ਉਹ ਮਾਰਿਆ ਗਿਆ। ਸੰਨ ੧੦੨੪ ਵਿਚ ਮਹਿਮੂਦ ਨੇ ਸੋਮਨਾਥ ਤੇ ਹੱਲਾ ਕੀਤਾ ਅਤੇ ਬੁੱਤ ਮੂਰਤੀਆਂ ਤੋੜ ਕੇ ਅਣਗਿਣਤ ਦੌਲਤ ਲੈ ਕੇ ਗ਼ਜ਼ਨੀ ਨੂੰ ਮੁੜ ਗਿਆ।

## ਗ਼ੌਰੀ

ਮਹਿਮੂਦ ਗ਼ਜ਼ਨਵੀ ਤੋਂ ਬਾਅਦ ਮੁਹੰਮਦ ਗ਼ੌਰੀ ਨੇ ਹੱਲੇ ਸ਼ੁਰੂ ਕਰ ਦਿੱਤੇ। ਜੈ-ਚੰਦ ਕਨੌਜੀਏ ਨੇ ਗ਼ੌਰੀ ਨੂੰ ਪ੍ਰਿਥਵੀ-ਰਾਜ ਚੌਹਾਨ ਦੇ ਵਿਰੁਧ ਚੜ੍ਹਾ ਲਿਆਂਦਾ। ਪ੍ਰਿਥਵੀ-ਰਾਜ ਚੌਹਾਨ ਗ਼ੌਰੀ ਦੀ ਕੈਦ ਵਿਚ ਪੈ ਕੇ ਕਤਲ ਹੋ ਗਿਆ ਤੇ ਇਸ ਦੇ ਨਾਲ ਹੀ ਉਤਰੀ ਹਿੰਦ ਵਿਚੋਂ ਹਿੰਦੂ ਰਾਜ ਪੂਰੀ ਤਰ੍ਹਾਂ ਖ਼ਤਮ ਹੋ ਗਿਆ।

## ਗ਼ੁਲਾਮ ਖ਼ਾਨਦਾਨ

ਗ਼ੌਰੀ ਦੇ ਗ਼ੁਲਾਮ ਕੁਤਬੁਦੀਨ ਨੇ ਲਾਹੌਰ ਵਿਚ ਆਪਣੀ ਹਕੂਮਤ ਕਾਇਮ ਕੀਤੀ ਤੇ ਸੰਨ ੧੨੧੦ ਈਸਵੀ ਵਿਚ ਉਸ ਦੀ ਮੌਤ ਤੋਂ ਬਾਅਦ ਉਸ ਦੇ ਗ਼ੁਲਾਮ ਅਲਤੁਮਸ਼ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਇਸ ਦੇ ਜ਼ਮਾਨੇ ਵਿਚ ਜਲਾਲ ਦੀਨ ਖ਼ੁਵਾਰਜ਼ਿਮੀ ਦੇ ਪਿੱਛੇ ਚੰਗੇਜ਼ਖ਼ਾਨੀ ਮੰਗੋਲਾਂ ਨੇ ਪੰਜਾਬ ਤੇ ਹੱਲਾ ਕੀਤਾ ਤੇ ੧੨੨੩ ਵਿਚ ਜਲਾਲ ਦੀਨ ਨੂੰ ਭਜਾ ਦਿੱਤਾ। ਸੰਨ ੧੨੨੯ ਵਿਚ ਖ਼ਲੀਫ਼ਾ ਬਗ਼ਦਾਦ ਨੇ ਇੱਕ ਫ਼ਰਮਾਨ ਰਾਹੀਂ ਅਲਤੁਮਸ਼ ਦੀ ਹਕੂਮਤ ਨੂੰ ਪੱਕਾ ਪ੍ਰਵਾਨ ਕਰ ਲਿਆ। ਅਲਤੁਮਸ਼ ਦੀ ਲੜਕੀ ਰਜ਼ੀਆ ਬੜੀ ਹੁਸ਼ਿਆਰ ਤੇ ਦਲੇਰ ਸੀ, ਪਰ ਹਕੂਮਤ ਦੇ ਦਿਨਾਂ ਵਿਚ ਪੰਜਾਬ ਦੇ ਸੂਬੇ ਹਾਂਸੀ, ਲਾਹੌਰ ਤੇ ਮੁਲਤਾਨ ਬਾਗ਼ੀ ਹੋ ਗਏ ਤੇ ਸੰਨ ੧੨੪੧ ਵਿਚ ਮੰਗੋਲਾਂ ਨੇ ਫਿਰ ਆ ਧਾਵਾ ਬੋਲਿਆ। ਬਲਬਨ ਤੇ

ਉਸ ਦੇ ਹਮਾਇਤੀ ਲਾਹੌਰ ਦੇ ਹਾਕਮ ਸ਼ੇਰ ਖ਼ਾਨ ਨੇ ਕੁਝ ਚਿਰ ਲਈ ਮੰਗੋਲਾਂ ਤੇ ਤੁਰਕਾਂ ਤੋਂ ਦੇਸ਼ ਨੂੰ ਬਚਾਈ ਰਖਿਆ।

ਖ਼ਿਲਜੀਆਂ ਤੇ ਤੁਗ਼ਲਕਾਂ ਦੇ ਜ਼ਮਾਨੇ ਵਿਚ ਗੱਖੜਾਂ ਨੇ ਪੰਜਾਬ ਵਿਚ ਤਾਕਤ ਪੈਦਾ ਕਰਨ ਦੇ ਯਤਨ ਕੀਤੇ ਤੇ ਲਾਹੌਰ ਉੱਤੇ ਕਬਜ਼ਾ ਕਰ ਲਿਆ। ਪਰ ਉਹ ਬਹੁਤ ਦੇਰ ਤਕ ਨਾ ਟਿਕ ਸਕੇ। ਫ਼ੀਰੋਜ਼ ਸ਼ਾਹ ਤੁਗ਼ਲਕ ਤੀਸਰੇ ਨੇ ਪੰਜਾਬ ਵਿਚ ਤ੍ਰੱਕੀ ਦੇ ਕਾਫ਼ੀ ਸਾਮਾਨ ਪੈਦਾ ਕੀਤੇ ਅਤੇ ਖੇਤੀ ਬਾੜੀ ਲਈ ਨਹਿਰਾਂ ਕਢਾਈਆਂ ਤੇ ਖ਼ਾਸ ਕਰਕੇ ਸਰਹਦ ਅਤੇ ਹਿਸਾਰ ਦੀ ਬੁਨਿਆਦ ਰਖੀ। ਸਰਹੰਦ ਦੇ ਇਲਾਕੇ ਨੂੰ ਚੰਗੀ ਤਰ੍ਹਾਂ ਵਸਾਇਆ ਅਤੇ ਥਾਂ ਥਾਂ ਤੇ ਆਬਾਦੀ ਦੀ ਤਰੱਕੀ ਕੀਤੀ। ਪਰ ਸੰਨ ੧੩੯੦ ਵਿਚ ਫ਼ੀਰੋਜ਼ ਸ਼ਾਹ ਦੀ ਮੌਤ ਪਿਛੋਂ ਹਾਲਤ ਖ਼ਰਾਬ ਹੋ ਗਈ।

## ਤੈਮੂਰ ਦਾ ਹੱਲਾ

੧੩੯੮ ਵਿਚ ਤੈਮੂਰ ਨੇ ਹਿੰਦੁਸਤਾਨ ਉੱਤੇ ਹਮਲਾ ਕੀਤਾ। ਦੇਸ਼ ਨੂੰ ਲੁਟ ਪੁਟ ਕੇ ਮੁੜਦੇ ਤੈਮੂਰ ਨੇ ਨਗਰ ਕੋਟ ਤੇ ਜੰਮੂ ਵੀ ਗ਼ਰਕ ਕਰ ਦਿੱਤੇ; ਕਈ ਲੱਖ ਮਨੁੱਖ, ਜ਼ਨਾਨੀਆਂ ਤੇ ਬੱਚੇ ਕਤਲ ਕਰਵਾਏ। ਇਤਿਹਾਸਾਂ ਵਿਚ ਲਿਖਿਆ ਹੈ ਕਿ ਇੱਕ ਲੱਖ ਤੋਂ ਉਪਰ ਹਿੰਦੁਸਤਾਨੀ ਤੈਮੂਰ ਦੀ ਕੈਦ ਵਿਚ ਸਨ। ਉਨ੍ਹਾਂ ਨੂੰ ਅਸਬਾਬ ਦੇ ਨਾਲ ਨਾਲ ਰਖਣਾ ਖ਼ਤਰਨਾਕ ਸਮਝਿਆ ਗਿਆ ਤੇ ਛੱਡ ਦੇਣਾ ਵੀ ਮੁਨਾਸਬ ਨਾ ਜਾਣਿਆ, ਜਿਸ ਲਈ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ ਗਿਆ। ਇਨ੍ਹਾਂ ਲੱਖ ਤੋਂ ਉਪਰ ਬੰਦਿਆਂ ਨੇ ਆਪਣੇ ਨਾਲੋਂ ਬਹੁਤ ਹੀ ਘੱਟ ਗਿਣਤੀ ਵਿਚ ਫ਼ੌਜੀਆਂ ਦੇ ਸਾਮ੍ਹਣੇ ਭੇਡਾਂ ਵਾਂਗੂੰ ਧੌਣਾਂ ਨਿਵਾ ਦਿੱਤੀਆਂ ਤੇ ਸਾਰੇ ਦੇ ਸਾਰੇ ਕਤਲ ਹੋ ਗਏ ਪਰ ਕੀ ਮਜਾਲ ਕਿ ਆਪਣੀ ਆਜ਼ਾਦੀ ਲਈ ਇੱਕ ਨੇ ਵੀ ਯਤਨ ਕੀਤਾ ਹੋਵੇ।

## ਮੁਗ਼ਲ

ਤੈਮੂਰ ਜਾਂਦੀ ਵਾਰੀ ਸੱਯਦ ਖ਼ਿਜ਼ਰ ਖ਼ਾਂ ਨੂੰ ਪੰਜਾਬ ਦੀ ਹਕੂਮਤ

ਦੇ ਗਿਆ ਸੀ ਪਰ ਸੱਯਦਾਂ ਤੇ ਲੋਧੀਆਂ ਦੇ ਜ਼ਮਾਨੇ ਵਿਚ ਕੋਈ ਵੀ ਤਕੜੀ ਹਕੂਮਤ ਨਾ ਬਣ ਸਕੀ। ਅੰਤ ਬਾਬਰ ਨੇ ਆ ਕੇ ਹਿੰਦੁਸਤਾਨ ਤੇ ਕਬਜ਼ਾ ਕਰ ਲਿਆ ਤੇ ਸਵਾ ਦੋ ਸੌ ਸਾਲ ਤਕ ਪੰਜਾਬ ਮੁਗ਼ਲ ਹਕੂਮਤ ਦਾ ਹਿੱਸਾ ਬਣਿਆ ਰਿਹਾ ਜਿੱਥੋਂ ਕਿ ਦੁੱਰਾਨੀ ਦੇ ਹੱਲਿਆਂ ਨੇ ਇਸ ਨੂੰ ਫਿਰ ਵਖਰਾ ਕਰ ਦਿੱਤਾ ਤੇ ੧੭੬੪ ਈਸਵੀ ਵਿਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੇ ਖ਼ਾਲਸੇ ਨੇ ਸਾਢੇ ਸੱਤ ਸੌ ਸਾਲ ਬਾਅਦ ਫਿਰ ਪੰਜਾਬ ਵਿਚ ਮੁੜ ਪੰਜਾਬੀਆਂ ਦੀ ਹਕੂਮਤ ਕਾਇਮ ਕੀਤੀ।

ਬਾਬਰ ਨੇ ਸੰਨ ੧੫੨੬ ਵਿਚ ਪਾਣੀਪਤ ਦੀ ਲੜਾਈ ਵਿਚ ਲੋਧੀਆਂ ਉਤੇ ਫ਼ਤਿਹ ਪਾ ਕੇ ਦਿੱਲੀ ਵਿਚ ਹਕੂਮਤ ਕਾਇਮ ਕਰ ਲਈ, ਪਰ ਚੌਦਾਂ ਸਾਲ ਪਿੱਛੋਂ ੧੫੪੦ ਵਿਚ ਸ਼ੇਰ ਸ਼ਾਹ ਸੂਰੀ ਨੇ ਬਾਬਰ ਦੇ ਪੁੱਤਰ ਹਮਾਯੂੰ ਨੂੰ ਭਜਾ ਕੇ ਈਰਾਨ ਵਲ ਧੱਕ ਦਿੱਤਾ। ਇਸ ਭਾਂਜ ਵੇਲੇ ਮੁਲਤਾਨ ਦੇ ਇਲਾਕੇ ਵਿਚ ਅਮਰਕੋਟ ਦੇ ਅਸਥਾਨ ਤੇ ਅਕਬਰ ਨੇ ਜਨਮ ਲਿਆ ਤੇ ਪੰਦਰਾਂ ਸਾਲ ਪਿੱਛੋਂ ਜਦ ਹਮਾਯੂੰ ਮੁੜ ਹਿੰਦੁਸਤਾਨ ਵਿਚ ਆ ਬਾਦਸ਼ਾਹ ਬਣਿਆ ਤੇ ੧੫੫੬ ਵਿਚ ਮਰ ਗਿਆ ਤਾਂ ਅਕਬਰ ਦੀ ਤਾਜ-ਪੋਸ਼ੀ ਪੰਜਾਬ ਵਿਚ ਹੀ ਕਲਾਨੌਰ ਦੇ ਮਕਾਮ ਤੇ ਹੋਈ। ਰਿਵਾੜੀ ਦੇ ਇਕ ਹੱਟਵਾਣੀਏ ਹੇਮੂੰ ਨੇ ਜੋ ਸੂਰੀ ਬਾਦਸ਼ਾਹ ਦਾ ਵਜ਼ੀਰ ਰਿਹਾ ਸੀ ਅਕਬਰ ਦੀ ਥਾਂ ਦਿੱਲੀ ਦੇ ਤਖ਼ਤ ਤੇ ਬੈਠਣ ਦਾ ਯਤਨ ਕੀਤਾ, ਪਰ ੧੫੫੬ ਵਿਚ ਪਾਣੀਪਤ ਦੇ ਮੈਦਾਨ ਵਿਚ ਭਾਂਜ ਖਾ ਗਿਆ। ਅਕਬਰ ਦਾ ਜ਼ਮਾਨਾ ਇੱਕ ਅਮਨ ਦਾ ਜ਼ਮਾਨਾ ਸੀ।

ਅਕਬਰ ਤੋਂ ਬਾਅਦ ੧੬੦੫ ਵਿਚ ਉਸ ਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ। ਜਹਾਂਗੀਰ ਦੇ ਪੁੱਤਰ ਖ਼ੁਸਰੋ ਨੇ ਵੀ ਰਾਜ ਲੈਣ ਦਾ ਯਤਨ ਕੀਤਾ ਤੇ ਸਹਾਇਤਾ ਲਈ ਪੰਜਾਬ ਵਲ ਨੂੰ ਭਜ ਆਇਆ, ਪਰ ਖ਼ੁਸਰੋ ਦਾ ਯਤਨ ਕਾਮਯਾਬ ਨਾ ਹੋਇਆ। ਜਦ ੧੬੨੭ ਵਿਚ ਜਹਾਂਗੀਰ ਭਿੰਬਰ ਦੇ ਮਕਾਮ ਤੇ ਮਰ ਗਿਆ ਤਾਂ ਲਾਹੌਰ ਸ਼ਾਹਦਰੇ ਦਫ਼ਨ ਕੀਤਾ

ਗਿਆ, ਜਿਥੇ ਕਿ ਨੂਰ-ਜਹਾਨ ਨੇ ਇੱਕ ਬੜਾ ਆਲੀਸ਼ਾਨ ਮਕਬਰਾ ਬਣਵਾਇਆ ਤੇ ਆਪ ਵੀ ਅਠਾਰਾਂ ਵਰ੍ਹੇ ਪਿੱਛੋਂ ਇਥੇ ਹੀ ਪ੍ਰਾਣ ਦਿੱਤੇ। ਸ਼ਾਹਦਰੇ ਵਿਚ ਜਹਾਂਗੀਰ ਦੇ ਮਕਬਰੇ ਦੇ ਲਾਗੇ ਹੀ ਨੂਰ-ਜਹਾਨ ਦਾ ਮਕਬਰਾ ਬਣਿਆ ਹੋਇਆ ਹੈ। ਜਹਾਂਗੀਰ ਦੀ ਹਕੂਮਤ ਦੇ ਅਰੰਭ ਵਿਚ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਸ਼ਹੀਦ ਕੀਤੇ ਗਏ ਤੇ ਪਿੱਛੋਂ ਸ਼ਾਹ ਜਹਾਨ ਦੇ ਹੁਕਮ ਨਾਲ ਮੁਗ਼ਲਈ ਫ਼ੌਜਾਂ ਨੇ ਗੁਰੂ ਹਰਿਗੋਬਿੰਦ ਨੂੰ ਤੰਗ ਕਰਨਾ ਸ਼ੁਰੂ ਕੀਤਾ ਪਰ ਗੁਰੂ ਹਰਿਗੋਬਿੰਦ ਨੇ ਇਨ੍ਹਾਂ ਨੂੰ ਚਾਰ ਵਾਰੀ ਹਾਰ ਦਿੱਤੀ।

ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਕੇ ਜਦ ਔਰੰਗਜ਼ੇਬ ਆਪਣੇ ਭਾਈ ਦਾਰਾ ਸ਼ਿਕੋਹ ਦੇ ਮਗਰ ਪਿਆ ਹੋਇਆ ਪੰਜਾਬ ਵਲ ਨੂੰ ਆਇਆ ਤਾਂ ਗੁਰੂ ਹਰਿ-ਰਾਏ ਨੇ ਬਿਆਸਾ ਦੇ ਕੰਢੇ ਤੇ ਔਰੰਗਜ਼ੇਬ ਨੂੰ ਕਾਫ਼ੀ ਦੇਰ ਤਕ ਰੋਕੀ ਰਖਿਆ ਅਤੇ ਦਾਰਾ ਨੂੰ ਦੂਰ ਨਿਕਲ ਜਾਣ ਵਿਚ ਸਹਾਇਤਾ ਕੀਤੀ। ਔਰੰਗਜ਼ੇਬ ਦੇ ਇਸਲਾਮੀ ਤਅੱਸਬ ਨੇ ਸਿੱਖਾਂ ਉਤੇ ਸਖ਼ਤੀ ਅਰੰਭ ਦਿੱਤੀ ਤੇ ਗੁਰੂ ਤੇਗ਼ ਬਹਾਦਰ ਇਸ ਦੀ ਭੇਟ ਚੜ੍ਹ ਗਏ, ਅਤੇ ਗੁਰੂ ਗੋਬਿੰਦ ਸਿੰਘ, ਉਨ੍ਹਾਂ ਦੇ ਪਰਵਾਰ ਅਤੇ ਸਿੰਘਾਂ ਨੂੰ ਬੇਅੰਤ ਕੁਰਬਾਨੀਆਂ ਦੇਣੀਆਂ ਪਈਆਂ।

## ਸਿੱਖ ਗੁਰੂ

ਮੁਗ਼ਲ ਹਕੂਮਤ ਦੀ ਕਾਇਮੀ ਦੇ ਨਾਲ ਨਾਲ ਹੀ ਸਿੱਖ ਗੁਰੂਆਂ ਨੇ ਪੰਜਾਬ ਵਿਚ ਇੱਕ ਨਵੀਂ ਕੌਮ ਪੈਦਾ ਕਰਨ ਦਾ ਕੰਮ ਅਰੰਭ ਦਿੱਤਾ ਹੋਇਆ ਸੀ। ਪੰਦਰਵੀਂ ਸਦੀ ਦੇ ਅਖ਼ੀਰ ਵਿਚ ਹਿੰਦੁਸਤਾਨ ਦੀ ਧਾਰਮਕ, ਸਮਾਜਕ ਤੇ ਰਾਜਸੀ ਹਾਲਤ ਨੂੰ ਢਹਿੰਦਿਆਂ ਦੇਖ ਕੇ ਗੁਰੂ ਨਾਨਕ ਨੇ ਲੋਕਾਂ ਵਿਚ ਜਾਗ੍ਰਤ ਪੈਦਾ ਕਰਨ ਲਈ ਉਪਦੇਸ਼ ਦੇਣਾ ਸ਼ੁਰੂ ਕੀਤਾ ਅਤੇ ਥਾਂ ਥਾਂ ਫਿਰ ਕੇ ਆਜ਼ਾਦੀ ਦੀ ਇੱਕ ਨਵੀਂ ਲਹਿਰ ਚਲਾ ਦਿੱਤੀ। ਆਪ ਦੇ ਬਾਅਦ ਗੁਰੂ ਅੰਗਦ ਤੇ ਅਮਰਦਾਸ ਨੇ ਸਮਾਜਕ

ਖ਼ਰਾਬੀਆਂ ਦੂਰ ਕਰਨ ਲਈ ਯਤਨ ਜਾਰੀ ਰਖੇ। ਚੌਥੇ ਗੁਰੂ ਰਾਮ ਦਾਸ ਨੇ ਆਪਣੇ ਸਿੱਖਾਂ ਲਈ ਇੱਕ ਧਾਰਮਕ ਅਸਥਾਨ ਸਥਾਪਨ ਕਰ ਕੇ ਉਨ੍ਹਾਂ ਨੂੰ ਸੰਗਠਿਤ ਕਰਨ ਲਈ ਇਕ ਦੂਸਰੇ ਦੇ ਜ਼ਿਆਦਾ ਨਜ਼ਦੀਕ ਲੈ ਆਂਦਾ। ਗੁਰੂ ਅਰਜਨ ਨੇ ਸਿੱਖਾਂ ਦੀ ਧਰਮ-ਪੁਸਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਕਲਿਤ* ਕੀਤੀ ਤੇ ਉਨ੍ਹਾਂ ਨੂੰ ਹਿੰਦੂਆਂ ਨਾਲੋਂ ਬਹੁਤ ਹੱਦ ਤਕ ਹੋਰ ਵੱਖਰਾ ਕਰ ਦਿੱਤਾ। ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਸਿੱਖ ਬਣਨ ਲਗ ਪਏ, ਜਿਸ ਕਰਕੇ ਖ਼ੁਸਰੋ ਦੀ ਬਗ਼ਾਵਤ ਵਿਚ ਹਿੱਸਾ ਲੈਣ ਦਾ ਦੋਸ਼ ਲਾ ਕੇ ਜਹਾਂਗੀਰ ਨੇ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਕਤਲ ਕਰਵਾ ਦਿੱਤਾ।

ਛੇਵੇਂ ਗੁਰੂ ਹਰਿ-ਗੋਬਿੰਦ ਨੇ ਸਿੱਖਾਂ ਨੂੰ ਸ਼ਸਤਰ-ਧਾਰੀ* ਕੌਮ ਬਣਾ ਦਿੱਤਾ ਅਤੇ ਸ਼ਾਹ ਜਹਾਨ ਦੇ ਹੁਕਮ ਨਾਲ ਆਈਆਂ ਮੁਗ਼ਲ ਫ਼ੌਜਾਂ ਨੂੰ ਚਾਰ ਵਾਰੀ ਭਾਂਜ ਦਿੱਤੀ। ਗੁਰੂ ਹਰਿ-ਰਾਏ ਨੇ ਔਰੰਗਜ਼ੇਬ ਦੇ ਜ਼ੁਲਮਾਂ ਦੇ ਸਤਾਏ ਹੋਏ ਦਾਰਾ-ਸ਼ਿਕੋਹ ਨੂੰ ਬਿਆਸਾ ਨਦੀਓਂ ਉਤਰ ਕੇ ਦੂਰ ਨਿਕਲ ਜਾਣ ਵਿਚ ਸਹਾਇਤਾ ਦਿੱਤੀ। ਔਰੰਗਜ਼ੇਬ ਨੇ ਨੌਵੇਂ ਗੁਰੂ ਤੇਗ਼ ਬਹਾਦਰ ਨੂੰ ਕਤਲ ਕਰਵਾ ਦਿੱਤਾ। ਅਨਿਆਏ ਤੇ ਜ਼ੁਲਮ ਦੇ ਟਾਕਰੇ ਤੇ ਹੋਰ ਕੋਈ ਚਾਰਾ ਨਾ ਚਲਦਾ ਦੇਖ ਕੇ ਗੁਰੂ ਗੋਬਿੰਦ ਸਿੰਘ ਨੂੰ ਤਲਵਾਰ ਹੱਥ ਲੈਣੀ ਪਈ ਤੇ ਉਨ੍ਹਾਂ ਨੇ ਸ਼ਸਤਰਾਂ ਨੂੰ ਧਰਮ ਦਾ ਇੱਕ ਅੰਗ ਬਣਾ ਕੇ ਸਿੱਖ ਕੌਮ ਨੂੰ ਪੂਰਨ ਤੌਰ ਤੇ ਸ਼ਸਤਰ-ਧਾਰੀ ਕਰ ਦਿੱਤਾ ਤੇ ਖੰਡੇ ਦੀ ਪਾਹੁਲ* ਦੇ ਕੇ ਸਭ ਨੂੰ ਸਿੰਘ ਸਜਾ ਦਿੱਤਾ। ਗੁਰੂ ਗੋਬਿੰਦ ਸਿੰਘ ਨੂੰ ਚੌਦਾਂ ਲੜਾਈਆਂ ਲੜਨੀਆਂ ਪਈਆਂ ਅਤੇ ਤੇਰਾਂ ਵਿਚ ਆਪ ਪੂਰੀ ਤਰ੍ਹਾਂ ਕਾਮਯਾਬ ਰਹੇ। ਚਮਕੌਰ ਦੀ ਲੜਾਈ ਵਿਚ ਆਪ ਨੇ ਆਪਣੇ ਦੋਵੇਂ ਲੜਕੇ ਜੰਗ ਵਿਚ ਸ਼ਹੀਦ ਹੋਣ ਲਈ ਤੋਰੇ ਤੇ ਛੋਟੇ ਲੜਕੇ ਸਰਹੰਦ ਦੇ ਹਾਕਮ ਵਜ਼ੀਰ ਖ਼ਾਂ ਨੇ ਜ਼ਿਬਾਹ* ਕਰਵਾ ਦਿੱਤੇ। ਔਰੰਗਜ਼ੇਬ ਦੀ ਮੌਤ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਤੇ ਬਹਾਦਰ ਸ਼ਾਹ ਦੇ ਸੰਬੰਧ ਮਿਤ੍ਰਾਨਾ ਹੋਣ ਦੀ ਆਸ ਹੋ ਰਹੀ ਸੀ, ਪਰ ਪੂਰੀ ਨਾ ਹੋ

ਸਕੀ, ਅਤੇ ਗੁਰੂ ਸਾਹਿਬ ਨਾਦੇੜ (ਹੈਦਰਾਬਾਦ ਦੱਖਣ) ਦੇ ਅਸਥਾਨ ਤੇ ਨਵਾਬ ਸਰਹੰਦ ਵਲੋਂ ਭੇਜੇ ਗਏ ਆਦਮੀਆਂ ਦੇ ਹੱਥੋਂ ਜ਼ਖ਼ਮੀ ਹੋ ਕੇ ਚੜ੍ਹਾਈ ਕਰ ਗਏ।

## ਬੰਦਾ ਸਿੰਘ

ਹੁਣ ਦੱਖਣ ਤੋਂ ਗੁਰੂ ਗੋਬਿੰਦ ਸਿੰਘ ਦਾ ਇੱਕ ਸਿੱਖ ਬੰਦਾ ਸਿੰਘ ਨਾਮੀ ਪੰਜਾਬ ਵਿਚ ਆਇਆ ਤੇ ਸਿੰਘਾਂ ਦੀ ਸਹਾਇਤਾ ਨਾਲ ਸਰਹੰਦ ਨੂੰ ਤਬਾਹ ਕਰ ਕੇ ਉਸ ਨੇ ਸਿੱਖ ਰਾਜ ਕਾਇਮ ਕਰ ਲਿਆ, ਪਰ ਫ਼ਰੁੱਖ਼ਸੀਅਰ ਦੀ ਤਾਕਤ ਦੇ ਸਾਹਮਣੇ ਜ਼ਿਆਦਾ ਦੇਰ ਟਿਕ ਨਾ ਸਕਿਆ। ਮਾਰਚ—ਜੂਨ, ੧੭੧੬ ਵਿਚ ਦਿੱਲੀ ਵਿਚ ੭੮੦ ਸਿੱਖ ਤੇ ਬੰਦਾ ਸਿੰਘ ਤੇ ਉਸ ਦੇ ਸਾਥੀ ਸਿੱਖ ਸਰਦਾਰ ਬੜੀ ਬੇਰਹਿਮੀ ਨਾਲ ਕਤਲ ਕੀਤੇ ਗਏ, ਪਰ ਜਿਸ ਬਹਾਦਰੀ ਤੇ ਦਲੇਰੀ ਨਾਲ ਉਨ੍ਹਾਂ ਨੇ ਆਪਣੀਆਂ ਜਾਨਾਂ ਦਿੱਤੀਆਂ, ਉਸ ਦੀ ਮਿਸਾਲ ਇਤਿਹਾਸ ਵਿਚ ਲਭਣੀ ਮੁਸ਼ਕਲ ਹੈ।

## ਸਿੱਖ ਮਿਸਲਾਂ

ਇਸ ਦੇ ਬਾਅਦ ਸਿੱਖਾਂ ਉੱਤੇ ਸਖ਼ਤੀ ਹੋਣੀ ਸ਼ੁਰੂ ਹੋ ਗਈ ਅਤੇ ਸਾਰੀ ਦੀ ਸਾਰੀ ਕੌਮ ਦੇ ਵਿਰੁਧ ਹੀ ਕਤਲ ਦੇ ਹੁਕਮ ਜਾਰੀ ਹੋ ਗਏ। ਹਜ਼ਾਰਾਂ ਦੀ ਗਿਣਤੀ ਵਿਚ ਸ਼ਹਿਰਾਂ ਤੇ ਪਿੰਡਾਂ ਵਿਚੋਂ ਫੜ ਫੜ ਕੇ ਸਿੱਖ ਲਾਹੌਰ ਲਿਆਂਦੇ ਗਏ ਤੇ ਦਿੱਲੀ ਦਰਵਾਜ਼ੇ ਦੇ ਬਾਹਰ ਸ਼ਹੀਦ-ਗੰਜ ਦੇ ਅਸਥਾਨ ਤੇ ਕਤਲ ਕੀਤੇ ਗਏ। ਪਰ ਕੀ ਮਜਾਲ ਕਿ ਇਸ ਵੇਲੇ ਕਿਸੇ ਇੱਕ ਨੇ ਵੀ ਧਰਮ ਤਿਆਗ ਕੇ ਜਾਨ ਬਚਾਉਣੀ ਚਾਹੀ ਹੋਵੇ। ਬਹੁਤ ਸਾਰੇ ਸਿੱਖ ਪਹਾੜਾਂ ਤੇ ਜੰਗਲਾਂ ਨੂੰ ਨਿਕਲ ਗਏ। ਇਸ ਮੁਸੀਬਤ ਤੇ ਭਾਜੜਾਂ ਦੇ ਵੇਲੇ ਸਿੱਖ ਕੌਮ ਹਠੀਲੀ ਹੋ ਗਈ ਤੇ ਛੋਟੇ ਛੋਟੇ ਜੱਥੇ ਬਣਾ ਕੇ ਜ਼ਾਲਮਾਂ ਨੂੰ ਸੋਧਣ ਲਈ ਧਾਵੇ ਮਾਰਨ ਲਗੀ। ਨਾਦਰ ਸ਼ਾਹ ਈਰਾਨੀ ਤੇ ਅਹਿਮਦ ਸ਼ਾਹ ਦੁਰਾਨੀ ਦੇ ਹਿੰਦੁਸਤਾਨ ਪਰ ਹੱਲਿਆਂ ਨੇ ਮੁਗ਼ਲਾਂ

ਦੀ ਤਾਕਤ ਨੂੰ ਹੋਰ ਵੀ ਕਮਜ਼ੋਰ ਕਰ ਦਿੱਤਾ, ਜਿਸ ਨੇ ਸਿੰਘਾਂ ਨੂੰ ਹੱਥ ਪੈਰ ਮਾਰਨ ਲਈ ਇੱਕ ਸੁਹਣਾ ਮੌਕਾ ਬਣਾ ਦਿੱਤਾ। ਸਿੱਖਾਂ ਦੇ ਪਹਿਲਾਂ ਦੋ ਦਲ ਤਰਨਾ ਤੇ ਬੁੱਢਾ ਦਲ ਬਣੇ ਤੇ ਫੇਰ ਪੰਜ ਜੱਥੇ, ਜਿਸ ਦੇ ਪਿੱਛੋਂ ਬਾਰਾਂ ਜੱਥੇ ਹੋ ਗਏ, ਜੋ ਮਿਸਲਾਂ ਦੇ ਨਾਮ ਨਾਲ ਪ੍ਰਸਿੱਧ ਹੋਏ।

ਸਿੱਖ ਮਿਸਲਦਾਰਾਂ ਨੇ ਪਹਿਲਾਂ ਪਹਿਲ ੧੭੫੭ ਵਿਚ ਲਾਹੌਰ ਤੇ ਕਬਜ਼ਾ ਕੀਤਾ, ਜੋ ਛੇਤੀ ਹੀ ਪਿਛੋਂ ਕੁਝ ਚਿਰ ਲਈ ਖ਼ਾਲੀ ਕਰਨਾ ਪੈ ਗਿਆ। ਪਰ ੧੭੬੩ ਈਸਵੀ ਵਿਚ ਜਦ ਸਰਹੰਦ ਮਾਰ ਕੇ ਸਿੰਘਾਂ ਦੀ ਤਾਕਤ ਵਧ ਗਈ ਤਾਂ ਅਗਲੇ ਸਾਲ ਹੀ ੧੭੬੪ ਵਿਚ ਲਾਹੌਰ ਪੱਕੀ ਤਰ੍ਹਾਂ ਉਹਨਾਂ ਦੇ ਕਬਜ਼ੇ ਵਿਚ ਆ ਗਿਆ।

ਸਿੱਖ ਮਿਸਲਾਂ ਵਿਚ ਇਕ ਮਿਸਲ ਸ਼ੁਕਰਚਕੀਆਂ ਦੀ ਸੀ ਜਿਸ ਦੇ ਮੋਹਰੀ ਸਰਦਾਰ ਚੜ੍ਹਤ ਸਿੰਘ ਸਨ। ਇਨ੍ਹਾਂ ਦੇ ਪੋਤੇ ਸਰਦਾਰ ਰਣਜੀਤ ਸਿੰਘ ਨੇ ਹੌਲੀ ਹੌਲੀ ਚੋਖੀ ਤਾਕਤ ਪੈਦਾ ਕਰ ਕੇ ਛੋਟੀ ਉਮਰ ਵਿਚ ਹੀ ਆਪਣਾ ਸਿੱਕਾ ਬਿਠਾ ਲਿਆ। ਇਹ ੧੯ ਸਾਲ ਦੀ ਉਮਰ ਵਿਚ ਸੀ ਕਿ ਲਾਹੌਰ ਦੇ ਸ਼ਹਿਰੀਆਂ ਦਾ ਇਕ ਡੈਪੂਟੇਸ਼ਨ ਉਸ ਪਾਸ ਗਿਆ ਤੇ ਉਸ ਨੇ ਇਨ੍ਹਾਂ ਦੀ ਗੱਲ ਨੂੰ ਪ੍ਰਵਾਨ ਕਰ ਕੇ ਲਾਹੌਰ ਤੇ ਕਬਜ਼ਾ ਕਰ ਲਿਆ ਤੇ ਪਿਛੋਂ ਛੇਤੀ ਹੀ ਚੜ੍ਹਦੇ ਤੇ ਮਾਝੇ ਪੰਜਾਬ ਵਿਚ ਕਬਜ਼ਾ ਕਰ ਕੇ ਮੁਲਤਾਨ, ਕਸ਼ਮੀਰ ਤੇ ਪਿਸ਼ੌਰ ਤਕ ਆਪਣਾ ਰਾਜ ਬਣਾ ਲਿਆ। ਸਿੱਖ ਸਰਦਾਰਾਂ ਵਾਂਗੂ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਸੱਚ-ਮੁਚ ਪੰਜਾਬੀਆਂ ਦਾ ਰਾਜ ਸੀ ਤੇ ਮੁੱਦਤਾਂ ਤੋਂ ਬਾਅਦ ਪੰਜਾਬੀਆਂ ਨੇ ਅਮਨ ਦਾ ਮੂੰਹ ਡਿੱਠਾ, ਪਰ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਨੌਂ ਸਾਲਾਂ ਵਿਚ ਹੀ ਇਹ ਹਕੂਮਤ ਢਹਿ-ਢੇਰੀ ਹੋ ਗਈ ਅਤੇ ੧੮੪੯ ਵਿਚ ਪੰਜਾਬ ਵੀ ਹੋਰ ਹਿੰਦੁਸਤਾਨ ਦੀ ਤਰ੍ਹਾਂ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ।

ਪੰਜਾਬ ਦਾ ਰਾਜ ਨਸ਼ਟ ਹੋਣ ਵਿਚ ਪੂਰਬੀਆਂ ਦਾ ਬਹੁਤ ਜ਼ਿਆਦਾ ਹੱਥ ਸੀ। ਪਹਿਲਾਂ ਤਾਂ ਪੰਜਾਬ ਵਿਚ ਪੈਸਾ ਕਮਾਉਣ ਆਏ ਪੂਰਬੀਏ ਜਰਨੈਲ ਤੇਜਾ ਸਿੰਘ ਤੇ ਲਾਲ ਸਿੰਘ ਨੇ ਅੰਗਰੇਜ਼ਾਂ ਨਾਲ ਅੰਦਰੋ ਅੰਦਰ

ਦੋਸਤੀ ਗੰਢ ਕੇ ਲੜਾਈ ਦਾ ਨਕਸ਼ਾ ਉਨ੍ਹਾਂ ਦੇ ਹਵਾਲੇ ਕਰ ਦਿੱਤਾ ਸੀ, ਤੇ ਫਿਰ ਲੜਾਈ ਲਗ ਪੈਣ ਤੇ ਅੰਗਰੇਜ਼ੀ ਛਾਉਣੀ ਫ਼ੀਰੋਜ਼ਪੁਰ ਤੇ ਹੱਲਾ ਨਾ ਕੀਤਾ ਤੇ ਅੰਤ ਜਿੱਤ ਪ੍ਰਾਪਤ ਕਰ ਰਹੀ ਸਿੱਖ ਫ਼ੌਜ ਨੂੰ ਪਿਛੇ ਹਟਣ ਦਾ ਹੁਕਮ ਦੇ ਕੇ ਉਹਨਾਂ ਨੂੰ ਸਤਲੁਜ ਵਿਚ ਡੋਬਣ ਲਈ ਪੁਲ ਤੁੜਾ ਦਿੱਤਾ। ਅੰਗਰੇਜ਼ਾਂ ਦੇ ਨਾਲ ਵੀ ਪੂਰਬੀ ਫ਼ੌਜਾਂ ਚੜ੍ਹ ਕੇ ਆਈਆਂ ਸਨ ਅਤੇ ਜਿਸ ਵੇਲੇ ਸਭਰਾਵਾਂ ਦੀ ਲੜਾਈ ਵਿਚ ਸਿੱਖ ਹਾਰ ਗਏ ਤਾਂ ਇਨ੍ਹਾਂ ਨੇ ਪਿੰਡਾਂ ਵਿਚ ਦਾਖ਼ਲ ਹੋ ਕੇ ਅਕਹਿ ਤੇ ਅਸਹਿ ਖ਼ਰਾਬੀਆਂ ਕੀਤੀਆਂ ਸਨ। ਇਸ ਲਈ ਜਿਸ ਵੇਲੇ ਪੂਰਬੀਆਂ ਨੇ ੧੮੫੭ ਵਿਚ ਗ਼ਦਰ ਕੀਤਾ, ਉਸ ਵੇਲੇ ਪੰਜਾਬ ਵਿਚ ਕਾਇਮ ਹੋਏ ਅਮਨ ਨੇ ਪੰਜਾਬੀਆਂ ਨੂੰ ਅੰਗਰੇਜ਼ਾਂ ਦੇ ਹੱਕ ਵਿਚ ਕਰ ਦਿੱਤਾ ਸੀ. ਜਿਸ ਕਰਕੇ ਪੂਰਬੀਆਂ ਵਲੋਂ ਅਕਾਰਣ ਹੀ ਮਿੱਤਰ—ਧਰੋਹ ਅਤੇ ਵੈਰ ਦੇ ਕਾਰਨ ਸੜੇ ਬੈਠੇ ਪੰਜਾਬੀਆਂ ਨੇ ਰਾਜਪੂਤਾਂ, ਮਦਰਾਸੀਆਂ, ਤਲੰਗਿਆਂ ਤੇ ਪਠਾਣਾਂ ਆਦਿ ਦੀ ਤਰ੍ਹਾਂ ਅੰਗਰੇਜ਼ਾਂ ਦੀ ਪੂਰੀ ਸਹਾਇਤਾ ਕੀਤੀ।

ਗ਼ਦਰ ਤੋਂ ਚਾਰ ਪੰਜ ਸਾਲ ਹੀ ਬਾਅਦ ਭੈਣੀ ਸਾਹਿਬ, ਜ਼ਿਲ੍ਹਾ ਲੁਧਿਆਣਾ ਦੇ ਵਸਨੀਕ ਬਾਬਾ ਰਾਮ ਸਿੰਘ ਨੇ ਪੰਜਾਬ ਵਿਚ ਮੁੜ ਕੇ ਸਿੱਖਾਂ ਦੀ ਧਾਰਮਕ ਤੇ ਸਮਾਜਕ ਹਾਲਤ ਨੂੰ ਪੁਰਾਤਨ ਸਿੱਖੀ ਲੀਹਾਂ ਤੇ ਲਿਆਉਣ ਦੇ ਯਤਨ ਅਰੰਭੇ। ਪਰ ਉਨ੍ਹਾਂ ਦੇ ਕੁਝ ਕੁ ਜ਼ਿਆਦਾ ਜੋਸ਼ੀਲੇ ਸੰਗੀਆਂ ਨੇ ਇਸ ਲਹਿਰ ਨੂੰ ਛੇਤੀ ਹੀ ਰਾਜਸੀ ਸ਼ੱਕਾਂ ਦਾ ਸ਼ਿਕਾਰ ਬਣਾ ਦਿੱਤਾ! ਉਨ੍ਹਾਂ ਵਿੱਚੋਂ ਕੁਝ ਕੁ ਨੇ ਜੋਸ਼ ਵਿਚ ਆ ਕੇ ਬਿਨਾਂ ਬਾਬਾ ਰਾਮ ਸਿੰਘ ਦੀ ਆਗਿਆ ਦੇ ਹੀ ਕੁਝ ਐਸੀਆਂ ਕਾਰਵਾਈਆਂ ਕਰ ਦਿੱਤੀਆਂ, ਜਿਨ੍ਹਾਂ ਦੀ ਆੜ ਵਿਚ ਸਰਕਾਰੇ ਦਰਬਾਰੇ ਆਪਣੀ ਸੇਵਾ ਦਾ ਰੀਕਾਰਡ ਤੇ ਪ੍ਰਭਤਾ* ਬਣਾਉਣ ਲਈ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਮਿਸਟਰ ਕੌਵਨ ਅਤੇ ਅੰਬਾਲੇ ਦੇ ਕਮਿਸ਼ਨਰ ਸਰ ਡਗਲਸ ਫੋਰਸਾਈਥ ਨੇ ੬੫ ਨਾਮਧਾਰੀ (ਕੂਕੇ) ਸਿੰਘ ਤੋਪਾਂ ਨਾਲ ਉੜਾ ਦਿੱਤੇ।

ਉਨ੍ਹੀਵੀਂ ਸਦੀ ਦੇ ਅੰਤ ਵਿਚ ਪੰਜਾਬ ਵਿਚ ਆਰੀਆ ਸਮਾਜ,

ਕਾਦਿਆਨੀ ਜਮਾਤ ਤੇ ਸਿੰਘ ਸਭਾਵਾਂ ਕਾਇਮ ਹੋਈਆਂ, ਜਿਨ੍ਹਾਂ ਨੇ ਪੰਜਾਬ ਵਿਚ ਬਹੁਤ ਕੁਝ ਧਾਰਮਕ ਤੇ ਸਮਾਜਕ ਅੰਦੋਲਨ* ਲਿਆਂਦਾ। ਸਿੰਘ ਸਭਾ ਲਹਿਰ ਨੇ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਅਕਾਲੀ ਲਹਿਰ ਨੂੰ ਜਨਮ ਦਿੱਤਾ। ਇਸ ਲਹਿਰ ਵਿਚ ਅਕਾਲੀਆਂ ਨੇ ਪੰਜਾਬ ਦੀ ਅੰਗਰੇਜ਼ੀ ਸਰਕਾਰ ਨਾਲ ਦੋ ਚਾਰ ਕਾਮਯਾਬ ਟੱਕਰਾਂ ਲਈਆਂ ਜਿਸ ਕਰਕੇ ਸਿੱਖ ਗੁਰਦੁਵਾਰੇ ਪੰਥਕ ਪਰਬੰਧ ਵਿਚ ਆ ਗਏ ਤੇ ਕਾਫ਼ੀ ਰਾਜਸੀ ਜਾਗਰਤਾ ਪੈਦਾ ਹੋ ਗਈ, ਪਰ ਧਾਰਮਕ ਤੌਰ ਤੇ ਸਿੱਖਾਂ ਦੇ ਪਿਛੇ ਪੈ ਜਾਣ ਕਰਕੇ ਕੌਮ ਨੂੰ ਕਾਫ਼ੀ ਧੱਕਾ ਵਜਾ, ਜਿਸ ਨੂੰ ਹੁਣ ਮਹਿਸੂਸ ਕੀਤਾ ਜਾ ਰਿਹਾ ਹੈ।

ਹਿੰਦੁਸਤਾਨ ਦੀ ਰਾਜਸੀ ਜਾਗ੍ਰਤਾ ਵਿਚ ਵੀ ਪੰਜਾਬ ਨੇ ਵਧ ਚੜ੍ਹ ਕੇ ਹਿੱਸਾ ਲਿਆ ਹੈ। ੧੯੦੭ ਵਿਚ ਬਾਰ ਦੇ ਇਲਾਕੇ ਵਿਚ ਸ੍ਰਦਾਰ ਅਜੀਤ ਸਿੰਘ, ਲਾਜਪਤ ਰਾਇ ਤੇ ਬਾਂਕੇ ਦਿਆਲ ਨੇ ਲੋਕਾਂ ਵਿਚ ਕਾਫ਼ੀ ਜਾਗ੍ਰਤਾ ਲਿਆਂਦੀ। ਅਮਰੀਕਾ ਤੋਂ ਆਏ ਭਾਈ ਬਲਵੰਤ ਸਿੰਘ ਤੇ ਉਨ੍ਹਾਂ ਦੇ ਕੁਝ ਸਾਥੀ ਅੰਗਰੇਜ਼ੀ ਸਰਕਾਰ ਵਿਰੁੱਧ ਸਾਜ਼ਸ਼ਾਂ ਦੇ ਇਲਜ਼ਾਮ ਵਿਚ ਫਾਂਸੀ ਚੜ੍ਹਾਏ ਗਏ। ੧੯੧੪ ਦੀ ਲੜਾਈ ਲਗ ਜਾਣ ਪਰ ਕੈਨੇਡਾ ਤੇ ਅਮਰੀਕਾ ਦੇ ਦੂਸਰੇ ਹਿੱਸਿਆਂ ਤੋਂ ਆਏ ਕੁਝ ਪੰਜਾਬੀ ਸਿੱਖਾਂ ਨੇ ਫ਼ੌਜਾਂ ਵਿਚ ਬਗ਼ਾਵਤ ਫੈਲਾਉਣ ਅਤੇ ਦਾਰੂ-ਸਿਕੇ ਲਈ ਫ਼ੀਰੋਜ਼ਪੁਰ ਦੇ ਕਿਲ੍ਹੇ ਪੁਰ ਕਬਜ਼ਾ ਕਰਨ ਦੇ ਯਤਨ ਕੀਤੇ ਜੋ ਸਿਰੇ ਨਾ ਚੜ੍ਹ ਸਕੇ। ਇਸ ਵੇਲੇ ਕੁਝ ਸਿੱਖ ਫਾਂਸੀ ਲਗੇ ਅਤੇ ਕਈ ਸਾਰੇ ਉਮਰ ਕੈਦ ਹੋ ਗਏ ਜੋ ਉਥੋਂ 'ਬਾਬੇ' ਹੋ ਕੇ ਬਾਹਰ ਆਏ।

੧੯੧੯ ਦੀ ਵਸਾਖੀ ਨੂੰ ਜੱਲ੍ਹਿਆਂ ਵਾਲੇ ਬਾਗ਼ ਅੰਮ੍ਰਿਤਸਰ ਦੀ ਘਟਨਾ ਨੇ, ਜਦ ਕਿ ਜਨਰਲ ਡਾਇਰ ਨੇ ਮਸ਼ੀਨ ਗੰਨਾਂ ਨਾਲ ਪੰਜਾਬੀਆਂ ਪਰ ਮੀਂਹ ਦੀ ਤਰ੍ਹਾਂ ਗੋਲੀ ਵਰ੍ਹਾਈ ਅਤੇ ਅਣਗਿਣਤ ਪੰਜਾਬੀ ਭੁੰਨ ਛੱਡੇ, ਭਾਰਤ-ਵਾਸੀਆਂ ਨੂੰ ਦੇਸ਼ ਦੀ ਅਜ਼ਾਦੀ ਲਈ ਇੱਕ ਤਕੜਾ ਹਲੂਣਾ ਦਿੱਤਾ। ਛੇਤੀ ਹੀ ਪਿਛੋਂ ਗੁਰਦੁਆਰਾ-ਸੁਧਾਰ ਲਹਿਰ ਚਲ

ਪਈ। ਇਸ ਵਿਚ ਸਿੱਖਾਂ ਦੀਆਂ ਅੰਗਰੇਜ਼ੀ ਸਰਕਾਰ ਨਾਲ ਸਿੱਧੀਆਂ ਟੱਕਰਾਂ ਨੇ ਲੋਕਾਂ ਦੇ ਹੌਸਲੇ ਵਧਾ ਦਿੱਤੇ ਅਤੇ ਮਹਾਤਮਾ ਗਾਂਧੀ ਦੀ ਸਰਕਾਰ ਵਿਰੁੱਧ ਸ਼ਾਂਤਮਈ ਨਾ-ਮਿਲਵਰਤਣ ਜ਼ੋਰ ਫੜ ਗਈ।

ਲਾਲਾ ਲਾਜਪਤ ਰਾਇ ਪਰ ਲਾਹੌਰ ਸਟੇਸ਼ਨ ਦੇ ਲਾਗੇ ਲਾਠੀ ਚਲਾਉਣ ਵਾਲੇ ਐਂਡਰਸਨ ਨੂੰ ਸਰਦਾਰ ਅਜੀਤ ਸਿੰਘ ਦੇ ਭਤੀਜੇ ਭਗਤ ਸਿੰਘ ਤੇ ਉਸ ਦੇ ਦੋ ਸਾਥੀਆਂ ਨੇ ਗੋਲੀ ਨਾਲ ਮਾਰ ਦਿੱਤਾ ਅਤੇ ਆਪ ਮੁਕਦਮੇ ਪਿੱਛੋਂ ਫਾਹੇ ਲਗ ਗਏ।

੧੯੩੯–੪੫ ਦੀ ਲੜਾਈ ਦੇ ਦਿਨੀਂ ਧੁਰ ਪੂਰਬ ਦੇਸਾਂ ਵਿਚ ਗਿਆਨੀ ਪ੍ਰੀਤਮ ਸਿੰਘ ਆਦਿ ਪੰਜਾਬ ਦੇ ਸੂਰਮਿਆਂ ਨੇ ਭਾਰਤ ਦੀ ਅਜ਼ਾਦੀ ਲਈ ਆਪਣੇ ਯਤਨ ਹੋਰ ਜ਼ਿਆਦਾ ਤੇਜ਼ ਕਰ ਦਿੱਤੇ ਅਤੇ ਕਪਤਾਨ (ਜਨਰਲ) ਮੋਹਨ ਸਿੰਘ ਨੇ ਹਿੰਦੁਸਤਾਨ ਦੀ ਸੁਤੰਤਰਤਾ* ਲਈ ਆਜ਼ਾਦ–ਹਿੰਦ ਫ਼ੌਜ ਖੜੀ ਕੀਤੀ ਜਿਸ ਵਿਚ ਦੇਸ਼ ਦੇ ਦੂਸਰੇ ਫ਼ੌਜੀਆਂ ਦੇ ਨਾਲ ਨਾਲ ਪੰਜਾਬੀ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਦੀ ਬੜੀ ਭਾਰੀ ਗਿਣਤੀ ਸੀ। ਜਨਰਲ ਮੋਹਨ ਸਿੰਘ ਨੇ ਜਿੱਥੇ ਅੰਗਰੇਜ਼ਾਂ ਤੋਂ ਹਿੰਦੁਸਤਾਨ ਨੂੰ ਆਜ਼ਾਦ ਕਰਨ ਦਾ ਬੀੜਾ ਚੁਕਿਆ, ਉਥੇ ਜਾਪਾ-ਨੀਆਂ ਦੇ ਹਿੰਦ ਉਤੇ ਕਬਜ਼ਾ ਕਰ ਲੈਣ ਦੇ ਯਤਨ ਨਿਸਫਲ ਕਰ ਦਿੱਤੇ। ਕੁਝ ਚਿਰ ਪਿਛੋਂ ਇਸੇ ਨੀਂਹ ਉਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ ਨਵੀਂ ਅਜ਼ਾਦ ਹਿੰਦ ਫ਼ੌਜ ਉਸਾਰੀ ਅਤੇ ਆਪਣਾ ਅੰਦੋਲਨ ਆਰੰਭਿਆ।

ਪਾਕਿਸਤਾਨ ਦੀ ਬੁਨਿਆਦ ਲਈ ਮੁਸਲਿਮ ਲੀਗ ਦੀਆਂ ਖ਼ੂਨੀ ਸਕੀਮਾਂ ਦਾ ਸਭ ਤੋਂ ਜ਼ਿਆਦਾ ਸ਼ਿਕਾਰ ਵੀ ਪੰਜਾਬ ਨੂੰ ਹੀ ਬਣਨਾ ਪਿਆ। ੧੯੪੬ ਦੇ ਅੰਤ ਵਿਚ ਮੁਸਲਿਮ ਲੀਗ ਵਾਲਿਆਂ ਨੇ ਪਾਕਿਸਤਾਨ ਦੇ ਵੱਡੇ ਵਿਰੋਧੀ ਸਿੱਖਾਂ ਦਾ ਲੱਕ ਤੋੜਨ ਲਈ ਸਭ ਤੋਂ ਪਹਿਲਾਂ ਪੰਜਾਬ ਦੀ ਉਤਰ ਪੱਛਮੀ ਗੁੱਠ ਨੂੰ ਚੁਣਿਆ ਅਤੇ ਹਜ਼ਾਰੇ ਦੇ ਇਲਾਕੇ ਵਿਚ ਸਿੱਖਾਂ ਉਤੇ ਹੱਲਾ ਬੋਲ ਦਿੱਤਾ ਤੇ ਅਨੇਕਾਂ ਕਤਲ ਕਰ ਦਿੱਤੇ। ਉਨ੍ਹਾਂ ਦੇ ਘਰ ਘਾਟ ਲੁੱਟ ਪੁਟ ਕੇ ਫੂਕ ਦਿੱਤੇ ਅਤੇ ਉਨ੍ਹਾਂ ਨੂੰ ਜ਼ੋਰੀਂ ਚੜ੍ਹਦੇ ਪੰਜਾਬ

ਵਲ ਨੂੰ ਕੱਢ ਦਿੱਤਾ। ਮਾਰਚ ੧੯੪੭ ਦੇ ਫ਼ਸਾਦਾਂ ਲਈ ਵੀ ਪਾਕਿਸਤਾਨ ਨੇ ਪੰਜਾਬ ਨੂੰ ਹੀ ਮੈਦਾਨ ਬਣਾਇਆ ਜੋ ਅਗਸਤ, ੧੯੪੭ ਤਕ ਭਖਦਾ ਰਿਹਾ। ਦੇਸ ਦੀ ਵੰਡ ਪੁਰ ਬਹੁਤੀਆਂ ਕੁਰਬਾਨੀਆਂ ਵੀ ਪੰਜਾਬ ਵਿਚ ਹੀ ਹੋਈਆਂ ਅਤੇ ਲਹਿੰਦੇ ਪਾਕਿਸਤਾਨੀ ਪੰਜਾਬ ਵਿਚੋਂ ਲੱਖਾਂ ਹੀ ਪੰਜਾਬੀ ਹਿੰਦੂ ਤੇ ਸਿੱਖ ਉਜੜ ਪੁਜੜ ਕੇ ਖ਼ਾਲੀ ਹੱਥੀਂ ਤੇ ਨੰਗੇ ਧੜ ਘਰੋਂ ਬੇ-ਘਰ ਹੋ ਕੇ ਆਏ।

ਜਦ ਪਾਕਿਸਤਾਨ ਦੀ ਸ਼ਹਿ ਉਤੇ ਕੁਝ ਪਠਾਣੀ ਕਬੀਲਿਆਂ ਅਤੇ ਪਾਕਿਸਤਾਨੀ ਫ਼ੌਜੀਆਂ ਨੇ ਕਸ਼ਮੀਰ ਉਤੇ ਚੜ੍ਹਾਈ ਕਰ ਦਿੱਤੀ ਅਤੇ ਇਹ ਵਧਦੇ ਵਧਦੇ ਸਿਰੀ ਨਗਰ ਦੇ ਲਾਗੇ ਆ ਪੁਜੇ ਤਾਂ ਸਭ ਤੋਂ ਪਹਿਲਾਂ ਪੰਜਾਬੀ ਜੁਆਨਾਂ ਨੇ ਹੀ ਉਨ੍ਹਾਂ ਨੂੰ ਰੋਕ ਕੇ ਠੱਲ੍ਹ ਪਾਈ ਅਤੇ ਕਸ਼ਮੀਰ ਨੂੰ ਪਾਕਿਸਤਾਨ ਦੇ ਕਾਬੂ ਆ ਜਾਣੋਂ ਬਚਾਇਆ।

———

# ਕਬੂਤਰਾਂ ਦੀ ਤਹਿ

ਹਰਿੰਦਰ ਸਿੰਘ ਰੂਪ

ਤੁਸਾਂ ਸੁਰਖ਼ੇ, ਚਕੋਰ, ਬਟੇਰੇ, ਤਿੱਤਰ ਤੇ ਕੁੱਕੜ, ਓਧਰ, ਮੇਂਢੇ, ਸਾਨ੍ਹ, ਊਠ, ਹਾਥੀ ਤੇ ਹੋਰ ਚੌਖੁਰੇ ਭਿੜਦੇ ਦੇਖੇ ਹੋਣਗੇ। ਬਤਖ਼ਾਂ, ਮੁਰਗ਼ਾਈਆਂ ਤੇ ਹੰਸਾਂ ਦੀਆਂ ਤਾਰੀਆਂ ਤੱਕੀਆਂ ਹੋਣਗੀਆਂ। ਪੈਲਾਂ ਪਾਉਂਦੇ ਮੋਰ ਡਿੱਠੇ ਹੀ ਹੋਣਗੇ ਪਰ ਕਦੇ ਘਰ ਵਿਚ ਰਖੇ ਹੋਏ ਜਾਂ ਪਾਲਤੂ ਕਬੂਤਰ ਤੱਕੇ ਜੇ ? ਦਿਲ ਲਾਉਣ ਦਾ ਅਜਬ ਮਸਾਲਾ ਹੈ। ਜੀ ਲਾਉਣ ਲਈ ਕਿਸੇ ਦੇ ਦਰ ਤੇ ਟਾਹਰਾਂ ਮਾਰਨ ਦੀ ਲੋੜ ਨਹੀਂ, ਤੇ ਨਾਂਹ ਹੀ ਬਜ਼ਾਰਾਂ ਵਿਚ ਮਾਰੇ ਮਾਰੇ ਫਿਰਨ ਦੀ ਹਾਜਤ। ਗੁੱਡੀ-ਬਾਜ਼ਾਂ ਦੇ ਵਾਂਗ ਕੋਠਿਆਂ ਤੋਂ ਗਾਲ੍ਹਾਂ ਦੀ ਝੜੀ ਲਾਉਣ ਦੀ ਜ਼ਰੂਰਤ ਵੀ ਨਹੀਂ ਪੈਂਦੀ। ਬਸ ਆਪਣਿਆਂ ਕਬੂਤਰਾਂ ਦੇ ਆਹਰ ਵਿਚ ਲਗਣਾ ਪੈਂਦਾ ਹੈ, ਜਿਸ ਤਰ੍ਹਾਂ ਕੋਈ ਸੁਚੱਜਾ ਗ੍ਰਹਸਤੀ ਆਪਣੇ ਟੱਬਰ ਦਾ ਧਿਆਨ ਰਖਦਾ ਹੈ। ਕਬੂਤਰਾਂ ਦਾ ਘੋਲ ਨਹੀਂ ਦੇਖੀਦਾ, ਏਥੋਂ ਬੀਰ ਰਸ ਦੀ ਪ੍ਰੇਰਨਾ ਨਹੀਂ ਮਿਲਦੀ, ਏਥੇ ਕੁਸ਼ਤੀ ਦੰਗਲ ਦਾ ਵਾਸਤਾ ਨਹੀਂ; ਏਥੇ ਤਾਂ ਉਡਾਰੀ ਦੇਖਣੀ ਪੈਂਦੀ ਹੈ, ਜਿੰਨਾ ਕਬੂਤਰ ਉੱਚਾ ਜਾਏ, ਅੱਖਾਂ ਤੋਂ ਓਹਲੇ ਹੋ ਜਾਏ, ਓਨਾ ਹੀ ਖਿਡਾਰੀ

ਡੁਲਿਆ ਨਹੀਂ ਸਮਾਉਂਦਾ। ਅਜੀਬ ਖੇਡ ਹੈ ! ਖੇਡ ਕੀ ਹੋਈ, ਨਿਰਾਲਾ ਫ਼ਲਸਫ਼ਾ ਹੋਇਆ। ਕਬੂਤਰ ਦੇ ਰੂਪ ਰੰਗ ਤੇ ਨਾ ਰੀਝੋ, ਤੇ ਜਦੋਂ ਅੱਖੋਂ ਦੂਰ ਹੋ ਕੇ ਉੱਡੇ ਤਾਂ ਖ਼ੁਸ਼ ਹੋਵੋ। 'ਫਸੀਆਂ ਨੂੰ ਨਾ ਫੜੋ, ਉਡਦੀਆਂ ਦੇ ਮਗਰ ਜਾਓ' ਵਾਲੀ ਗੱਲ ਹੀ ਹੋਈ, ਜਾਂ ਦਿਸਦੀ ਮਾਇਆ ਨੂੰ ਤਾਂ ਮਿਥਿਆ* ਕਹਿ ਦਿਓ ਤੇ ਨਾ ਦੇਖੀ ਜਾਣ ਵਾਲੀ ਤੇ ਮਾਣ ਕਰੋ। ਹੋ ਸਕਦਾ ਹੈ ਪਈ ਕਿਸੇ ਫ਼ਲਸਫ਼ੀ ਨੇ ਇਹ ਖੇਡ ਚਲਾਈ ਹੋਵੇ। ਮਲੂਮ ਹੁੰਦਾ ਹੈ ਕਿਸੇ ਵਿਆਖਿਆਕਾਰ ਦੀ ਮਿਹਰ ਭਰੀ ਨਿਗਾਹ ਏਧਰ ਪਈ ਨਹੀਂ, ਨਹੀਂ ਤਾਂ ਅਦਿੱਖ ਗਿਆਨ ਦੇ ਫ਼ਲਸਫ਼ੇ ਦਾ ਏਥੇ ਤਾਂ ਹੜ੍ਹ ਵਗ ਜਾਣਾ ਸੀ। ਖਿਡਾਰੀ ਉਡਾਰੀ ਨੂੰ ਚਾਹੁੰਦਾ ਹੈ, ਉਹ ਕਬੂਤਰ ਦੀ ਉਡਾਰੀ ਉਤੇ ਏਸ ਤਰ੍ਹਾਂ ਡੁਲ੍ਹਿਆ ਹੁੰਦਾ ਹੈ, ਜਿਸ ਤਰ੍ਹਾਂ ਮੋਰ ਬੋਦੜ* ਉਤੇ।

ਕਬੂਤਰ ਉਡਾਉਣ ਲਈ ਸਿਹਤ, ਸਫ਼ਾਈ, ਦਾਣੇ, ਚੋਗੇ ਦਾ ਓਨਾ ਹੀ ਧਿਆਨ ਰਖਣਾ ਪੈਂਦਾ ਹੈ, ਜਿੰਨਾ ਸਰਕਾਰ ਨੂੰ ਫ਼ੌਜੀਆਂ ਦਾ। ਏਸ ਸ਼ੌਕ ਨਾਲ ਕਬੂਤਰਾਂ ਦਾ ਇਲਮ ਆਪਣੇ ਆਪ ਹੀ ਪੱਲੇ ਪੈ ਜਾਂਦਾ ਹੈ ! ਸਾਡੇ ਕਬੂਤਰਬਾਜ਼ਾਂ ਏਸ ਇਲਮ ਨੂੰ ਵਧਾਇਆ ਨਹੀਂ, ਇਲਮੀ ਅਸਮਾਨ ਤੇ ਤਾਰੇ ਵਾਂਗ ਚਮਕਾਇਆ ਨਹੀਂ। ਦਿਲ-ਪਰਚਾਵਾ ਹੀ ਰਹਿਣ ਦਿੱਤਾ ! ਅਸੀਂ ਅਜਿਹੇ ਆਲਸੀ ਹੋ ਗਏ ਹਾਂ, ਪਈ ਕਿਸੇ ਵੇਲੇ ਵੀ ਇਲਮ-ਵਧਾਊ ਸੋਚ ਨੂੰ ਚਲਣ ਨਹੀਂ ਦੇਂਦੇ। ਜੋ ਗੱਲ ਜਿਸ ਪਿੱਛੇ ਬਣਾਈ ਗਈ ਸੀ ਓਸੇ ਗੱਲ ਨੂੰ ਓਸੇ ਤਰ੍ਹਾਂ ਤੋਰਨਾ ਚਾਹੁੰਦੇ ਹਾਂ, ਨਵੀਂ ਲੀਹ ਪਾਉਣ ਨਾਲ ਆਪਣੀ ਹੱਤਕ ਸਮਝਦੇ ਹਾਂ। ਇਹਨਾਂ ਲੋਕਾਂ ਅਜਿਹੇ ਇਲਮਾਂ ਨੂੰ ਆਪ ਹੀ ਡੱਕ ਕੇ ਆਪਣੇ ਹੱਥੀਂ ਇਹਨਾਂ ਦੀ ਕਿਰਿਆ ਕਰ ਦੇਣੀ ਹੈ। ਜਿਸ ਤਰ੍ਹਾਂ ਖੇਡ ਤਮਾਸ਼ੇ ਨਾਲ ਇਲਮ ਲੈਣ ਦਾ ਰਵਾਜ ਸੀ, ਉਸੇ ਤਰ੍ਹਾਂ ਅਣਗਹਿਲੀ ਨਾਲ ਛਾਈਂ ਮਾਈਂ ਕੀਤਾ ਜਾ ਰਿਹਾ ਹੈ। ਜਾਂਦਾ ਹੈ ਤਾਂ ਜਾਏ। ਸਾਨੂੰ ਕੀ ਪਰਾਈ ਅੱਗ ਵਿਚ ਕੁੱਦਣ ਨਾਲ, ਸਾਡੇ ਆਪਣੇ ਕਬੂਤਰ ਜੀਣ ਥੀਣ। ਮਹਾਰਾਜ

ਜੀ ਆਪਣਿਆਂ ਨਾਲ ਹੀ ਬਰਕਤ ਹੁੰਦੀ ਹੈ ਨਾਂ। ਬਿਗਾਨੀ ਦੰਮੀਂ ਸ਼ਾਹੂਕਾਰ ਕਿਹੜਾ ਬਣਦਾ ਤੇ ਬਣ ਸਕਦਾ ਹੈ?

ਹੁਣ ਆਓ ਤੁਹਾਨੂੰ ਆਪਣੇ ਸ਼ੌਕ ਦਾ ਚਮਤਕਾਰ ਦਿਖਾ ਦਿਆਂ। ਕਬੂਤਰਾਂ ਦੀ ਤਹਿ ਦਾ ਗਾਈਡ* ਬਣ ਕੇ ਦੀਦਾਰ ਕਰਾ ਦਿਆਂ। ਹੁਣ ਬੋਲਣਾ ਨਾ, ਹਿੜ ਹਿੜ ਕਰ ਕੇ ਕਬੂਤਰਾਂ ਦਾ ਤਰਾਹ ਨ ਕੱਢ ਦੇਣਾ। ਨਰੈਣਿਆ ! ਸ਼ਮਲਾ ਸੰਭਾਲ ਲੈ ਬਈ, ਏਸ ਝੰਡੇ ਦੇ ਫਰੇਰੇ ਨੇ ਕਬੂਤਰ ਬਹਿਣ ਨਹੀਂ ਦੇਣੇ, ਹੋਰ ਤਾਂ ਸਾਰੇ ਅਰਾਮ ਨਾਲ ਦੇਖਣਗੇ ਪਰ ਮੰਨਾ ਕੀ ਕਰੇਂਗਾ ਇਹਦੀਆਂ ਅੱਖਾਂ ਦੇਖ ਕੇ। ਕਬੂਤਰਾਂ ਸਮਝਣਾ ਹੈ, ਪਈ ਬਿੱਲਾ ਛਹਿ ਲਾਈ ਬੈਠਾ ਹੈ। ਵਿਚਾਰੇ ਜੀ ਭਿਆਣ* ਉੱਡ ਜਾਣਗੇ। ਭਰਾਵਾ ਮੰਨਿਆ ! ਤੂੰ ਪਲ ਲਈ ਡੇਲੇ ਕੱਢ ਕੇ ਰਖ ਲੈ, ਕੀ ਫ਼ਾਇਦਾ ਭੋਲਿਆ ਪੰਛੀਆਂ ਨੂੰ ਡਰਾਉਣ ਦਾ ? ਖ਼ੈਰ ਆਓ ਬਈ ਚੁੱਪ ਚੁਪੀਤੇ ਮੇਰੇ ਪਿੱਛੇ ਪੌੜੀਆਂ ਚੜ੍ਹ ਕੇ ਆਓ 'ਤਹਿ' ਵੱਲ ਚਲੀਏ। ਇਹ ਨਾ ਸਮਝਣਾ ਪਈ ਤਹਿ ਕੋਈ ਦੰਦ ਖੰਦ ਜਾਂ ਸੰਗ ਮਰਮਰ ਦੀ ਰੋਜ਼ਾ ਤਾਜ਼ ਮਹੱਲ ਵਰਗੀ ਇਮਾਰਤ ਹੈ। ਨਹੀਂ ਜੀ ਇਹ ਗੱਲ ਨਹੀਂ। ਇਹ ਤਾਂ ਗਾਰੇ ਨਾਲ ਲਿੰਬੇ ਖੁੱਡੇ ਹਨ ਤੇ ਵਿਚ ਤਾਕੀਆਂ ਲੱਗੀਆਂ ਹੋਈਆਂ ਹਨ। ਇਹ ਚੀਜ਼ ਤੁਹਾਨੂੰ ਕਿਸੇ ਕੋਠੇ ਤੇ ਚਾੜ੍ਹ ਕੇ ਦਿਖਾਉਣੀ ਨਹੀਂ। ਇਹ ਤਹਿ ਕਲਮ ਦੀ ਕਾਂਡੀ ਤੇ ਯਾਦ ਦੇ ਗਾਰੇ ਨਾਲ ਉਸਾਰੀ ਜਾ ਰਿਹਾ ਹਾਂ। ਤਹਿ ਦੇ ਨਾਲ ਫੱਟੀਆਂ ਦਾ ਵੱਡਾ ਪਿੰਜਰਾ ਹੈ, ਜਿਸ ਵਿਚ ਕਈ ਖੁੱਡੇ ਹਨ। ਇਹਨੂੰ 'ਕਾਬਕ' ਕਹੀਦਾ ਹੈ, ਖੁੱਡਿਆਂ ਦੀ ਇਮਾਰਤ ਦੇ ਨਾਲ, ਇੱਕ ਵੰਝ ਗੱਡਿਆ ਹੋਇਆ ਹੈ, ਜਿਸ ਉਤੇ ਵਿਰਲੀਆਂ ਫੱਟੀਆਂ ਲਗੀਆਂ ਹੋਈਆਂ ਹਨ। ਇਹਨੂੰ 'ਛੱਤਰੀ' ਕਹਿੰਦੇ ਹਨ। ਇਸ ਉਤੇ ਕਬੂਤਰ ਬੈਠਦੇ ਹਨ। ਕਈ ਵਾਰੀ ਛੱਤਰੀ ਵਾਂਸਾਂ ਦੀ ਵੀ ਹੁੰਦੀ ਹੈ। ਇਸ ਨੂੰ ਕਬੂਤਰਾਂ ਦੇ ਖੇਡਣ ਦਾ ਹਵਾਈ ਟੈਨਸ ਕੋਰਟ ਕਹਿ ਲਵੋ। ਇਹ ਛੱਤਰੀ ਕਬੂਤਰਾਂ ਨੂੰ ਧੁੱਪੋਂ ਬਚਾਉਣ ਲਈ

ਨਹੀਂ ਹੁੰਦੀ। ਅਸੀਂ ਇਹਨੂੰ ਕਬੂਤਰਾਂ ਦੇ ਮਹਿਲ ਦੀ ਅਟਾਰੀ ਕਹਿ ਸਕਦੇ ਹਾਂ। ਪਰ ਕਬੂਤਰ ਛੱਤਰੀ ਨੂੰ ਡਿਓੜ੍ਹੀ ਸਮਝਦੇ ਹੋਣਗੇ। ਜਿਸ ਤਰ੍ਹਾਂ ਡਿਓੜ੍ਹੀਓਂ ਨਿਕਲੀਏ ਤਾਂ ਗਲੀਆਂ ਬਾਜ਼ਾਰ ਆਉਂਦੇ ਹਨ, ਓਸ ਤਰ੍ਹਾਂ ਕਬੂਤਰ ਆਪਣੀ ਡਿਓੜ੍ਹੀਓਂ (ਛੱਤਰੀਓਂ) ਨਿਕਲਦੇ ਹਨ ਤਾਂ ਉਹ ਅਸਮਾਨ ਦੇ ਗਲੀਆਂ ਮਹੱਲੇ ਦੇਖਦੇ ਹਨ। ਇਹ ਵੀ ਅਨੋਖੇ ਪਾਇਲਿਟ ਹਨ। ਤਹਿ ਤੇ ਛੱਤਰੀ ਦੇਖ ਲਈ ਜੇ। ਹੁਣ ਕਬੂਤਰ ਦਿਖਾ-ਵਾਂਗਾ। ਇਹ ਕਈ ਵੱਡਿਆਂ ਘਰਾਣਿਆਂ ਦੇ ਹਨ, ਜਾਗੀਰਦਾਰ ਨਹੀਂ, ਉੱਡਣ ਉਡਾਣ ਵਾਲੇ ਹਨ। ਇਨ੍ਹਾਂ ਦੇ ਵੱਡੇ ਗਲੀਂ ਚਿੱਠੀਆਂ ਪਾਉਂਦੇ ਤੇ ਹਰਕਾਰਿਆਂ ਦੀ ਕਾਰ ਕਰਦੇ ਸਨ। ਮੈਨੂੰ ਕੁਝ ਯਾਦ ਹੈ, ਪਈ ਪਹਿਲੇ ਵੱਡੇ ਜੰਗ ਵਿਚ ਜਰਮਨ ਨੇ ਕਬੂਤਰਾਂ ਦੇ ਗੱਲੀਂ ਅਜੀਬ ਜਿਹੇ ਕੈਮਰੇ ਪੁਆ ਕੇ ਦੁਸ਼ਮਣਾਂ ਦੇ ਸ਼ਹਿਰਾਂ ਦੀਆਂ ਕਈ ਤਸਵੀਰਾਂ ਲੁਹਾਈਆਂ ਸਨ, ਤੇ ਇੰਗਲੈਂਡ ਵਾਲਿਆਂ ਕਬੂਤਰ ਕੜਕਾਣੇ ਸ਼ੁਰੂ ਕਰ ਦਿੱਤੇ। ਛੋਟੇ ਹੁੰਦਿਆਂ ਦੀ ਇਹ ਧੁੰਦਲੀ ਜਿਹੀ ਯਾਦ ਹੈ, ਨਾ ਇਤਿਹਾਸਕਾਰ ਵਾਂਗ ਤਾਰੀਖ਼ ਦੱਸ ਸਕਦਾ ਹਾਂ ਤੇ ਨਾ ਹੀ ਦੀਵਾਨੀ ਦੇ ਵੱਡੇ ਵਕੀਲ ਵਾਂਗ ਉਸ ਰਸਾਲੇ ਦੇ ਮਜ਼ਮੂਨ ਕਿਸੇ ਹਾਈ ਕੋਰਟ ਦੇ ਫ਼ੈਸਲੇ ਦੀ ਤਰ੍ਹਾਂ ਦਿਖਾ ਸਕਦਾ ਹਾਂ, ਨਾ ਮੈਂ ਉਸ ਤਰ੍ਹਾਂ ਦਾ ਸਿਰ ਪਿੱਟ ਵਕੀਲ ਤੇ ਨਾ ਹੀ ਤੁਸੀਂ ਵਾਲ ਦੀ ਖੱਲ ਲਾਹੁਣੇ ਜੱਜ; ਗੱਲ ਕੀ, ਇਹ ਗੱਲ ਜ਼ਬਾਨੀ ਹੀ ਸਜਦੀ ਹੈ।

ਇੱਕ ਗੱਲ ਹੋਰ ਹੈ, ਇਹਨਾਂ ਕਬੂਤਰਾਂ ਦੀ ਸ਼ਾਖ਼ ਉਸ ਸ਼ਾਖ਼ ਨਾਲ ਮੇਲ ਨਹੀਂ ਖਾਂਦੀ, ਜਿਹੜੀ ਨੂਰਜਹਾਨ ਦੀ ਪਿਆਰ-ਕਥਾ ਦਾ ਸ਼ਿੰਗਾਰ ਬਣੀ ਸੀ। ਮੇਰਿਆਂ ਕਬੂਤਰਾਂ ਨੂੰ ਸ਼ਹਿਨਸ਼ਾਹੀਅਤ ਦੀ ਲੋੜ ਨਹੀਂ, ਇਹ ਜਨਤਾ ਨੂੰ ਪਰਚਾਉਣਾ ਤੇ ਆਪਣਾ ਦੁਖ ਸੁਖ ਦੱਸਣਾ ਜ਼ਰੂਰੀ ਸਮਝਦੇ ਹਨ।

ਹੁਣ ਮੈਂ ਉਪਰਲੀ ਪਾਲ਼ ਦੀ ਤਾਕੀ ਖੋਲ੍ਹਦਾ ਹਾਂ। ਏਸ ਵਿਚੋਂ ਕਾਲੇ ਰੰਗ ਦਾ ਜੋੜਾ ਨਿਕਲਿਆ ਹੈ, ਅੱਗੇ ਤੋਂ ਕਾਲਿਆਂ ਕਬੂਤਰਾਂ

ਨੂੰ ਕਾਲਾ ਨਾ ਕਹਿ ਬੈਠਣਾ। ਕਬੂਤਰੀਏ (ਕਬੂਤਰਬਾਜ਼) ਅਲੂੜ ਸਮਝਣ ਲਗ ਪੈਣਗੇ! ਕਾਲੇ ਨੂੰ ਉਹ 'ਜ਼ਾਗ਼' ਕਹਿਣਗੇ। ਫ਼ਾਰਸੀ ਵਿਚ ਜ਼ਾਗ਼ ਕਾਂ ਦਾ ਨਾਂ ਹੈ। ਮਲੂਮ ਹੁੰਦਾ ਹੈ, ਪਈ ਏਸ ਖੇਡ ਉਤੇ ਵੀ 'ਆਬ ਆਬ ਕਰ ਮੋਇਓਂ ਬੱਚਾ, ਫ਼ਾਰਸੀਆਂ ਘਰ ਗਾਲੇ' ਦਾ ਅਸਰ ਹੈ। ਕਈਆਂ ਤਾਂ ਇਹ ਖੋਜ ਕਰਨੀ ਹੈ ਪਈ ਭਾਰਤ ਦੀ ਇਹ ਖੇਡ ਹੀ ਨਹੀਂ, ਇਹ ਖੇਡ ਭਾਰਤ ਵਿਚ ਈਰਾਨੋਂ ਤਸ਼ਰੀਫ਼ ਲਿਆਈ ਹੈ। ਕਬੂਤਰਾਂ ਦੇ ਨਾਂ, ਕਈ ਫ਼ਾਰਸੀ ਪਦਾਂ ਦੇ ਅਧਾਰ ਉਤੇ ਹਨ। ਜ਼ਰਾ ਜ਼ਾਗ਼ (ਚਾਗ) ਜੋੜੇ ਦੇ ਚੋਹਲ ਚੋਜ ਵੇਖੋ। ਨਰ ਗੁਟਕ ਕੇ, ਖੰਭ ਝਾੜ ਕੇ ਤਹਿ ਉਤੇ ਬਹਿ ਗਿਆ ਹੈ, ਵਿੱਠ ਕੀਤੀ ਸੂ, ਮਾਦਾ ਵੀ ਮਗਰ ਗਈ ਹੈ, ਨਰ ਦੀ ਅੱਖ ਕਾਲੀ ਹੈ, ਜਿਸ ਨੂੰ 'ਮੈਲ-ਅੱਖਾ' ਕਹਿੰਦੇ ਹਨ। ਕਬੂਤਰੀ ਦੀ ਅੱਖ ਮੈਲੀ ਨਹੀਂ, ਚਿੱਟੀ ਹੈ, ਅੱਖ ਦਾ ਗਿਰਦਾ ਹਲਕਾ ਗੁਲਾਬੀ ਹੈ, ਜਿਸ ਤਰ੍ਹਾਂ ਬਦਾਨੇ ਅਨਾਰ ਦਾ ਦਾਣਾ ਹੁੰਦਾ ਹੈ। ਸੋ ਫ਼ਾਰਸੀ ਅਸਰ ਹੇਠ ਇਹਨੂੰ 'ਅਨਾਰ ਚਸ਼ਮੀ' ਕਹਾਂਗੇ। ਅਨਾਰ-ਚਸ਼ਮੀ ਕਬੂਤਰ ਆਪਣੇ ਘਰ ਨੂੰ ਮਸਾਂ ਹੀ ਭੁੱਲਦਾ ਹੈ, ਚੇਤੇ ਦਾ ਪੱਕਾ ਹੁੰਦਾ ਹੈ, ਉਡਾਣ, ਮੋਤੀ ਚੂਰ ਅੱਖ ਨਾਲੋਂ ਵਧੇਰੇ ਨਹੀਂ ਹੁੰਦੀ। ਹੁਣ ਅਗਲੀ ਤਾਕੀ ਖੋਲ੍ਹ ਦਿੱਤੀ ਹੈ। ਇਸ ਵਿਚ 'ਸੁਰਖ਼ਿਆਂ' ਦਾ ਜੋੜਾ ਹੈ, ਇਕ ਦਾ ਰੰਗ ਗੋਰੀ ਵਰਗਾ ਹੈ, ਤੇ ਕਬੂਤਰੀ ਦਾ ਬਦਾਮ ਦੀ ਗਿਰੀ ਤੋਂ ਕੁਝ ਗੂੜ੍ਹੀ ਲਾਲ ਭਾ ਵਾਲਾ ਰੰਗ ਹੈ। ਪਤਾ ਨਹੀਂ, ਨਾ ਹੀ ਮੁਸੱਵਰਾਂ* ਤੇ ਨਾ ਹੀ ਕਬੂਤਰ-ਬਾਜ਼ਾਂ ਹਰ ਤਰ੍ਹਾਂ ਦੇ ਰੰਗਾਂ ਦੇ ਨਾਂ ਕਿਉਂ ਧਰੇ। ਇਸ ਦਾ ਜਵਾਬ ਗੋਰੇ ਦੀ ਗ਼ੁਲਾਮੀ ਨਹੀਂ। ਇਹਦਾ ਉੱਤਰ ਹੈ ਸਾਡੀ ਸੂਝ ਬੂਝ ਦਾ ਦਿਵਾਲਾ ਜਾਂ ਆਲਸ ਜਾਂ ਕਿਸਮਤ ਉਤੇ ਰਹਿਣਾ।

ਅਗਲੇ ਖੁੱਡਿਓਂ 'ਮੁਖੇਲਿਆਂ' ਜਾਂ 'ਮੁਖਰੱਜਾਂ' ਦਾ ਜੋੜਾ ਨਿਕਲਿਆ। ਨਰ ਗੁਟਕੂੰ ਗੁਟਕੂੰ ਕਰਨ ਲਗ ਪਿਆ ਹੈ, ਇਹ ਤਾਂ ਬਈਆ ਬਈਆ* ਕਰਕੇ ਨੱਚ ਉਠਿਆ ਹੈ, ਇਹਨੂੰ ਨਾਚ ਦਾ ਹੁਨਰ ਕਿਉਂ ਨਾ ਆਵੇ, ਜਦ ਕਿ ਸਾਂਹਵੇਂ ਇਹਦੀ ਸਜਣੀ ਖੜੀ ਹੈ। ਪਿਆਰੇ ਤੇ ਪਾਰਖੂ ਸਾਹਵੇਂ ਹੁਨਰ

ਛਾਲਾਂ ਮਾਰਦਾ ਆ ਖਲੋਂਦਾ ਹੈ। ਬਹੁਤਿਆਂ ਪੰਛੀਆਂ ਵਿੱਚੋਂ ਕਬੂਤਰ ਤੇ ਕਬੂਤਰੀ ਬਹੁਤਾ ਪਿਆਰ ਕਰਨ ਵਾਲੇ ਗਿਣੇ ਗਏ ਹਨ। ਰੰਗ ਵਲ ਧਿਆਨ ਦਿਓ ਗੂੜ੍ਹਾ ਸਲੇਟੀ ਅਤੇ ਬਾਜ਼ੂਆਂ ਤੇ ਸ਼ਾਹ ਕਾਲਾ, ਪਰ ਇਉਂ ਹਨ ਜਿਵੇਂ ਮੱਛੀ ਦੇ ਚਾਨੇ ਹੋਣ। ਹੁਣ 'ਜਾਂਗਲੀਆਂ' (ਰੱਠਿਆਂ) ਤੋਂ ਜ਼ਰਾ ਹਲਕੇ ਰੰਗ ਦੇ ਕਬੂਤਰ ਖੋਲ੍ਹਣ ਲਗਾ ਹਾਂ। ਹਾਂ, ਇਹਨਾਂ ਕਬੂਤਰਾਂ ਨੂੰ 'ਹਰੇ' ਕਹਿਣਾ। ਇਹ ਤੋਤਿਆਂ ਵਾਂਗ ਜਾਂ ਸਰਹੋਂ ਦੇ ਸਾਗ ਤੋਂ ਸ਼ੋਖ ਤੇ ਗੂੜ੍ਹੇ ਹਰੇ ਨਹੀਂ, ਪਰ ਰੰਗ ਹਰਾ ਹੀ ਹੈ। ਗਿੱਚੀ ਦੇ ਵਾਲ ਸੂਰਜੀ ਕਿਰਨਾਂ ਨਾਲ ਕਿਸ ਤਰ੍ਹਾਂ ਹਰਿਔਲ ਦੀਆਂ ਲਹਿਰਾਂ ਲਾ ਰਹੇ ਹਨ।

ਅਗਲੀ ਤਾਕੀਓਂ ਸਿਰਫ਼ ਇਕੋ ਕਬੂਤਰ ਪ੍ਰਗਟੇਗਾ। ਕਲ੍ਹ ਬਹਿਰੀ* ਨੇ ਇਹਦੀ ਸ੍ਰੀ ਮਤੀ ਨੂੰ, ਸਾਡੇ ਰੌਲਾ ਰੱਪਾ ਪਾਉਣ ਤੇ ਵੀ, ਪੰਜਿਆਂ ਵਿਚ ਅੜੁੰਗ ਲਿਆ ਸੀ। ਕਬੂਤਰ ਤਾਂ ਇਕ ਦਮ ਤਹਿ ਉੱਤੇ ਪਰ ਬੰਨ੍ਹ ਗੇਂਦ ਵਾਂਗ ਆ ਡਿੱਗਾ। ਬਚ ਗਿਆ। 'ਟੁਕੜੀ' (ਇਕੱਠੇ ਉਡਦਿਆਂ ਦੀ ਟੋਲੀ) ਦੇ ਹੋਰ ਕਬੂਤਰ ਜਿਹੜੇ ਇਕੱਠੇ 'ਬੱਝ ਕੇ' (ਨਾਲੋ ਨਾਲ) ਉਡ ਰਹੇ ਸਨ, ਸਾਡੀਆਂ ਆਵਾਜ਼ਾਂ ਕਰਕੇ ਤੇ ਉਸ ਸ਼ੀਹਣੀ ਨੂੰ ਦੇਖ ਕੇ, ਖਿੰਡ ਪੁੰਡ ਗਏ ਸਨ। ਕੁਝ ਤਾਂ ਉਤਾਂਹ ਚੜ੍ਹ ਗਏ, ਕੁਝ ਸੂਟ ਬੰਨ੍ਹੀ ਤਹਿ ਤੇ ਆ ਗਏ। ਔਹ ਅਗਲੀਆਂ ਤਾਕੀਆਂ ਵਾਲੇ ਦੋ ਬਾਜ਼, ਦੋ ਬਾਜ਼ਾ ਨਹੀਂ ਜੇ, ਇਹ ਕੋਈ ਸ਼ਿਕਾਰੀ ਨਹੀਂ, ਕੋਈ ਵਿਹਲੜ ਸਰਦਾਰ ਵੀ ਨਹੀਂ, ਜੋ ਬਾਜ਼ਾਂ ਨੂੰ ਯਤੀਮਾਂ ਵਾਂਗ ਪਾਲਦਾ ਹੈ। ਦੋ ਬਾਜ਼ ਕਬੂਤਰ ਸ਼ਾਹ ਹਰੇ, ਸੁਰਖ਼ੇ ਆਦਿ ਹੁੰਦੇ ਹਨ। ਇਹਨਾਂ ਰੰਗਾਂ ਨਾਲ ਬਾਜ਼ੂਆਂ ਦੇ ਪਰ ਚਿੱਟੇ ਹੀ ਹੋਣਗੇ।

ਅਗਲੇ ਖੁੱਡੇ ਵਿਚ ਤਾਂ ਚੀਂ, ਚੀਂ, ਹੋ ਰਹੀ ਹੈ। ਪੰਜ ਸੱਤ ਦਿਨ ਦੇ ਬੱਚੇ ਨਿਕਲੇ ਹੋਏ ਹਨ, ਤੇ ਉਹਨਾਂ ਪੇਟ ਲਈ ਹਾਲ ਪਾਰ੍ਹਿਆ ਪਾਈ ਹੋਈ ਹੈ। ਚੁੰਜਾਂ ਖੋਲ੍ਹ ਕੇ ਮਾਪਿਆਂ ਦੇ ਗਲ ਪੈ ਰਹੇ ਹਨ, ਇਹ ਹੁਣ ਚੋਗਾ ਖਾ ਕੇ ਇਹਨਾਂ ਦੀਆਂ ਚੁੰਜਾਂ ਵਿਚ ਦਾਣੇ ਪਾਉਣਗੇ। ਇਹਨਾਂ ਮਾਪਿਆਂ ਪਾਸੋਂ ਪਰੀ ਸੇਵਾ ਕਰਾਉਣੀ ਹੈ। ਪਰ ਮਾਪਿਆਂ ਦੀ ਸੇਵਾ ਨਹੀਂ

ਕਰਨੀ। ਮਾਪਿਆਂ ਇਹਨਾਂ ਦਾ ਸਫ਼ੇਦ ਖ਼ੂਨ ਦੇਖ ਕੇ, ਇਹਨਾਂ ਨੂੰ ਚੁੰਜਾਂ ਮਾਰ ਕੇ ਬਾਹਰ ਕਢਣਾ ਹੈ। ਇਹ ਕਲਜੁਗੀ ਪੁੱਤਰਾਂ ਵਾਂਗ ਹਨ। ਜਿਸ ਤਰ੍ਹਾਂ ਕਬੂਤਰ ਕਬੂਤਰੀ ਨੇ ਆਪਣਿਆਂ ਮਾਪਿਆਂ ਨਾਲ ਕੀਤੀ ਸੀ, ਉਹੋ ਇਹਨਾਂ ਬੋਟਾਂ ਨੇ ਵੱਡਿਆਂ ਹੋ ਕੇ ਕਰਨੀ ਹੈ। ਇਹਨਾਂ ਦਾ ਚੁਲ੍ਹਾ ਚੌਂਕਾ ਅੱਡ ਹੋ ਜਾਣਾ ਹੈ, ਤੇ ਫੇਰ ਕਿਸੇ ਨੇ ਕਿਸੇ ਦੀ ਵਾਤ ਨਹੀਂ ਪੁੱਛਣੀ। ਇਹਨਾਂ ਬੋਟਾਂ ਭੱਤ ਖਾ ਖਿਸਕਣਾ ਹੈ, ਮਿੱਤ ਬਣਨਾ ਹੀ ਨਹੀਂ।

ਆਹ ਕਬੂਤਰ 'ਜੌਂ-ਸਿਰਾ' ਜੇ, ਧੌਣ ਤੇ ਸਿਰ ਉਤੇ ਜੌਆਂ ਜਿੱਡੇ ਹਲਕੇ ਕਾਲੇ ਜਾਂ ਸਲੇਟੀ ਰੰਗ ਦੇ ਨਿਸ਼ਾਨ ਹਨ, ਏਸੇ ਤਰ੍ਹਾਂ ਬਦਾਮੀ ਰੰਗ ਦੇ ਜੌਆਂ ਜਿਡੇ ਟਿਮਕਣਿਆਂ ਵਾਲੀ ਇਹਦੀ ਕਬੂਤਰੀ ਹੈ, ਜਿਸ ਨੂੰ ਬਦਾਮ-ਸਿਰੀ ਕਹਿ ਲੈਂਦੇ ਹਾਂ।

ਅਗਲਾ ਖੁੱਡਾ ਬੰਦ ਰਖਾਂਗਾ, ਕਿਉਂਕਿ 'ਸਬਜ਼ੇ ਦਾ ਖੁੱਡਾ ਹੈ। ਜਾਂਗਲੀ ਕਬੂਤਰ ਤੋਂ ਸਵਾਇਆ ਹੁੰਦਾ ਹੈ ਤੇ ਅੱਖਾਂ ਲਾਲ ਸੂਹੀਆਂ ਹੁੰਦੀਆਂ ਸੂ। ਉਹ ਰੱਠੀਆਂ ਕਬੂਤਰੀਆਂ ਜਿਹੜੀਆਂ ਸ਼ਿਵਾਲਿਆਂ ਮੰਦਰਾਂ ਤੇ ਹੁੰਦੀਆਂ ਹਨ ; ਗੁਟਕ ਗੁਟਕ ਕੇ ਘੇਰ ਲਿਆਉਂਦਾ ਹੈ। ਉੱਚਾ ਉੱਡ ਨਹੀਂ ਸਕਦਾ, ਚਾਰ ਗੇੜੇ ਵੀ ਨਹੀਂ ਕੱਢ ਸਕਦਾ। ਇਹ ਇਕ ਤਰ੍ਹਾਂ ਦਾ ਬਾਸ਼ਾ* ਕਬੂਤਰ ਹੈ। ਆਮ ਤੌਰ ਤੇ ਇਹਦਾ ਖੁੱਡਾ ਪਿਛਲੇ ਪਾਸੇ ਹੁੰਦਾ ਹੈ, ਜਿਸ ਨੂੰ 'ਮੱਘ' ਕਿਹਾ ਜਾਂਦਾ ਹੈ। ਇਹ ਮੱਘ ਏਸ ਦੀ ਐਸ਼-ਗਾਹ ਹੁੰਦੀ ਹੈ। ਅਗਲਿਆਂ ਖੁੱਡਿਆਂ ਵਾਲੇ ਬਹੁਤਾ ਉੱਡਣ ਵਾਲੇ ਨਹੀਂ। 'ਲੱਕੇ' ਵੀ ਹਾਲੀ ਨਹੀਂ ਛੱਡਾਂਗਾ।

ਲੋ ਏਸ ਸ਼ਾਹ ਝੰਡੀ ਨੂੰ ਹਿਲਾਓ, ਔਹ ਉਡ ਪਏ ਜੇ। ਕਈ ਤਾਂ ਖੇਡਣ ਲਗ ਪਏ ਹਨ। ਜਾਂ ਬਾਜ਼ੀਆਂ ਲਾ ਰਹੇ ਵੀ ਕਹਿ ਲਵੋ। ਇਹ ਪੰਛੀ ਤਾਂ ਬਾਜ਼ੀਗਰਾਂ ਤੋਂ ਵੀ ਚਤਰ ਹਨ, ਕਹਿਣ ਵਿਚ ਭੋਲੇ ਕਹੀਦੇ ਹਨ। ਬਾਜ਼ੀਗਰ ਤਾਂ ਭੋਏਂ ਤੇ ਬਾਜ਼ੀ ਲਾਉਂਦੇ ਹਨ, ਤੇ ਇਹ ਹਵਾ ਵਿਚ ਬਾਜ਼ੀਆਂ ਲਾਈ ਜਾਂਦੇ ਹਨ। ਮੇਰਾ ਖ਼ਿਆਲ ਹੈ, ਜਿਹੜੇ ਇਲੱੜ* ਇਹਨਾਂ ਨੂੰ

ਪੈਂਦੇ ਹਨ, ਓਹ ਬਾਜ਼ੀਗਰ ਹੀ ਹੁੰਦੇ ਹਨ। ਓਹ ਨਹੀਂ ਚਾਹੁੰਦੇ ਕਿ ਪੰਛੀ ਉਹਨਾਂ ਦਾ ਹੁਨਰ ਅਸਮਾਨ ਵਿਚ ਲੈ ਜਾਣ। ਜੇ ਭ੍ਰਿਗੁ ਸੰਹਿਤਾ* ਵਿਚ ਬਾਜ਼ੀਗਰ ਦਾ ਜਨਮ ਦੇਖਿਆ ਜਾਏ ਤਾਂ ਉਹ ਸ਼ਹੀਨ*, ਬਹਿਰੀ, ਬਾਜ਼ ਜਾਂ ਇਲਗ਼ ਦੀ ਜੂਨ ਵਿਚ ਪਿਆ ਹੋਇਆ ਜ਼ਰੂਰ ਦਿੱਸੇਗਾ।

ਲੋ ਜੀ, ਕੁਝ ਤਾਂ ਵਿਚਲੇ ਲੰਗਰ* ਵਿਚ ਹੀ ਗੇੜੇ ਲਾਉਣ ਲਗ ਪਏ ਜੇ, ਤੇ ਕੁੱਝ ਗਏ ਚੰਦ੍ਰ ਧ੍ਰੂਵ ਲੋਕ* ਵਲ, ਓਹ ਤਾਂ ਤਾਰਿਆਂ ਵਾਂਗ ਚਮਕਣ ਲਗ ਪਏ। ਕਬੂਤਰਾਂ ਨੂੰ ਕਿੰਨਾ ਚਿਰ ਦੇਖਣ ਨਾਲ ਮੇਰੀ ਨੀਝ ਬੜੀ ਵਧ ਗਈ ਸੀ; ਕਦੇ ਕਦੇ ਤਾਂ ਯਾਰਾਂ ਕੁ ਵਜੇ ਵੀ ਤਾਰਾ ਦਿੱਸ ਪੈਂਦਾ ਸੀ। ਸ਼ਾਮ ਵੇਲੇ ਤਾਂ ਬਹੁਤੀ ਵਾਰੀ ਦਿਨ ਡੁੱਬਣ ਤੋਂ ਘੰਟਾ ਪਹਿਲਾਂ ਤਾਰਾ ਦੇਖ ਲਈਦਾ ਸੀ। ਹੁਣ ਪ੍ਰੈਕਟਿਸਾਂ ਨਹੀਂ ਰਹੀਆਂ। ਕਬੂਤਰ ਵੀ ਨਹੀਂ ਦਿੱਸਦੇ ਤੇ ਤਾਰੇ ਨੇ ਕੀ ਦਿੱਸਣਾ ਹੈ?

ਹੁਣ ਸਾਰੇ ਕਬੂਤਰ ਛੱਡਣ ਲਗਾ ਹਾਂ। ਜੇ ਪਹਿਲਾਂ ਛੱਡਦਾ, ਤਾਂ ਉੱਡਣ ਵਾਲੇ ਏਥੇ ਹੀ ਰਹਿ ਜਾਣੇ ਸਨ। ਇਹਨਾਂ ਵਿਚ ਕਈਆਂ ਨੂੰ 'ਗੁੱਡੀਆਂ' ਤੇ ਜ਼ੰਜੀਰੇ' ਬੱਧੇ ਹੋਏ ਹਨ। ਗੁੱਡੀ ਦਮੜ ਚੋ ਚੋ* ਨਹੀਂ ਕਬੂਤਰ ਦੇ ਸ਼ਾਹ (ਵਡਿਆਂ) ਪਰਾਂ ਨਾਲ ਨਹੀਂ ਬੰਨ੍ਹੀ ਹੋਈ, ਛੋਟੀ ਜਿੰਨੀ ਲੀਰ ਹੈ, ਪਰਾਂ ਨੂੰ ਧਾਗੇ ਨਾਲ ਬੰਨ੍ਹ ਕੇ, ਧਾਗੇ ਨਾਲ ਲਟਕਾਈ ਹੋਈ ਹੈ, ਕਿ ਕਬੂਤਰ ਉੱਡ ਨਾ ਸਕੇ। ਏਹੋ ਹੀ ਕੰਮ ਜ਼ੰਜੀਰਾ ਕਰਦਾ ਹੈ। ਧਾਗਾ ਲੈ ਕੇ ਇਕ ਇਕ ਪਰ ਨੂੰ ਗੰਢ ਪਾਂਦੇ ਜਾਈਦਾ ਹੈ। ਕਈ ਕਬੂਤਰ ਜਿਹੜੇ ਜ਼ਿਆਦਾ ਜ਼ੋਰ ਦਿਖਾਉਣ ਉਹਨਾਂ ਨੂੰ ਕੈਂਚ ਕਰਨਾ* ਪੈਂਦਾ ਹੈ ਤਾਂ ਜੁ ਉੱਡ ਕੇ ਆਪਣੇ ਪੁਰਾਣਿਆਂ ਘਰਾਂ ਨੂੰ ਨਾ ਚਲੇ ਜਾਣ। ਇਹਨਾਂ ਵਿਚੋਂ ਜ਼ਿਆਦਾ ਲੋਕਾਂ ਦੇ ਫੜੇ ਹੋਏ ਹਨ। ਜਦੋਂ ਇਹਨਾਂ ਦਾ ਜੀਅ ਲਗ ਜਾਏਗਾ ਤਾਂ ਗੁੱਡੀਆਂ ਜ਼ੰਜੀਰੇ ਖੋਲ੍ਹੇ ਜਾਣਗੇ। ਇੱਕ ਕਿਸਮ ਦੀ ਸ਼ਰਾਫ਼ਤ ਭਰੀ ਲੁੱਟ ਹੈ। ਜਿਸ ਨੂੰ ਪਤਾ ਲਗ ਜਾਵੇ ਕਿ ਫ਼ਲਾਣੇ ਨੇ ਮੇਰਾ ਕਬੂਤਰ ਫੜ ਲਿਆ ਹੈ, ਤਾਂ ਵੀ ਕਬੂਤਰ ਨਹੀਂ ਮੰਗਦਾ! ਹੋਰਥੇ ਭੁੱਲੀ ਹੋਈ ਚੀਜ਼

ਮਿਲ ਜਾਂਦੀ ਹੈ, ਪਰ ਏਥੇ ਭੁੱਲੀ ਜਾਂ ਹੁਨਰ ਨਾਲ ਆਪ ਭੁਲਾਈ ਹੋਈ ਚੀਜ਼ ਨਹੀਂ ਮਿਲਦੀ।

ਔਹ ਦੇਖੋ, ਬਗਾਨਾ ਸਫ਼ੇਦ ਕਬੂਤਰ ਤਹ ਵਲ ਆ ਰਿਹਾ ਹੈ। ਮੈਂ ਆਪਣੇ ਕਬੂਤਰ ਛੋੜਨ ਲਗ ਪਿਆ ਹਾਂ; ਹੁਣ ਜ਼ਿਆਦਾ ਭੜਕੀ ਦੇ ਦਿੱਤੀ ਹੈ ਕਿ ਕਬੂਤਰਾਂ ਦੇ ਵਿਚ ਰਲ ਜਾਵੇ। ਹੁਣ ਏਧਰ ਹੀ ਚੱਕਰ ਕਟਣ ਲਗ ਪਿਆ ਹੈ। ਥੋੜ੍ਹਾ ਥੋੜ੍ਹਾ ਦਾਣਾ ਪਾਉਣ ਲਗ ਪਿਆ ਹਾਂ, ਕਬੂਤਰ ਚੁਗਣ ਲਗ ਪਏ ਹਨ। ਉੱਡਣ ਵਾਲੇ ਵੀ ਤੇ ਓਪਰਾ ਵੀ ਬਹਿ ਗਏ, ਤਹਿ ਦੇ ਉੱਤੇ ਪਾਣੀ ਦੀ ਕੁਨਾਲੀ ਨੰਗੀ ਕੀਤੀ, ਤਿਹਾਏ ਪੰਛੀ ਪਾਣੀ ਉੱਤੇ ਆਏ ਤੇ ਓਪਰੇ ਨੂੰ ਹੱਥ ਮਾਰ ਕੇ ਕਾਬੂ ਕਰ ਲਿਆ। ਐਨੀ ਕਾਰੀਗਰੀ ਨਾਲ ਫੜਿਆ ਹੋਇਆ ਕਬੂਤਰ ਚੋਰੀ ਦੀ ਜ਼ੱਦ ਵਿਚ ਨਹੀਂ ਆਉਂਦਾ।

ਲੱਕੇ ਕਬੂਤਰ ਦੇਖ ਕੇ ਖ਼ੁਸ਼ ਤਾਂ ਹੋ ਗਏ ਹੋ। ਬੋਟ ਤੇ ਬੱਚੇ ਦੇਖ ਕੇ ਰੀਝ ਪਏ ਹੋ। ਪਰ ਹਰ ਖੁੱਡੇ ਵਿਚੋਂ ਡੇਢ ਛਟਾਂਕ ਵਿੱਠਾਂ ਜਿਹੜੀਆਂ ਰੋਜ਼ ਹੱਥ ਭਰ ਕੇ ਚੁਕਦਾ ਹਾਂ, ਅੱਜ ਨਹੀਂ ਨ ਚੁਕੀਆਂ। ਮੈਂ ਇਹਨਾਂ ਦਾ ਹਰੀਜਨ ਹਾਂ। ਪਰ ਇਹ ਆਪਣੇ ਹਰੀਜਨ ਨੂੰ ਮਹਾਤਮਾ ਗਾਂਧੀ ਵਾਂਗ ਪਿਆਰਦੇ ਨਹੀਂ। ਮੇਰੇ ਮੋਢਿਆਂ ਤੇ ਨਹੀਂ ਚੜ੍ਹਦੇ, ਮੇਰੇ ਸਿਰ ਤੇ ਨਹੀਂ ਬਹਿੰਦੇ, ਮੇਰੇ ਪੈਰਾਂ ਨਾਲ ਆਪਣੀਆਂ ਚੁੰਜਾਂ ਨਹੀਂ ਘਸਾਉਂਦੇ। ਇਹਨਾਂ ਦੀ ਮਰਜ਼ੀ, ਵਿਚਾਰੇ ਰਾਜ਼ੀ ਖ਼ੁਸ਼ੀ ਰਹਿਣ। ਸਾਂਈਂ ਇਹਨਾਂ ਨੂੰ ਤੱਤੀ ਵਾ ਨ ਲਗਣ ਦੇਵੇ। ਮੈਨੂੰ ਇਹਨਾਂ ਦੀ ਠੰਢੀ ਵਾ ਲਗਦੀ ਰਹੇ। ਇਹਨਾਂ ਵਿਚਾਰਿਆਂ ਨੇ, ਖੱਟ ਕੇ ਕੀ ਖਵਾਲਣਾ ਹੈ। ਮੇਰਾ ਜੀ ਲਾ ਛੱਡਦੇ ਹਨ, ਮੇਰੀ ਡਿਕਟੇਟਰੀ ਨੂੰ ਸਿਰ ਮੱਥੇ ਤੇ ਮੰਨਿਆ ਹੈ। ਮੈਨੂੰ ਹੁਕਮ ਕਰਨ ਦਾ ਜਿਹੜਾ ਡੈਣ ਵਾਲਾ ਝੱਸ ਪਿਆ ਹੋਇਆ ਹੈ, ਓਹ ਇਹਨਾਂ ਜੀਆਂ ਨੇ ਪੂਰਾ ਕਰ ਦਿੱਤਾ ਹੈ।

ਤੁਸਾਂ ਤਾਂ ਮੈਨੂੰ ਕਬੂਤਰਾਂ ਦਾ ਖ਼ਲੀਫ਼ਾ* ਸਮਝਿਆ ਹੋਵੇਗਾ।

ਪਰ ਕਰਾਂ ਕੀ, ਕੁਝ ਲਿਖਣਾ ਵੀ ਸੀ ਨਾ, ਜਿਹੜੀ ਗੱਲ ਆਉਂਦੀ ਹੋਵੇ, ਓਹ ਦੱਸੀਦੀ ਹੈ ਨਾ। ਮੈਨੂੰ ਤਾਂ ਏਹੋ ਹੀ ਇਲਮ, ਰਾਗ ਤੇ ਮੁਸੱਵਰੀ ਤੋਂ ਘਟ ਨਹੀਂ ਲਗਦਾ, ਅਖ਼ੀਰ ਵੀਹ ਵਰ੍ਹੇ ਕਬੂਤਰਬਾਜ਼ੀ ਕੀਤੀ ਹੋਈ ਹੈ। ਜੇ ਸਾਹਿੱਤਾਚਾਰਯ* ਜਾਂ ਕਲਾਕਾਰ* ਨਹੀਂ, ਤਾਂ ਕਬੂਤਰਬਾਜ਼ ਹੀ ਸਹੀ। ਪੰਜਾਂ ਅਸਵਾਰਾਂ ਵਿਚ ਨਾਂ ਤਾਂ ਹੋ ਜਾਵੇਗਾ। ਨਾਂ ਪਿੱਛੇ ਤੇ ਅਮਰੀਕਨ ਮੇਮ ਨੇ ਆਪਣੇ ਸਾਹਿਬ ਨੂੰ ਕਿਹਾ ਸੀ, "ਮੇਰੀ ਯਾਦਗਾਰ ਤਾਜ ਮਹੱਲ ਜਿਹੀ ਬਣਾਉਣੀ ਹੋਵੇ ਤਾਂ ਮੈਂ ਲਗਦੇ ਹੱਥ ਮਰਨ ਨੂੰ ਤਿਆਰ ਹਾਂ।" ਸੋ ਨਾਂ ਪਿਛੇ ਕੀ ਕੀ ਨਹੀਂ ਕਰੀਦਾ? ਮੈਨੂੰ ਤਾਂ ਪਰਾਂ ਨਾਲ ਮੜ੍ਹੀਆਂ ਇਨ੍ਹਾਂ ਰੂਹਾਂ ਨੇ, ਮਜ਼ਹੂਰੀ ਦੇ ਅੰਰਸ਼ੇ ਚਾੜ੍ਹ ਦਿੱਤਾ ਹੈ।

# ਇਬਰਾਹਮ ਲਿੰਕਨ

ਡਾ: ਸ਼ੇਰ ਸਿੰਘ

ਅਮਰੀਕਾ ਜੋ ਕੁਝ ਅੱਜ ਹੈ ਇਹ ਕਦੀ ਨਾ ਹੁੰਦਾ ਜੇਕਰ ਜਾਰਜ ਵਾਸ਼ਿੰਗਟਨ ਤੇ ਇਬਰਾਹਮ ਲਿੰਕਨ ਵਰਗੇ ਸੱਚੇ ਸਪੂਤ ਉਹ ਪੈਦਾ ਨਾ ਕਰਦਾ। ਉਸ ਦੇਸ ਦੇ ਰਾਜਸੀ ਨੁਕਤਾ ਨਿਗਾਹ ਤੋਂ ਇਹ ਦੋ ਸੱਜਣ ਸਭ ਤੋਂ ਵੱਡੇ ਮਹਾਂ ਪੁਰਖ ਹਨ। ਇਨ੍ਹਾਂ ਨੂੰ ਆਪਣੇ ਦੇਸ਼ ਨਾਲ ਸੱਚਾ ਤੇ ਸੁੱਚਾ ਪਿਆਰ ਸੀ ਤੇ ਇਹ ਨਿਸ਼ਕਾਮ* ਦੇਸ-ਭਗਤ ਸਨ।

ਲਿੰਕਨ ਦੇ ਜੰਮਣ ਤੋਂ ਕੋਈ ਚਾਲ੍ਹੀ ਵਰ੍ਹੇ ਪਹਿਲਾਂ ਅਮਰੀਕਾ ਇੰਗਲਿਸਤਾਨ ਦੇ ਅਧੀਨ* ਸੀ। ਇਥੋਂ ਦੇ ਅਸਲੀ ਵਸਨੀਕ ਰੈੱਡ-ਇੰਡੀਅਨ ਸਨ ਤੇ ਬਾਹਰੋਂ ਆਉਣ ਵਾਲੇ ਬਹੁਤ ਆਦਮੀ ਅੰਗਰੇਜ਼ ਹੀ ਸਨ। ਪਾਤਸ਼ਾਹੀ ਤੋਂ ਤੰਗ ਆ ਕੇ ਇਹ ਲੋਕ ਆਪਣੇ ਦੇਸ ਨੂੰ ਛੱਡ ਕੇ ਅਮਰੀਕਾ ਆ ਵੱਸੇ ਸਨ। ਇਨ੍ਹਾਂ ਵਿਚ ਇੱਕ ਸੈਮੂਅਲ ਲਿੰਕਨ ਵੀ ਸੀ। ਜਿਨ੍ਹੀਂ ਦਿਨੀਂ ਅਮਰੀਕਾ ਇੰਗਲੈਂਡ ਦੇ ਅਧੀਨ

ਸੀ, ਉੱਥੋਂ ਦੀ ਪਾਰਲੀਮੈਂਟ ਨੇ ਅਮਰੀਕਾ ਵਾਲਿਆਂ ਉਤੇ ਵੀ ਲੜਾਈ ਆਦਿ ਦਾ ਟੈਕਸ ਲਾਇਆ। ਉਸ ਪਾਰਲੀਮੈਂਟ ਵਿਚ ਅਮਰੀਕਾ ਵਾਲਿਆਂ ਦਾ ਉੱਥੇ ਕੋਈ ਪ੍ਰਤੀਨਿਧ* ਨਹੀਂ ਸੀ ਤੇ ਉਸ ਦੇ ਟੈਕਸ ਅਗੇ ਝੁਕਣ ਤੋਂ ਇਨ੍ਹਾਂ ਨਾਂਹ ਕਰ ਦਿੱਤੀ । ੪ ਜੁਲਾਈ, ੧੭੭੬ ਨੂੰ ਇਨ੍ਹਾਂ ਨੇ ਪੂਰਨ ਸੁਤੰਤਰਤਾ ਦਾ ਝੰਡਾ ਗਡ ਦਿੱਤਾ । ਇਹ ਦਿਨ ਅਜੇ ਤਕ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਉਸ ਦਿਨ ਤੋਂ ਪਿੱਛੋਂ ਸਤ ਸਾਲ ਲੜਾਈ ਹੁੰਦੀ ਰਹੀ ਤੇ ਇਹ ਆਜ਼ਾਦੀ ਦਾ ਜੰਗ ਜਾਰਜ ਵਾਸ਼ਿੰਗਟਨ ਦੀ ਜਥੇਦਾਰੀ ਵਿਚ ਹੋਇਆ। ਇਸ ਲੜਾਈ ਵਿਚ ਇਬਰਾਹਮ ਦਾ ਪੜਦਾਦਾ ਸਿਪਾਹੀ ਸੀ। ਅੰਤ ਨੂੰ ਅਮਰੀਕਾ ਜਿੱਤ ਗਿਆ। ਲੜਾਈ ਮੁਕ ਜਾਣ ਤੇ ਖੋਜੀਆਂ ਨੇ ਆਪਣੇ ਸੁਖ ਲਈ ਵਸੇਂ ਦੇ ਥਾਂ ਲਭਣੇ ਸ਼ੁਰੂ ਕੀਤੇ। ਇਸ ਦੌਰਾਨ ਵਿਚ ਇਨ੍ਹਾਂ ਦੀਆਂ ਉੱਥੋਂ ਦੇ ਅਸਲੀ ਵਸਨੀਕਾਂ ਨਾਲ ਲੜਾਈਆਂ ਵੀ ਹੁੰਦੀਆਂ ਰਹਿੰਦੀਆਂ ਸਨ।

ਇਬਰਾਹਮ ਦਾ ਪਿਉ ਟਾਮਸ ਲਿੰਕਨ ਵੀ ਕਿਸੇ ਚੰਗੀ ਥਾਂ ਦੀ ਭਾਲ ਵਿਚ ਕਈ ਥਾਈਂ ਖੱਜਲ ਖ਼ੁਆਰ ਹੋਇਆ। ਇਸ ਦੀ ਮਾਤਾ ਨੈਨਸੀ ਪਤੀ ਨਾਲੋਂ ਬਹੁਤ ਉੱਤਮ ਆਚਰਨ ਵਾਲੀ ਤੀਵੀਂ ਸੀ। ਪੜ੍ਹੀ ਹੋਈ ਤੇ ਮਿੱਠੇ ਸੁਭਾ ਵਾਲੀ ਚਨਾਨੀ ਨੇ ਟਾਮਸ ਨੂੰ ਵੀ ਦਸਖ਼ਤ ਕਰਨੇ ਸਿਖਾਏ ਤੇ ਪੁੱਤਰ ਨੂੰ ਵੀ ਪਹਿਲਾਂ ਆਪ ਹੀ ਸਬਕ ਦਿੱਤੇ। ਇਸ ਦੀ ਪਲੇਠੀ ਦੀ* ਇਕ ਕੁੜੀ ਸੈਰਾ ਸੀ। ੧੨ ਫ਼ਰਵਰੀ, ਸੰਨ ੧੮੦੭ ਨੂੰ ਅਲੇਜ਼ਬਿਥ ਸ਼ਹਿਰ ਦੇ ਕੋਲ ਇੱਕ ਲਕੜੀ ਦੀ ਭੈੜੀ ਜੇਹੀ ਝੁੱਗੀ ਵਿਚ ਇਬਰਾਹਮ ਲਿੰਕਨ ਨੇ ਜਨਮ ਲਿਆ। ਉਸੇ ਵਿਚ ਚੁੱਲ੍ਹਾ, ਭਾਂਡੇ, ਮੰਜੇ, ਘਾਹ ਫੂਸ ਆਦਿ ਰਖਿਆ ਹੁੰਦਾ ਸੀ । ਇਹੋ ਇੱਕ ਝੁੱਗੀ ਉਸ ਦੇ ਪਿਉ ਦੀ ਵੱਸੋਂ ਦੀ ਥਾਂ ਸੀ। ਦੋਵੇਂ ਭੈਣ ਭਰਾ ਰਾਤ ਨੂੰ ਇੱਕ ਮਾੜੇ ਜੇਹੇ ਪੜਸਾਂਗ ਦੀ ਰਾਹੀਂ ਪੜਛੱਤੀ ਉਤੇ ਚੜ੍ਹ ਜਾਂਦੇ ਸਨ ਤੇ ਉੱਥੇ ਇੱਕ ਸੁੱਕੇ ਪਤੰਗ ਦੇ ਵਿਛੌਣੇ ਉੱਤੇ ਪਾਲੇ ਤੋਂ ਬਚਣ ਲਈ ਇਕਠੇ ਹਰਨ ਦੀ ਖੱਲ ਉੱਪਰ ਲੈ ਕੇ ਸੌਂ ਰਹਿੰਦੇ ਸਨ । ਛੱਤ ਦੀਆਂ ਝੀਥਾਂ

ਵਿਚ ਦੀ ਕਦੀ ਕਦੀ ਤਾਰੇ ਵੀ ਗਿਣਨ ਲਗ ਪੈਂਦੇ ਸਨ। ਉਨ੍ਹਾਂ ਦੇ ਘਰ ਕੋਈ ਪਰਾਹੁਣਾ ਵੀ ਨਹੀਂ ਸੀ ਵੜਦਾ ਤੇ ਮਿਲਣ ਗਿਲਣ ਲਈ ਯਾਰ ਦੋਸਤ ਵੀ ਘਟ ਈ ਸਨ। ਜੇ ਕੋਈ ਹੈਸਨ, ਤਾਂ ਉਹ ਵੀ ਏਨ੍ਹਾਂ ਹਾਰ ਏਧਰ, ਓਧਰ ਆਪਣੀ ਵਖੋ ਵਖਰੀ ਟੱਪਰੀ* ਪਾਈ ਬੈਠੇ ਸਨ।

ਪਹਿਲੇ ਸਤ ਵਰ੍ਹੇ ਇਬਰਾਹਮ ਦੇ ਮਾਪਿਆਂ ਨੇ ਆਪਣੇ ਟੱਬਰ ਨਾਲ ਇਥੇ ਹੀ ਔਖੇ ਸੌਖੇ ਦਿਨ ਕਟੇ। ਹੁਣ ਇਬਰਾਹਮ ਵੀ ਹੱਥ ਵਟੌਣ ਲਗ ਪਿਆ ਸੀ। ਲਕੜਾਂ, ਬਾਲਣ ਕੱਠਾ ਕਰ ਕੇ ਲਿਆਉਂਦਾ ਤੇ ਮਾਂ ਪਿਉ ਦੋਹਾਂ ਨੂੰ ਸਹਾਰਾ ਦਿੰਦਾ। ਪਿਉ ਗ਼ਰੀਬੀ ਨੂੰ ਮਹਿਸੂਸ ਕਰਦਾ ਸੀ। ਆਖ਼ਰ ਉਸ ਨੇ ਓਹ ਥਾਂ ਛੱਡ ਕੇ ਉਸੇ ਦਰਿਆ ਦੇ ਪਾਰ ਕੁਝ ਜ਼ਰਖੇਜ਼ ਭੁਇੰ ਖ਼ਰੀਦ ਲਈ। ਪਿਛਲੀ ਥਾਂ ਵੇਚ ਵਟਾ ਦਿੱਤੀ ਤੇ ਇੱਥੇ ਆਣ ਕੇ ਡੇਰੇ ਲਾਏ। ਇੱਕ ਝੁੱਗੀ ਰਹਿਣ ਲਈ ਬਣਾ ਲਈ ਸੀ। ਵਰ੍ਹਾ ਹੀ ਲੰਘਿਆ ਸੀ ਕਿ ਇੱਕ ਵਬਾ ਪੈ ਗਈ ਤੇ ਮਾਂ ਵਿਚਾਰੀ ਲਿੰਕਨ ਨੂੰ ਬੜਾ ਉਦਾਸ ਛੱਡ ਕੇ ਮਰ ਗਈ। ਉਸ ਦੇ ਪਿਤਾ ਟਾਮਸ ਨੇ ਹੋਰ ਵਿਆਹ ਕਰ ਲਿਆ। ਇਸ ਤੀਵੀਂ ਦਾ ਨਾਉਂ ਸ਼ੈਲੀਬੁਸ਼ ਸੀ ਤੇ ਇਹ ਵਿਧਵਾ ਅਗੇ ਈ ਤਿੰਨ ਬਾਲਾਂ ਦੀ ਮਾਂ ਸੀ। ਇਬਰਾਹਮ, ਜਿਸ ਨੂੰ ਨਿੱਕੇ ਨਾਮ ਨਾਲ 'ਐਬੇ' ਕਰਕੇ ਸਦਦੇ ਸਨ, ਮੱਤਰੇਈ ਮਾਂ ਦੀ ਬਹੁਤ ਆਗਿਆ ਪਾਲਣ ਕਰਿਆ ਕਰਦਾ ਸੀ ਤੇ ਉਸ ਨੇ ਉਹਨੂੰ ਇਸ ਤਰ੍ਹਾਂ ਮੋਹ ਲਿਆ ਸੀ। ਉਹ ਵੀ ਉਸ ਨਾਲ ਬੜਾ ਸਨੇਹ ਰਖਦੀ ਸੀ। ਇਸੇ ਸਮੇਂ ਵਿਚ ਐਬੇ ਥੋੜ੍ਹਾ ਬਹੁਤ ਪੜ੍ਹਨ ਵੀ ਲਗ ਪਿਆ ਸੀ। ਸਕੂਲ ਤਾਂ ਨਹੀਂ ਸੀ ਗਿਆ ਪਰ ਮਾਂ ਦੀ ਪਰੇਰਨਾ ਨਾਲ ਤੇ ਕੁਝ ਤੈਥੋਂ ਪੁਛ ਤੇ ਕੁਝ ਮੈਥੋਂ ਪੁਛ ਕੇ ਉਸ ਨੇ ਆਪਣੇ ਵਿਚ ਵਿਦਿਆ ਲੈਣ ਦਾ ਸ਼ੌਕ ਪੈਦਾ ਕਰ ਲਿਆ ਸੀ। ਕਈ ਵਾਰੀ ਬੈਠਾ ਬੈਠਾ ਉਹ ਲਕੜੀ ਦੇ ਬੇਲਚੇ ਉੱਤੇ ਸਵਾਲ ਕਢਦਾ ਤੇ ਕੋਲੇ ਨਾਲ ਮੂਰਤਾਂ ਵਾਹੁੰਦਾ ਰਹਿੰਦਾ ਸੀ। ਉਹ ਜੀਵਾਂ ਨਾਲ ਬੜਾ ਪਿਆਰ ਕਰਦਾ ਤੇ ਉਹਨਾਂ ਉਤੇ ਸਦਾ ਦਇਆ ਰਖਦਾ ਸੀ। ਉਹ ਸ਼ਿਕਾਰ ਨੂੰ ਵੀ ਜ਼ੁਲਮ ਸਮਝਦਾ ਸੀ।

ਇੱਕ ਵਾਰੀ ਇੱਕ ਚੂਹਾ ਇੱਕ ਪਹਾੜੀ ਦੀ ਤਰੇੜ ਵਿਚ ਫਸ ਗਿਆ। ਲਿੰਕਨ ਤੇ ਉਸ ਦੇ ਸਾਥੀ ਨੇ ਬੜਾ ਜ਼ੋਰ ਲਾਇਆ, ਪਰ ਨਾ ਹੀ ਕਢ ਸਕੇ। ਆਖ਼ਰ ਲਿੰਕਨ ਇੱਕ ਮੀਲ ਤੋਂ ਨੱਠਾ ਨੱਠਾ ਆਇਆ ਤੇ ਲੁਹਾਰ ਕੋਲੋਂ ਇੱਕ ਭਾਲਾ ਲੈ ਕੇ ਚੂਹੇ ਦੀ ਖ਼ਲਾਸੀ ਕਰ ਕੇ ਦਮ ਲਿਆ। ਇਸ ਕੰਮ ਵਿਚ ਉਸ ਨੂੰ ਕੋਈ ਤਿੰਨ ਘੰਟੇ ਲਗੇ।

ਇਬਰਾਹਮ ਕੱਦ ਵਿਚ ਸਾਢੇ ਛੀ ਫ਼ੁੱਟ ਲੰਮਾ ਜੁਆਨ ਸੀ। ਤਕੜੇ ਹੌਂਸਲੇ ਵਾਲਾ, ਪੱਕੇ ਇਰਾਦੇ ਵਾਲਾ ਤੇ ਕਸ਼ਟ ਸਹਿਣ ਵਾਲਾ। ਉਹ ੧੯ ਵਰ੍ਹੇ ਤਕ ਉੱਕਾ ਘਰੋਂ ਬਾਹਰ ਨਾ ਨਿਕਲਿਆ। ਇਕ ਵਾਰੀ ਇੱਕ ਤਕੜੇ ਜ਼ਿਮੀਂਦਾਰ ਦਾ ਮਾਲ ਵੇਚਣ ਵਾਸਤੇ ਐਬੇ ਨੂੰ ਬਾਹਰ ਜਾਣ ਦਾ ਮੌਕਾ ਮਿਲਿਆ। ਥੋੜ੍ਹੇ ਚਿਰ ਦਾ ਹੀ ਕੰਮ ਸੀ, ਪਰਤ ਆਇਆ। ਦੋ ਵਰ੍ਹੇ ਹੋਰ ਉਥੇ ਹੀ ਰਿਹਾ। ੨੧ ਵਰ੍ਹੇ ਦੀ ਉਮਰ ਵਿਚ ਉਹ ਇਲੀਨਾਇਸ ਆ ਗਿਆ। ਪਿਉ ਦੇ ਨਾਲ ਲਗ ਕੇ ਮਕਾਨ ਬਣਾਇਆ। ੧੫ ਘੁਮਾਂ ਜ਼ਮੀਨ ਹਲ ਵਾਹ ਕੇ ਤਿਆਰ ਕੀਤੀ ਤੇ ਆਲੇ ਦੁਆਲੇ ਇਕੱਲੇ ਨੇ ਮੋੜ੍ਹੀਆਂ ਵੱਢ ਵੱਢ ਕੇ ਉੱਚੀ ਸਾਰੀ ਵਾੜ ਬਣਾ ਦਿੱਤੀ।

ਅਮਰੀਕਾ ਦਾ ਪ੍ਰਧਾਨ ਬਣਨ ਤਕ ਲਿੰਕਨ ਇਲੀਨਾਇਸ ਵਿਚ ਹੀ ਰਿਹਾ। ਪਹਿਲਾਂ ਇੱਕ ਔਫ਼ਟ ਨਾਮੇ ਸੌਦਾਗਰ ਦੀ ਨੌਕਰੀ ਕੀਤੀ। ਸਹਿਜੇ ਸਹਿਜੇ ਇਕ ਬਿਓਪਾਰਕ ਬੇੜੇ ਦੀ ਸੰਭਾਲ ਵੀ ਇਸ ਦੇ ਸਪੁਰਦ ਹੋ ਗਈ। ਸਫ਼ਰ ਦੀ ਨੌਕਰੀ ਸੀ, ਪਰ ਲਿੰਕਨ ਨੇ ਬੜੀ ਮਿਹਨਤ ਤੇ ਈਮਾਨਦਾਰੀ ਨਾਲ ਸੇਵਾ ਕੀਤੀ। ਇਸੇ ਸਫ਼ਰ ਵਿਚ ਲਿੰਕਨ ਨੇ ਪਹਿਲੀ ਵਾਰੀ ਆਪਣੀ ਅੱਖੀਂ ਗ਼ੁਲਾਮਾਂ ਦੀ ਦਸ਼ਾ ਵੇਖੀ। ਹਬਸ਼ੀਆਂ ਨੂੰ ਇਕੱਠਿਆਂ ਜ਼ੰਜੀਰਾਂ ਵਿਚ ਜਕੜੇ ਹੋਏ ਵਿਕਦਿਆਂ ਵੇਖਿਆ। ਥੰਮ੍ਹਾਂ ਨਾਲ ਬੰਨ੍ਹ ਕੇ ਉਹਨਾਂ ਉੱਤੇ ਮਾਰ ਪੈਂਦੀ ਵੀ ਦੇਖੀ, ਇੱਥੋਂ ਤਕ ਕਿ ਉਹਨਾਂ ਦੀਆਂ ਪਿੱਠਾਂ ਵਿਚੋਂ ਉਸ ਨੇ ਅੱਖੀਂ ਲਹੂ ਵਗਦਾ ਵੇਖਿਆ। ਲੋਕਾਂ ਲਈ ਤਾਂ ਇਹ ਮਾਮੂਲੀ ਗੱਲ ਸੀ, ਪਰ ਲਿੰਕਨ ਨੇ ਦਿਲ ਹੀ

ਦਿਲ ਵਿਚ ਬਰਦਾ ਫ਼ਰੋਸ਼ੀ* ਦੀ ਏਹ ਜ਼ੁਲਮੀ ਰਸਮ ਦੂਰ ਕਰਨ ਦੀ ਦ੍ਰਿੜ੍ਹਤਾ* ਕਰ ਲਈ। ਇਸ ਬਿਉਪਾਰ ਦੇ ਕੰਮ ਵਿਚ ਵੀ ਲਿੰਕਨ ਨੂੰ ਕੋਈ ਵੱਡੀ ਸਫ਼ਲਤਾ ਨਾ ਹੋਈ। ਆਖ਼ਰਕਾਰ ਉਹ ਫ਼ੌਜ ਵਿਚ ਭਰਤੀ ਹੋ ਗਿਆ। ਰੈਡ ਇੰਡੀਅਨਾਂ ਨਾਲ ਲੜਾਈ ਵੀ ਲੜੀ, ਪਰ ਫਿਰ ਇਹ ਫ਼ੌਜੀ ਮਹਿਕਮਾ ਵੀ ਛੱਡ ਦਿੱਤਾ।

ਫ਼ੌਜ ਤੋਂ ਜਦ ਉਹ ਪਰਤ ਕੇ ਆਇਆ ਤਾਂ ਇਲੀਨਾਇਸ ਦੀ ਪਾਰਲੀਮੈਂਟ ਦੀ ਚੋਣ ਹੋ ਰਹੀ ਸੀ। ਉਹ ਵੀ ਮੈਂਬਰੀ ਲਈ ਖੜੋ ਗਿਆ ਤੇ ਦਸ ਦਿਨ ਲੈਕਚਰ ਦਿੰਦਾ ਰਿਹਾ। ਉਹ ਚੋਣ ਵਿਚ ਤਾਂ ਨਾ ਆ ਸਕਿਆ ਪਰ ਉਸ ਦੇ ਦੋਸਤ ਬੜੇ ਬਣ ਗਏ ਤੇ ਉਹ ਵੱਡੇ ਲੈਕਚਰਾਰਾਂ ਦੀ ਗਿਣਤੀ ਵਿਚ ਆ ਗਿਆ। ਚੋਣ ਦੇ ਮਗਰੋਂ ਉਸ ਨੇ ਲੁਹਾਰ ਬਣਨ ਦੀ ਸਲਾਹ ਕੀਤੀ। ਇੱਕ ਆਦਮੀ ਨਾਲ ਭਾਈਵਾਲੀ ਪਾਈ। ਸਾਥੀ ਇਤਨਾ ਲਾ-ਪਰਵਾਹ ਸੀ ਕਿ ਦੋਵੇਂ ਕਰਜ਼ਾਈ ਹੋ ਗਏ। ਸਾਥੀ ਕੁਝ ਚਿਰ ਪਿਛੋਂ ਮਰ ਗਿਆ, ਦੁਕਾਨ ਬੰਦ ਹੋ ਗਈ ਤੇ ਸਾਰਾ ਕਰਜ਼ਾ ਲਿੰਕਨ ਦੇ ਸਿਰ ਪੈ ਗਿਆ। ਹੁਣ ਲਿੰਕਨ ਨੂੰ ਨਯੂਸਲੀਮ ਦਾ ਪੋਸਟ ਮਾਸਟਰ ਬਣਾਇਆ ਗਿਆ। ਕੰਮ ਕਾਜ ਥੋੜ੍ਹਾ ਸੀ। ਇਸ ਸਮੇਂ ਵਿਚ ਉਸ ਨੇ ਇਤਿਹਾਸ ਤੇ ਅਖ਼ਬਾਰਾਂ ਰੱਜ ਕੇ ਪੜ੍ਹੀਆਂ। ਫਿਰ ਸਰਵੇਅਰ ਵੀ ਬਣਿਆ ਰਿਹਾ। ਇਸ ਤਰ੍ਹਾਂ ਉਸ ਦੀ ਹਾਲਤ ਕੁਝ ਅੱਛੀ ਹੋਈ।

ਸਫ਼ਲਤਾ ਸਹਿਜੇ ਈ ਹੱਥ ਨਹੀਂ ਆ ਜਾਂਦੀ। ਲਿੰਕਨ ਦਾ ਰਾਹ ਬੜਾ ਬਿਖੜਾ ਤੇ ਪਹਾੜ ਦੀਆਂ ਘਾਟੀਆਂ ਨਾਲੋਂ ਘੱਟ ਕਠਨ ਨਹੀਂ ਸੀ। ਤੁਹਾਨੂੰ ਹੁਣ ਪਤਾ ਲਗ ਗਿਆ ਹੈ ਕਿ ਉਹ ਕਿਹੜੀਆਂ ਔਕੜਾਂ ਵਿਚ ਪਲਿਆ ਤੇ ਉਹ ਸਾਰੀ ਵਿਦਿਆ ਕਿਵੇਂ ਪੜ੍ਹਿਆ ਤੇ ਗੁੜ੍ਹਿਆ, ਤੇ ਜੋ ਕੁਝ ਉਸ ਦੇ ਕੋਲ ਸੀ ਉਸ ਨੇ ਉਹ ਕਿਸ ਤਰ੍ਹਾਂ ਜੋੜਿਆ। ਜਿਸ ਤਰ੍ਹਾਂ ਪਹਿਲਾਂ ੨ ਉਸ ਨੂੰ ਆਪਣੀ ਰੋਜ਼ੀ ਕਮਾਣ ਵਿਚ ਸਫ਼ਲਤਾ ਨਹੀਂ ਸੀ ਹੋਈ, ਉਸੇ ਤਰ੍ਹਾਂ ਪਾਰਲੀਮਿੰਟ ਦੀ ਚੋਣ ਵਿਚ ਵੀ ਉਸ ਦਾ ਹਾਲ ਹੋਇਆ, ਪਰ ਇਨ੍ਹਾਂ ਗੱਲਾਂ ਤੋਂ ਉਹ ਜ਼ਰਾ ਵੀ ਨਿਰਾਸ

ਨਾ ਹੋਇਆ । ਲੋਕੀ ਤਰੱਕੀ ਕਰ ਚੁਕੇ ਸਨ ਤੇ ਉਸ ਨੇ ਅਜੇ ਕਰਨੀ ਸੀ । ਉਸ ਨੂੰ ਇਹ ਨਿਸਚਾ ਸੀ ਕਿ ਸਿਖਰ* ਤੇ ਬੜੀ ਥਾਂ ਹੁੰਦੀ ਹੈ ਅਤੇ ਉਹ ਸਿਖਰ ਤੇ ਪੁਜਣਾ ਚਾਹੁੰਦਾ ਸੀ । ਇੱਕ ਦਿਆਨਤਦਾਰ ਤੇ ਹਿੰਮਤੀ ਮਨੁੱਖ ਲਈ ਜੋਹੜਾ ਆਪਣੇ ਲਈ ਸੋਚ ਵਿਚਾਰ ਕਰ ਸਕਦਾ ਹੈ ਤੇ ਜਿਸ ਨੂੰ ਆਪਣੇ ਉਤੇ ਭਰੋਸਾ ਹੈ, ਹਰ ਵੇਲੇ ਥਾਉਂ ਹੁੰਦੀ ਹੈ । ਜਿਹੜਾ ਪੁਰਸ਼ ਸੱਚੇ ਦਿਲ ਨਾਲ ਆਪਣੇ ਦੇਸ਼ ਦੀ ਸੇਵਾ ਕਰਨੀ ਚਾਹੁੰਦਾ ਹੈ, ਦੁਨੀਆਂ ਦੀ ਕੋਈ ਤਾਕਤ ਉਸ ਦੇ ਰਾਹ ਵਿਚ ਰੋੜਾ ਨਹੀਂ ਅਟਕਾ ਸਕਦੀ । ਲਿੰਕਨ ਨੂੰ ਪਤਾ ਲਗ ਗਿਆ ਸੀ ਕਿ ਦੇਸ-ਸੇਵਾ ਦੀ ਪਹਿਲੀ ਪਉੜੀ ਚੰਗਾ ਤਕੜਾ ਕੰਮ ਕਰਨ ਵਾਲਾ, ਸੱਚਾ ਦੋਸਤ ਤੇ ਆਪਣੇ ਸ਼ਹਿਰ ਦਾ ਚੰਗਾ ਸ਼ਹਿਰੀ ਬਣਨਾ ਹੈ ।

ਹੁਣ ਜਦ ਦੂਜੀ ਵਾਰ ਚੋਣ ਦਾ ਵੇਲਾ ਆਇਆ ਤਾਂ ਉਹ ਫਿਰ ਮੈਂਬਰੀ ਲਈ ਖਲੋਤਾ ਤੇ ਇਸ ਵਾਰੀ ਉਹ ਮੈਂਬਰ ਬਣ ਗਿਆ । ਦੋ ਵਰ੍ਹਿਆਂ ਮਗਰੋਂ ਜਦ ਉਸ ਦੀ ਮਿਆਦ ਪੂਰੀ ਹੋ ਗਈ ਤਾਂ ਉਹ ਫੇਰ ਮੈਂਬਰ ਚੁਣਿਆ ਗਿਆ । ਉਹ ਅੱਠ ਵਰ੍ਹੇ ਇਲੀਨਾਇਸ ਦੀ ਪਾਰਲੀਮੈਂਟ ਦਾ ਮੈਂਬਰ ਰਿਹਾ । ਏਸ ਦੇ ਮਗਰੋਂ ਚਾਰ ਵਰ੍ਹੇ ਉਸ ਨੇ ਕੋਈ ਰਾਜ਼ਸੀ ਕੰਮ ਨਾ ਕੀਤਾ । ਉਹ ਫੇਰ ਅਮਰੀਕਾ ਦੀ ਪਾਰਲੀਮੈਂਟ ਵਿਚ ਆਪਣੇ ਸੂਬੇ ਵਲੋਂ ਪ੍ਰਤੀਨਿਧ ਚੁਣਿਆ ਗਿਆ । ਇਸੇ ਸਮੇਂ ਵਿਚ ਉਹ ਯਾਰਾਂ ਮਿਤਰਾਂ ਨਾਲ ਰਲ ਕੇ ਗ਼ੁਲਾਮਾਂ ਦੇ ਵਪਾਰ ਦੇ ਵਿਰੁੱਧ ਤਾਕਤ ਬਣਾਂਦਾ ਰਿਹਾ । ਪਾਰਲੀਮੈਂਟ ਦਾ ਮੈਂਬਰ ਉਹ ੧੮੪੫ ਤੋਂ ੧੮੪੯ ਤਕ ਰਿਹਾ । ੧੮੪੯ ਵਿਚ ਉਸ ਨੇ ਸਰਕਾਰੀ ਨੌਕਰੀ ਲਈ ਅਰਜ਼ੀ ਦਿੱਤੀ । ਪਤਾ ਨਹੀਂ ਇਹ ਕਿਉਂ ਕੀਤਾ । ਪਰ ਦੇਸ ਦੇ ਚੰਗੇ ਭਾਗਾਂ ਨੂੰ ਉਸ ਨੂੰ ਨੌਕਰੀ ਨਾ ਲੱਭੀ । ੧੮੪੯ ਤੋਂ ੧੮੫੪ ਤਕ ਉਹ ਆਪਣੇ ਘਰ ਸਪ੍ਰਿੰਗ ਫ਼ੀਲਡ ਰਿਹਾ ਤੇ ਇਸ ਅਰਸੇ ਵਿਚ ਉਸ ਨੇ ਵਕਾਲਤ ਪਾਸ ਕੀਤੀ, ਤੇ ਥੋੜ੍ਹੇ ਹੀ ਸਮੇਂ ਵਿਚ ਉਹ ਚੋਟੀ ਦਾ ਵਕੀਲ ਬਣ ਗਿਆ । ਉਹ ਹਮੇਸ਼ਾਂ ਸੱਚੇ ਮੁਕਦਮੇ ਲੜਦਾ ਸੀ ਤੇ ਜੱਜਾਂ ਦੀ ਇਹ ਰਾਏ ਸੀ

ਕਿ ਜਿਸ ਪਾਸੇ ਦਾ ਵੀ ਉਹ ਪੱਖ ਕਰਦਾ ਹੈ, ਉਹ ਜ਼ਰੂਰ ਸੱਚਾ ਹੁੰਦਾ ਹੈ।

ਏਸ ਵੇਲੇ ਅਮਰੀਕਾ ਦੇ ਉੱਤਰ ਵਿਚ ਤਾਂ ਗ਼ੁਲਾਮੀ ਦਾ ਰਵਾਜ ਨਹੀਂ ਸੀ, ਦੱਖਣ ਵਿਚ ਸੀ। ਦੱਖਣ ਵਿਚ ਹੀ ਅਮੀਰਾਂ ਦਾ ਵਾਸਾ ਸੀ। ਉਹਨਾਂ ਨੂੰ ਗ਼ੁਲਾਮ ਰਖਣ ਦਾ ਝੱਸ ਪਿਆ ਹੋਇਆ ਸੀ। ਸੰਨ ੧੮੫੦ ਈ: ਵਿਚ ਇੱਕ ਸਮਝੌਤਾ ਹੋਇਆ, ਜਿਸ ਨੂੰ ਮਸੂਰੀ ਦਾ ਸਮਝੌਤਾ ਆਖਦੇ ਹਨ। ਇਸ ਅਨੁਸਾਰ ਅਮਰੀਕਾ ਦੇ ਨਕਸ਼ੇ ਉੱਤੇ ਇੱਕ ਲੀਕ, ਜਿਸ ਨੂੰ ਮੇਸਨ ਤੇ ਡਿਕਸਨ ਲੀਕ ਆਖਦੇ ਹਨ, ਖਿੱਚੀ ਗਈ। ਇਸ ਦੇ ਉੱਤਰ ਵਲ ਕਦੀ ਗ਼ੁਲਾਮੀ ਨਹੀਂ ਸੀ ਹੋ ਸਕਦੀ। ਦੱਖਣ ਵਲ ਸੀ। ਡੈਮੋਕਰੈਟਿਕ ਪਾਰਟੀ ਦੇ ਲੀਡਰ ਡਗਲਸ ਨੇ ਸੰਨ ੧੮੫੪ ਵਿਚ ਇੱਕ ਕੰਸਾਸ ਨੇਬਰ ਸਾਕਾ ਬਿੱਲ ਪੇਸ਼ ਕੀਤਾ ਜਿਸ ਦਾ ਭਾਵ ਇਹ ਸੀ ਕਿ ਕੰਸਾਸ ਵਾਲੇ ਇਸ ਗੱਲ ਦਾ ਆਪ ਫ਼ੈਸਲਾ ਕਰਨ ਕਿ ਉਹ ਗ਼ੁਲਾਮ ਰਖਣਾ ਚਾਹੁੰਦੇ ਹਨ ਜਾਂ ਨਹੀਂ। ਇਸ ਬਿੱਲ ਦਾ ਸਿੱਟਾ ਇਹ ਨਿਕਲਿਆ ਕਿ ਇਸ ਡੈਮੋਕਰੈਟਿਕ ਪਾਰਟੀ ਦੇ ਵਿਰੁੱਧ ਜਿਹੜੀ ਦੱਖਣ ਵਾਲਿਆਂ ਦੀ ਹਾਮੀ ਸੀ, ਉੱਤਰ ਵਿਚ ਪਹਿਲੀ ਵਾਰ ਇੱਕ ਬੜਾ ਤਕੜਾ ਜੱਥਾ ਬਣ ਗਿਆ ਜਿਸ ਨੇ ਆਪਣਾ ਨਾਉਂ ਰੀਪਬਲੀਕਨ ਰਖਿਆ ਤੇ ਲਿੰਕਨ ਏਸ ਦਾ ਆਗੂ ਬਣਿਆ। ਏਸ ਪਾਰਟੀ ਨੇ ਆਖਿਆ ਕਿ ਕਾਂਗਰਸ ਜੋ ਸਾਰੇ ਅਮਰੀਕਾ ਦੀ ਸਾਂਝੀ ਸਭਾ ਹੈ ਤੇ ਜਿਸ ਵਿਚ ਸਾਰਿਆਂ ਸੂਬਿਆਂ ਦੇ ਪ੍ਰਤੀਨਿਧ ਹਨ, ਉਸ ਨੂੰ ਇਸ ਗੱਲ ਦਾ ਫ਼ੈਸਲਾ ਕਰਨ ਦਾ ਅਖ਼ਤਿਆਰ ਹੈ ਕਿ ਕਿਸੇ ਖ਼ਾਸ ਸੂਬੇ ਵਿਚ ਗ਼ੁਲਾਮੀ ਕਾਨੂੰਨ ਅਨੁਸਾਰ ਠੀਕ ਹੈ ਜਾਂ ਨਹੀਂ। ਨਾਲੇ ਮਸੂਰੀ ਸਮਝੌਤੇ ਅਨੁਸਾਰ ਕੰਸਾਸ ਉੱਤਰ ਵੱਲ ਸੀ। ਉੱਤਰ ਵਾਲੇ ਅਜੇ ਵੀ ਪੱਕੀ ਤਰ੍ਹਾਂ ਜਥੇਬੰਦ ਨਹੀਂ ਸਨ ਤੇ ਪਾਟੇ ਹੋਏ ਸਨ। ਸੰਨ ੧੮੫੬ ਦੀ ਪ੍ਰਧਾਨਗੀ ਦੀ ਚੋਣ ਵਿਚ ਫੇਰ ਦੱਖਣ ਵਾਲਿਆਂ ਦਾ ਆਦਮੀ ਚੁਣਿਆ ਗਿਆ ਤੇ ਜੇਕਰ ਕਿਸੇ ਸਿਆਣੇ ਆਦਮੀ ਨੂੰ ਚੁਣਦੇ ਤੇ ਉੱਤਰ ਵਾਲੇ ਪਾਟੇ ਨਾ ਹੁੰਦੇ ਤਾਂ ਜ਼ਰੂਰ

ਲਿੰਕਨ ਨੇ ਚੁਣਿਆ ਜਾਣਾ ਸੀ । ਚਾਰ ਵਰ੍ਹੇ ਮਗਰੋਂ, ਸੰਨ ੧੮੬੦ ਵਿਚ, ਫੇਰ ਚੋਣ ਹੋਈ ਜੋ ਅਮਰੀਕਾ ਦੇ ਇਤਿਹਾਸ ਵਿਚ ਬੜੀ ਅਹਿਮੀਅਤ ਰਖਦੀ ਸੀ। ਇਸ ਵਾਰੀ ਰੀਪਬਲੀਕਨ ਪਾਰਟੀ ਦਾ ਜ਼ੋਰ ਹੋ ਗਿਆ ਤੇ ਲਿੰਕਨ ਪ੍ਰਧਾਨ ਚੁਣਿਆ ਗਿਆ। ਲਿੰਕਨ ਦੇ ਦੋ ਪ੍ਰਯੋਜਨ* ਸਨ। ਇੱਕ ਤਾਂ ਦੱਖਣ ਵਿਚੋਂ ਗ਼ੁਲਾਮੀ ਉੱਡ ਜਾਵੇ, ਦੂਜੇ ਉੱਤਰ ਤੇ ਦੱਖਣ ਪਾਟਣ ਨਾ, ਇੱਕਠੇ ਰਹਿਣ। ਜਥੇਬੰਦ ਰਹਿਣ। ਇਸੇ ਵਿਚ ਤਾਕਤ ਹੈ। ਨਵੰਬਰ, ੧੮੬੦ ਵਿਚ ਉਹ ਪ੍ਰਧਾਨ ਚੁਣਿਆ ਗਿਆ ਸੀ ਪਰ ਪ੍ਰੈਜ਼ੀਡੰਟੀ ਦੀ ਕੁਰਸੀ ਉੱਤੇ ਉਹ ਫ਼ਰਵਰੀ ਸੰਨ ੧੮੬੧ ਵਿਚ ਬੈਠਾ ਸੀ । ਇਸੇ ਸਮੇਂ ਵਿਚ ਦੱਖਣ ਦੀਆਂ ਕੁਝ ਰਿਆਸਤਾਂ ਅੱਡ ਹੋ ਬੈਠੀਆਂ ਤੇ ਯੂਨੀਅਨ ਦੇ ਦੋ ਡਕ ਕਰ ਦਿੱਤੇ। ਲਿੰਕਨ ਆਖਦਾ ਸੀ ਕਿ "ਹੁਣ ਸਵਾਲ ਇਹ ਹੈ ਕਿ ਕੀ ਇੱਕ ਜਥੇਬੰਦੀ ਵਿਚ ਥੋੜ੍ਹੇ ਜੇਹੇ ਮਨੁੱਖਾਂ ਨੂੰ ਇਹ ਅਧਿਕਾਰ ਹੈ ਕਿ ਜਦ ਉਨ੍ਹਾਂ ਦਾ ਜੀ ਆਵੇ ਵਖਰੇ ਹੋ ਬੈਠਣ।" ਲਿੰਕਨ ਇਸ ਨੂੰ ਕੌਮ ਅਤੇ ਦੇਸ਼ ਲਈ ਬਹੁਤ ਬੁਰਾ ਸਮਝਦਾ ਸੀ ਤੇ ਇਹ ਮਿਸਾਲ ਕਾਇਮ ਨਹੀਂ ਹੋਣ ਦੇਣਾ ਚਾਹੁੰਦਾ ਸੀ। ਅੰਤ ਦੱਖਣ ਵਾਲਿਆਂ ਨੇ ਵਧੀਕੀਆਂ ਕਰ ਕਰ ਕੇ ਸਰਕਾਰੀ ਕਿਲ੍ਹੇ ਮਲ ਲਏ ਤੇ ਲੜਾਈ ਸ਼ੁਰੂ ਕਰ ਦਿੱਤੀ। ਪਹਿਲਾਂ ਪਹਿਲ ਉੱਤਰ ਵਾਲੇ, ਅਰਥਾਤ ਸਰਕਾਰ, ਹਾਰਦੀ ਰਹੀ ਤੇ ਸਭ ਲਿੰਕਨ ਨੂੰ ਗਾਲ੍ਹਾਂ ਦੇਣ ਤੇ ਬੁਰਾ ਭਲਾ ਕਹਿਣ ਲਗੇ, ਪਰ ਲਿੰਕਨ ਜਿੰਨਾ ਦੂਰ-ਅੰਦੇਸ਼* ਕੋਈ ਨਹੀਂ ਸੀ। ਉਹ ਆਪਣੀ ਰਫ਼ਤਾਰ ਤੇ ਧੁਨ ਵਿਚ ਪੱਕਾ ਰਿਹਾ। ਅੰਗਰੇਜ਼ ਤੇ ਫ਼ਰਾਂਸ ਵਾਲੇ ਦੱਖਣੀ ਸਰਕਾਰ ਨੂੰ ਮੰਨਣਾ ਚਾਹੁੰਦੇ ਸਨ ਤੇ ਉਹਨਾਂ ਦੀ ਚਾਲ ਨੂੰ ਬਹੁਤ ਸਲਾਹਿਆ ਨਾ ਗਿਆ। ਉਹ ਕਹਿੰਦੇ ਸਨ, 'ਅਸੀਂ ਗ਼ੁਲਾਮੀ ਨੂੰ ਪਸੰਦ ਨਹੀਂ ਕਰਦੇ, ਪਰ ਸਾਨੂੰ ਤਾਂ ਰੂੰ ਦੀ ਲੋੜ ਹੈ।' ਸੋ ਲੜਾਈ ਹੁੰਦੀ ਰਹੀ। ਘਟਨਾਵਾਂ ਨੇ ਲਿੰਕਨ ਨੂੰ ਮਜਬੂਰ ਕੀਤਾ ਕਿ ਗ਼ੁਲਾਮਾਂ ਦੀ ਬੰਦ-ਖ਼ਲਾਸ* ਦਾ ਏਲਾਨ ਕਰ ਦਿੱਤਾ ਜਾਵੇ। ਉਸ ਨੇ ਏਲਾਨ ਲਿਖ ਕੇ ਜੇਬ ਵਿਚ ਪਾ ਲਿਆ ਤੇ ਵਜ਼ੀਰਾਂ ਦੀ ਇੱਕਤਰਤਾ ਬੁਲਾ ਕੇ ਅਚਨਚੇਤ

ਇਹ ਮਹਾਨ ਏਲਾਨ ਪੜ੍ਹ ਕੇ ਸੁਣਾ ਦਿੱਤਾ। ਉਸ ਨੇ ਮਗਰੋਂ ਕਿਹਾ: "ਜਦ ਤਕ ਮੈਂ ਪ੍ਰੈਜ਼ੀਡੈਂਟ ਹਾਂ ਇਹ ਲੜਾਈ ਸਿਰਫ਼ ਜਥੇਬੰਦੀ ਨੂੰ ਗੰਢਣ ਲਈ ਜਾਰੀ ਰਹੇਗੀ। ਏਸ ਬਗ਼ਾਵਤ ਨੂੰ ਆਜ਼ਾਦੀ ਦੀ ਪਾਲਿਸੀ ਤੋਂ ਬਿਨਾਂ ਕੋਈ ਮਨੁੱਖੀ ਬਲ ਨਹੀਂ ਦਬਾ ਸਕਦਾ।" ਗ਼ੁਲਾਮਾਂ ਦੀ ਆਜ਼ਾਦੀ ਦਾ ਏਲਾਨ ਹੋਣ ਨਾਲ ਯੂਰਪ ਵਾਲੇ ਉੱਤਰ ਨਾਲ ਹਮਦਰਦੀ ਕਰਨ ਲਗ ਪਏ ਤੇ ਦੱਖਣ ਦੀ ਮਦਦ ਬੰਦ ਕਰ ਦਿੱਤੀ। ਉੱਤਰ ਵਾਲਿਆਂ ਦੀਆਂ ਜਿੱਤਾਂ ਅਰੰਭ ਹੋ ਗਈਆਂ। ਸੰਨ ੧੮੬੪ ਵਿਚ ਬਹੁਤ ਜਿੱਤਾਂ ਹੋਈਆਂ। ਓਦੋਂ ਹੀ ਪ੍ਰਧਾਨਗੀ ਦੀ ਦੂਜੀ ਚੋਣ ਵੀ ਹੋਈ ਤਾਂ ਰੀਪਬਲੀਕਨ ਪਾਰਟੀ ਨੇ ਸਰਬ-ਸੰਮਤੀ ਨਾਲ ਉਸ ਨੂੰ ਖੜਾ ਕੀਤਾ। ਏਸ ਵੇਲੇ ਲਿੰਕਨ ਨੇ ਕਿਹਾ:—"ਲੋਕਾਂ ਨੇ ਮੈਨੂੰ ਦੂਜੀ ਵਾਰੀ ਏਸ ਲਈ ਨਹੀਂ ਚੁਣਿਆ ਕਿ ਮੈਂ ਅਮਰੀਕਾ ਵਿਚ ਸਭ ਤੋਂ ਵੱਡਾ ਜਾਂ ਸਿਆਣਾ ਆਦਮੀ ਹਾਂ, ਪਰ ਓਹਨਾਂ ਮੈਨੂੰ ਏਸ ਖ਼ਿਆਲ ਨਾਲ ਚੁਣਿਆ ਹੈ ਕਿ ਦਰਿਆ ਲੰਘਣ ਵੇਲੇ ਘੋੜੇ ਨਹੀਂ ਬਦਲਣੇ ਚਾਹੀਦੇ; ਪਰ ਨਾਲ ਹੀ ਓਨ੍ਹਾਂ ਇਹ ਵੀ ਸਮਝ ਲਿਆ ਹੈ ਕਿ ਮੈਂ ਕੋਈ ਅਜੇਹਾ ਨਕਾਰਾ ਘੋੜਾ ਵੀ ਨਹੀਂ ਕਿ ਭਾਰ ਨਾ ਚੁਕ ਸਕਾਂ। ਹੋ ਸਕਦਾ ਹੈ ਕਿ ਵਟਾ ਸਟਾ ਕਰਦਿਆਂ ਉਹਨਾਂ ਨੂੰ ਕੋਈ ਮੇਰੇ ਨਾਲੋਂ ਵੀ ਮਾੜਾ ਘੋੜਾ ਮਿਲ ਜਾਏ।" ਇਸ ਵਾਰੀ ੨੩੩ ਵੋਟਾਂ ਵਿਚੋਂ ੨੧੨ ਲਿੰਕਨ ਨੂੰ ਪਈਆਂ। ਸੰਨ ੧੮੬੫, ੯ ਅਪਰੈਲ ਨੂੰ ਦੱਖਣੀਆਂ ਦੇ ਜਰਨੈਲ ਨੇ ਹਥਿਆਰ ਰਖ ਦਿੱਤੇ ਤੇ ਪੂਰਨ ਫ਼ਤਹਿ ਹੋ ਗਈ। ਜਦ ੩ ਅਪਰੈਲ ਨੂੰ ਲਿੰਕਨ ਲੜਾਈ ਦੇ ਮੈਦਾਨ ਵਲ ਗਿਆ ਤਾਂ ਹਬਸ਼ੀ ਗ਼ੁਲਾਮ, ਜਿਧਰੋਂ ਉਹ ਲੰਘਦਾ ਸੀ, ਉਸ ਨੂੰ ਆਪਣਾ ਬੰਦੀ-ਛੋੜ* ਸਮਝ ਕੇ ਸਲਾਮਾਂ ਕਰਦੇ ਸਨ, ਤੇ ਗੋਡਿਆਂ ਭਾਰ ਖਲੋ ਕੇ ਉਸ ਦੇ ਗੋਡਿਆਂ ਨੂੰ ਜਫੀਆਂ ਪਾਂਦੇ ਤੇ ਆਖਦੇ ਸਨ:—"ਹੇ ਲਿੰਕਨ ਮਹਾਰਾਜ ਜੀ! ਵਾਹਿਗੁਰੂ ਤੁਹਾਨੂੰ ਸੁਖੀ ਰਖੇ ਤੇ ਤੁਹਾਡਾ ਵਾਧਾ ਕਰੇ।"

੧੪ ਅਪਰੈਲ ਨੂੰ ਗੁਡ-ਫ਼ਰਾਈ-ਡੇ ਸੀ, ਤੇ ਉੱਤਰ ਵਾਲਿਆਂ ਲਈ

ਇਹ ਦਿਨ ਬੜੇ ਸ਼ੁਕਰ ਦਾ ਸੀ। ਸਵੇਰੇ ਲਿੰਕਨ ਨੇ ਕਮੇਟੀ ਕੀਤੀ। ਦੋਹਾਂ ਅੱਡ ੨ ਹੋਇਆਂ ਹਿੱਸਿਆਂ ਨੂੰ ਜੋੜਨ ਤੇ ਵਿਚਾਰ ਕਰਨੀ ਸੀ। ਕੁਝ ਮੈਂਬਰ ਦੱਖਣ ਤੋਂ ਬਦਲਾ ਲੈਣਾ ਚਾਹੁੰਦੇ ਸਨ ਤੇ ਸਲਾਹ ਸੀ ਕਿ ਉਹਨਾਂ ਦੇ ਲੀਡਰਾਂ ਨੂੰ ਕਤਲ ਕੀਤਾ ਜਾਵੇ। ਲਿੰਕਨ ਇਸ ਦੇ ਵਿਰੁਧ ਸੀ। ਉਸ ਨੇ ਕਿਹਾ ਜੇ ਤੁਸੀਂ ਮੇਲ ਤੇ ਸੁਲਾਹ ਸਫ਼ਾਈ ਚਾਹੁੰਦੇ ਹੋ ਤਾਂ ਤੁਸੀਂ ਕਰੋਧ ਨੂੰ ਛੱਡ ਦਿਓ। ਅਸੀਂ ਇਕ ਦੂਜੇ ਦੇ ਵੈਰੀ ਨਹੀਂ ਹਾਂ, ਅਸੀਂ ਇੱਕ ਹਾਂ ਅਤੇ ਭੁਲੇ ਤੇ ਵਿਛੜੇ ਵੀਰਾਂ ਨੂੰ ਮੇਲਣਾ ਸਾਡਾ ਧਰਮ ਹੈ। ਕਮੇਟੀ ਦੇ ਪਿੱਛੋਂ ਉਹ ਆਪਣੇ ਪੁੱਤਰ ਨਾਲ ਗੱਲ ਬਾਤ ਕਰਦਾ ਰਿਹਾ। ਘਰ ਗਿਆ। ਉਸ ਨੂੰ ਥੀਏਟਰ ਦਾ ਸ਼ੌਕ ਸੀ। ਉਸ ਰਾਤ ਖ਼ਾਸ ਤੌਰ ਉਤੇ ਇੱਕ ਖੇਲ ਦਾ ਬੰਦੋਬਸਤ ਕੀਤਾ ਗਿਆ ਸੀ, ਜਿਸ ਦਾ ਨਾਂ ਸੀ 'ਆਵਰ ਅਮਰੀਕਨ ਕਜ਼ਨ' (ਸਾਡੇ ਅਮਰੀਕਾ ਵਾਸੀ ਭਰਾ) ਵਹੁਟੀ ਨੂੰ ਨਾਲ ਲੈ ਕੇ ਉਹ ਥੀਏਟਰ ਵੇਖਣ ਗਿਆ। ਤਮਾਸ਼ੇ ਦੇ ਦੂਜੇ ਅੱਧ ਵਿਚ ਇੱਕ ਆਦਮੀ ਨੇ ਅਚਨਚੇਤ ਉਸ ਦੇ ਸਿਰ ਵਿਚ ਪਸਤੌਲ ਨਾਲ ਗੋਲੀ ਮਾਰੀ ਤੇ ਕੂਕ ਕੇ ਬੋਲਿਆ "ਦੱਖਣ ਦਾ ਬਦਲਾ ਲੈ ਲਿਆ ਹੈ।" ਮੁੜ ਉਹ ਆਦਮੀ ਨਾ ਲੱਭਾ। ਸਵੇਰੇ ਸੱਤ ਕੁ ਵਜੇ ਲਿੰਕਨ ਨੇ ਪ੍ਰਾਣ ਦੇ ਦਿੱਤੇ।

ਲਿੰਕਨ ਨਾ ਕੇਵਲ ਬੇਮਿਸਾਲ ਦੇਸ-ਭਗਤ ਸੀ ਸਗੋਂ ਰੱਬ ਨੇ ਉਸ ਨੂੰ ਸਦਾ ਅਮਰ ਰਹਿਣ ਵਾਲਾ ਸ਼ਹੀਦ ਵੀ ਬਣਾ ਦਿੱਤਾ। ਪ੍ਰਧਾਨ ਬਣ ਕੇ ਵੀ ਉਸ ਨੇ ਸਾਦਗੀ ਨਹੀਂ ਸੀ ਛੱਡੀ। ਲੋਕੀ ਓਵਰ ਕੋਟ ਪਾਇਆ ਕਰਦੇ ਸਨ, ਪਰ ਓਹ ਕੰਬਲ ਦੀ ਬੁੱਕਲ ਹੀ ਮਾਰਦਾ ਸੀ। ਸਦਾ ਢਿਲੇ ਜਿਹੇ ਕਪੜੇ ਪਾਂਦਾ ਸੀ। ਸੱਚਾਈ, ਇਰਾਦੇ ਦੀ ਪਕਿਆਈ ਤੇ ਨਿਸ਼ਕਾਮਤਾ ਲਿੰਕਨ ਦੇ ਗੁਣ ਸਨ।

ਇਬਰਾਹਮ ਲਿੰਕਨ ਗ਼ੁਲਾਮੀ ਦੇ ਵਪਾਰ ਦਾ ਸਖ਼ਤ ਵੈਰੀ ਸੀ। ਇੱਕ ਵੇਰਾਂ ਇੱਕ ਆਦਮੀ ਨੂੰ ਗ਼ੁਲਾਮੀ ਦਾ ਵਪਾਰ ਕਰਨ ਬਦਲੇ ਪੰਜ ਸਾਲ ਕੈਦ ਤੇ ਇੱਕ ਹਜ਼ਾਰ ਰੁਪਿਆ ਜੁਰਮਾਨੇ ਦੀ ਸਜ਼ਾ ਮਿਲੀ।

ਉਸ ਦੇ ਵਾਸਤੇ ਕਈ ਮੁਖੀ ਤੇ ਮੰਨੇ-ਪ੍ਰਮੰਨੇ ਸੱਜਨਾਂ ਨੇ ਖਿਮਾਂ ਕਰਨ ਲਈ ਪ੍ਰਾਰਥਨਾ ਕੀਤੀ ! ਇਬਰਾਹਮ ਨੇ ਉੱਤਰ ਵਿਚ ਕਿਹਾ—

"ਮੇਰੇ ਸੁਭਾਵ ਵਿਚ ਇੱਕ ਬੜਾ ਭਾਰੀ ਦੋਸ਼ ਇਹ ਹੈ ਕਿ ਖਿਮਾਂ ਦੀ ਪ੍ਰਾਰਥਨਾ ਉਪਰ ਮੇਰਾ ਦਿਲ ਝਟ ਪਟ ਢਲ ਜਾਂਦਾ ਹੈ ਅਤੇ ਇਸੇ ਵਾਸਤੇ ਮੈਂ ਅਨੇਕਾਂ ਖ਼ੂਨੀ ਮਨੁੱਖਾਂ ਦੇ ਅਪਰਾਧ ਮਾਫ਼ ਕਰ ਦੇਂਦਾ ਹਾਂ। ਪਰ ਜੋ ਮਨੁੱਖ ਅਫ਼ਰੀਕਾ ਵਿਚ ਜਾ ਕੇ ਉਥੋਂ ਦੇ ਲੋਕਾਂ ਨੂੰ ਜ਼ਬਰਦਸਤੀ ਪਕੜ ਲਿਆਵੇ ਅਤੇ ਉਨ੍ਹਾਂ ਨੂੰ ਗ਼ੁਲਾਮ ਬਣਾ ਕੇ ਵੇਚੇ ਅਜੇਹੇ ਆਦਮੀ ਨੂੰ ਮੈਂ ਖ਼ੂਨੀ ਨਾਲੋਂ ਵੀ ਵਧ ਅਪਰਾਧੀ ਸਮਝਦਾ ਹਾਂ ਅਤੇ ਉਸ ਨੂੰ ਕਦੀ ਮਾਫ਼ ਨਹੀਂ ਕਰ ਸਕਦਾ। ਅਜੇਹਾ ਮਨੁੱਖ ਭਾਵੇਂ ਜੇਹਲ ਵਿਚ ਸੜ ਸੜ ਕੇ ਮਰ ਜਾਵੇ ਮੈਨੂੰ ਉਸ ਉਪਰ ਤਰਸ ਨਹੀਂ ਆਉਂਦਾ।" ਅਤੇ ਉਸ ਦੀ ਸਜ਼ਾ ਮਾਫ਼ ਕਰਨ ਤੋਂ ਇਨਕਾਰ ਕਰ ਦਿੱਤਾ।

— —

# ਖ਼ੁਸ਼ੀ ਤੇ ਗ਼ਮੀ ਦੇ ਗੀਤ

ਪ੍ਰੋ: ਪ੍ਰੀਤਮ ਸਿੰਘ

ਖ਼ੁਸ਼ੀ ਤੇ ਗ਼ਮੀ, ਦੋਵੇਂ ਵੇਲੇ ਐਸੇ ਹੁੰਦੇ ਹਨ ਜਦੋਂ ਮਨੁੱਖੀ ਭਾਵ ਆਪ ਮੁਹਾਰੇ ਤਾਲ-ਬੱਧੀ ਬੋਲੀ ਵਿਚ ਪ੍ਰਗਟੀਣ ਲਗ ਪੈਂਦੇ ਹਨ। ਜਨਮ, ਵਿਆਹ ਤੇ ਮੌਤ ਇਹ ਤਿੰਨ ਇਨਸਾਨੀ ਜੀਵਨ ਦੀਆਂ ਬੜੀਆਂ ਅਹਿਮ ਘਟਨਾਵਾਂ ਹਨ ਅਤੇ ਸਾਡੀ ਖ਼ੁਸ਼ੀ ਗ਼ਮੀ, ਸਾਡੇ ਹਰਖ ਸੋਗ* ਦਾ ਇੱਕ ਬਹੁਤ ਵਡਾ ਭਾਗ, ਇਹਨਾਂ ਘਟਨਾਵਾਂ ਦੁਆਲੇ ਹੀ ਭਉਂਦਾ ਹੈ। ਜਿਨ੍ਹਾਂ ਪੰਜਾਬੀ ਗੀਤਾਂ ਵਿਚੋਂ ਖ਼ੁਸ਼ੀ ਜਾਂ ਗ਼ਮੀ ਚੋ ਚੋ ਪੈਂਦੀ ਹੈ, ਉਹ ਬਹੁਤ ਕਰਕੇ ਇਹਨਾਂ ਤਿੰਨਾਂ ਘਟਨਾਵਾਂ ਨਾਲ ਹੀ ਸਬੰਧ ਰਖਦੇ ਹਨ। ਜਿਵੇਂ ਜਨਮ ਵੇਲੇ ਵਧਾਵੇ ਜਾਂ ਵਧਾਈ ਦੇ ਗੀਤ; ਵਿਆਹ ਵੇਲੇ ਘੋੜੀਆਂ, ਸੁਹਾਗ, ਸਿਠਣੀਆਂ ਤੇ ਲਾਂਵਾਂ; ਤੇ ਮੌਤ ਵੇਲੇ ਕੀਰਨੇ ਜਾਂ ਵੈਣ ਤੇ ਅਲਾਹੁਣੀਆਂ। ਇਹਨਾਂ ਸਾਰੇ ਲੋਕ-ਗੀਤਾਂ ਦਾ ਸਬੰਧ ਖ਼ਾਸ ਖ਼ਾਸ ਵਿਸ਼ੇ ਜਾਂ ਮਜ਼ਮੂਨ ਨਾਲ ਹੁੰਦਾ ਹੈ, ਕਿਸੇ ਰੂਪ ਜਾਂ ਤੋਲ ਨਾਲ ਨਹੀਂ। ਭਾਵ ਇਹ ਨਹੀਂ ਕਿ ਕੋਈ ਖ਼ੁਸ਼ੀ ਦਾ ਗੀਤ ਕਿਸੇ ਖ਼ਾਸ

ਛੰਦ ਵਿਚ ਤੇ ਗ਼ਮੀ ਦਾ ਕਿਸੇ ਹੋਰ ਖ਼ਾਸ ਛੰਦ ਵਿਚ ਹੀ ਰਚਿਆ ਹੁੰਦਾ ਹੈ। ਉਹ ਸੈਂਕੜੇ ਛੰਦਾਂ ਵਿਚ ਰਚੇ ਹੁੰਦੇ ਹਨ। ਇਸ ਲੇਖ ਵਿਚ ਗੀਤਾਂ ਦੀ ਬਣਤਰ ਉਤੇ ਵਿਚਾਰ ਨਹੀਂ ਕੀਤੀ ਗਈ, ਵਿਸ਼ੇ ਬਾਬਤ ਹੀ ਦੱਸਿਆ ਗਿਆ ਹੈ।

ਕੁੜੀ ਦੇ ਜੰਮਣ ਉਤੇ ਤਾਂ ਕੋਈ ਖ਼ਾਸ ਉਚੇਚ ਨਹੀਂ ਕੀਤਾ ਜਾਂਦਾ ਪਰ ਮੁੰਡੇ ਦੇ ਜੰਮਣ ਤੇ ਵਧਾਈ ਦੇ ਗੀਤ ਗਾਏ ਜਾਂਦੇ ਹਨ ਜਿਨ੍ਹਾਂ ਨੂੰ ਆਮ ਬੋਲੀ ਵਿਚ 'ਘੋੜੀਆਂ' ਕਿਹਾ ਜਾਂਦਾ ਹੈ। ਅਸਲ ਵਿਚ 'ਘੋੜੀ' ਵਿਆਹ ਵੇਲੇ ਦਾ ਗੀਤ ਹੈ। ਇੱਕ ਨਾਇਣ ਦੇ ਕਹੇ ਅਨੁਸਾਰ 'ਮੁੰਡੇ ਤਾਂ ਜੰਮਦੇ ਹੀ ਲਾੜੇ ਹੁੰਦੇ ਹੋਏ,' ਸੋ ਉਨ੍ਹਾਂ ਦੀ ਖ਼ੁਸ਼ੀ ਵਿਚ ਗਾਏ ਜਾਣ ਵਾਲੇ ਗੀਤਾਂ ਦੇ ਅੰਦਰ ਲਾੜੇ ਬਣਨ ਅਤੇ ਲਾੜੀ ਨੂੰ ਵਿਆਹ ਕੇ ਲਿਆਉਣ ਦਾ ਇਸ਼ਾਰਾ ਮੌਜੂਦ ਹੀ ਹੋਣਾ ਚਾਹੀਦਾ ਹੈ। ਇਹ ਅਗਲਾ ਗੀਤ ਵਧਾਈ ਦਾ ਗੀਤ ਹੈ, ਅਤੇ ਮੁੰਡੇ ਦੇ ਜੰਮਣ ਤੇ ਗਾਇਆ ਜਾਂਦਾ ਹੈ। ਇਸ ਗੀਤ ਵਿਚ ਬੱਚੇ ਦੇ ਪੈਦਾ ਹੋਣ ਦਾ ਜ਼ਿਕਰ ਹੈ ਅਤੇ ਉਸ ਭਰਵੀਂ ਖ਼ੁਸ਼ੀ ਦਾ ਵੀ, ਜਿਹੜੀ ਪੁੱਤਰ—ਅਭਿਲਾਖੀਆਂ* ਦੇ ਦਿਲਾਂ ਵਿਚ ਐਸੇ ਮੌਕੇ ਤੇ ਭਰੀ ਹੁੰਦੀ ਹੈ—

"ਲਾਲਾ, ਕੋਠੇ ਦੇ ਉਪਰ ਕੋਟ ਕਿਨ ਉਸਾਰਿਆ ?
ਕੋਠੇ ਦੇ ਉਪਰ ਕੋਟ ਕਿ ਰਾਮ ਉਸਾਰਿਆ।
ਬਾਗ਼ ਦੇ ਉਪਰ ਬਾਗ਼, ਮਾਲੀ ਚੰਬਾ ਲਾਇਆ।
ਪੁੱਤ ਦੇ ਉਪਰ ਪੁੱਤ ਸੁਹਾਗਣ ਜਾਇਆ।
ਮਾਈ ਨੂੰ ਸੱਦ ਲਿਆਉ।
ਨਾਜੋ ਤੇਰਾ ਕੀ ਨੀ ਦੁਖੇ ?
ਦਾਈ ਨੂੰ ਸੱਦ ਲਿਆਉ, ਕਲੇਜੇ ਦਰਦ ਹੋਵੇ।
ਆਪ ਘੋੜੇ ਅਸਵਾਰ, ਪਿੱਛੇ ਚੀਰੇਦਾਰ,
ਅਗੇ ਦੋ ਨਫ਼ਰ ਹੋਏ।
ਪੁੱਛਦਾ ਨਗਰ ਬਚਾਰ,

ਮਾਈ ਦਾਈ ਕਿਹੜਾ ਘਰੇ ?
ਅੰਗਨ ਚੰਬੇ ਦਾ ਬੂਟ,
ਖੇਲੰਦੜਾ ਪੂਤ,
ਦਾਈ ਮਾਈ ਏਹੋ ਘਰੇ !
ਜੇ ਘਰ ਜੰਮੇਗਾ ਪੂਤ,
ਦਾਈ ਮਾਈ ਕੀ ਜੀ ਮਿਲੇ ?
ਪੰਜ ਰੁਪਈਏ ਰੋਕ, ਸਿਰ ਨੂੰ ਚੌਂਕ,
ਦਾਈ ਮਾਈ ਇਹੋ ਮਿਲੇ ।
ਆਪ ਘੋੜੇ ਅਸਵਾਰ,
ਦਾਈ ਮਾਈ ਪਾਲਕੀਆਂ ।
ਦਾਈ ਮਾਈ ਦਰਵਜੇ,
ਨੌਬਤ ਵਜੇ, ਬੜੇ ਬੜੇ ਸ਼ਗਨ ਹੋਏ ।
ਜ਼ੱਚਾ ਰਾਣੀ ! ਆ ਪਲੰਘ ਤੇ ਲੇਟ,
ਮਲਾਂ ਤੇਰਾ ਪੇਟ,
ਹੌਲਾ ਤੇਰਾ ਪੇਟ ਹੋਵੇ ।
ਜ਼ੱਚਾ ਰਾਣੀ, ਸੱਦ ਤੂੰ ਆਪਣਾ ਢੋਲ, ਕਰੇ ਪੂਰਾ ਬੋਲ,
ਦਾਈ ਮਾਈ ਵਿਦਿਆ ਕਰੋ ।
ਦਾਈ ਨੀ, ਪੁੱਤ ਦਿੱਤਾ ਕਰਤਾਰ, ਜਾਇਆ ਮੇਰੀ ਨਾਰ,
ਤੁਸਾਂ ਸਾਡਾ ਕੀ ਜੀ ਕੀਤਾ ?
ਪੰਜ ਰੁਪਈਏ ਰੋਕ, ਨਗਾਰੇ ਦੀ ਚੋਟ,
ਦਾਈ ਮਾਈ ਵਿਦਿਆ ਕਰੋ ।

ਗੀਤਾਂ ਦੀ ਅਸਲ ਭਰਮਾਰ ਵਿਆਹ ਵੇਲੇ ਪੈਂਦੀ ਹੈ, ਕੀ ਗਿਣਤੀ ਦੇ ਲਿਹਾਜ਼ ਨਾਲ ਤੇ ਕੀ ਵੰਨਗੀਆਂ ਦੇ ; ਵਿਆਹ ਤੋਂ ਕਿੰਨਾਂ ਕਿੰਨਾਂ ਚਿਰ ਪਹਿਲਾਂ ਵਿਆਹ ਵਾਲੇ ਘਰ ਗੀਤ ਗਾਉਣ ਵਾਸਤੇ ਗੁਆਂਢ ਮਹੱਲੇ ਦੀਆਂ ਮੁਟਿਆਰਾਂ ਆ ਕੱਠੀਆਂ ਹੁੰਦੀਆਂ ਹਨ । ਪਿੜ* ਵਿਚ ਹਰ ਕਿਸੇ ਨੂੰ

ਗੀਤ ਸ਼ੁਰੂ ਕਰਨ ਦੀ ਖੁਲ੍ਹ ਹੁੰਦੀ ਹੈ ਅਤੇ ਸਾਰੀਆਂ ਇਕ ਦੂਜੇ ਤੋਂ ਵਧ ਕੇ ਹਿੱਸਾ ਲੈਂਦੀਆਂ ਹਨ। ਉਹਨਾਂ ਦੀਆਂ ਉੱਚੀਆਂ ਸੁਨਹਿਰੀ ਸੁਰਾਂ ਵਿਚੋਂ ਖ਼ੁਸ਼ੀ ਡੁਲ੍ਹ ਡੁਲ੍ਹ ਪੈਂਦੀ ਹੈ। ਵਿਆਹ ਵੇਲੇ ਖ਼ਾਸ ਖ਼ਾਸ ਗੀਤ ਇਹ ਹੁੰਦੇ ਹਨ ... ... ਘੋੜੀਆਂ, ਸੁਹਾਗ, ਲਾਂਵਾਂ ਤੇ ਸਿੱਠਣੀਆਂ। ਲਾੜੇ ਦੇ ਘਰ ਜਿਹੜੇ ਗੀਤ ਗਾਏ ਜਾਂਦੇ ਹਨ, ਉਨ੍ਹਾਂ ਨੂੰ 'ਘੋੜੀਆਂ' ਕਿਹਾ ਜਾਂਦਾ ਹੈ। ਜਿਸ ਵੇਲੇ ਲਾੜਾ ਆਪਣੇ ਪਿੰਡ ਵਿਚ ਘੋੜੀ ਤੇ ਚੜ੍ਹਦਾ ਹੈ ਤਾਂ ਭੈਣਾਂ ਉਸ ਦੀ ਘੋੜੀ ਦੀਆਂ ਵਾਗਾਂ ਗੁੰਦਦੀਆਂ ਹਨ ਅਤੇ ਨਾਲ ਨਾਲ ਘੋੜੀਆਂ ਗਾਂਦੀਆਂ ਜਾਂਦੀਆਂ ਹਨ। ਭਰਾ ਨੂੰ ਲਾੜਾ ਬਣੇ, ਘੋੜੀ ਤੇ ਚੜ੍ਹਿਆ ਵੇਖਣਾ, ਭੈਣ ਦੀ ਵਡੀ ਸੱਧਰ ਹੁੰਦੀ ਹੈ, ਸੋ ਉਸ ਵੇਲੇ ਖ਼ਾਸ ਕਰਕੇ, ਤੇ ਵਿਆਹ ਦੇ ਸਾਰੇ ਸਮੇਂ ਵਿਚ ਆਮ ਕਰਕੇ, ਭੈਣਾਂ ਭਰਜਾਈਆਂ ਇਹਨਾਂ ਸੁੰਦਰ ਗੀਤਾਂ ਰਾਹੀਂ ਆਪਣੇ ਮਨ ਦਾ ਚਾਅ ਜ਼ਾਹਰ ਕਰਦੀਆਂ ਹਨ, ਜਿਵੇਂ ਇਸ ਘੋੜੀ ਵਿਚ—

ਹਰਿਆ ਨੀ ਮਾਲਣ, ਹਰਿਆ ਨੀ ਭੈਣੇ,
ਹਰਿਆ ਤਾਂ ਭਾਗੀ ਭਰਿਆ।
ਜਿਸ ਦਿਹਾੜੇ ਮੇਰਾ ਹਰਿਆ ਨੀ ਜੰਮਿਆ,
ਸੋਈਓ ਦਿਹਾੜਾ ਭਾਗੀ ਭਰਿਆ, ਨੀ ਹਾਂ ... ...

ਜੰਮਦਿਆਂ ਹਰਿਆ ਲੁਗੜ ਵਲ੍ਹੇਟਿਆ,
ਕੁੱਛੜ ਦਿੱਤਾ ਇਨ੍ਹਾਂ ਦਾਈਆਂ।
ਨ੍ਹਾਤਾ ਤੇ ਧੋਤਾ, ਹਰਿਆ, ਪੱਟ ਵਲ੍ਹੇਟਿਆ,
ਕੁੱਛੜ ਦਿੱਤਾ ਇਨ੍ਹਾਂ ਮਾਈਆਂ, ਨੀ ਹਾਂ ... ...

ਕੀ ਕੁਝ ਦੇਵਾਂ ਇਹਨਾਂ ਦਾਈਆਂ ਤੇ ਮਾਈਆਂ ?
ਕੀ ਕੁਝ ਦੇਵਾਂ ਇਹਨਾਂ ਸੱਕੀਆਂ ਭੈਣਾਂ ?
ਪੰਜ ਰੁਪਈਏ ਇਹਨਾਂ ਦਾਈਆਂ ਤੇ ਮਾਈਆਂ,
ਪੱਟ ਦਾ ਤੇਵਰ, ਇਹਨਾਂ ਸੱਕੀਆਂ ਭੈਣਾਂ, ਨੀ ਹਾਂ ... ...

ਪੁੱਛਦੀ ਪੁਛੰਦੀ ਮਾਲਣ ਨਗਰੀ ਜੇ ਆਈ,
ਸ਼ਾਦੀ ਵਾਲਾ ਘਰ ਕਿਹੜਾ ?
ਹਸਤ ਝੂਲੇ ਦਰਬਾਰੇ। ਨੀ ਹਾਂ ... ...
ਨੀ ਆ ਮੇਰੀ ਮਾਲਣ ਬੈਠ ਗ਼ਲੀਚੇ,
ਕਰ ਕੋਈ ਸੇਹਰੇ ਦਾ ਮੁੱਲ।
ਇਕ ਲੱਖ ਮਰੂਆ, ਦੋ ਲੱਖ ਕਲੀਆਂ,
ਤ੍ਰੈ ਲੱਖ ਸਿਹਰੇ ਦਾ ਮੁੱਲ। ਨੀ ਹਾਂ .. ...
ਤੂੰ ਬੰਨ੍ਹ ਸਿਹਰਾ ਮੇਰੇ (ਫ਼ਲਾਣੇ) ਦਿਆ ਬਾਬਲਾ !
ਤੂੰ ਬੰਨ੍ਹ ਪੁੱਤਰ ਦੇ ਮੱਥੇ। ਨੀ ਹਾਂ ... ...

ਲਾੜੀ ਦੇ ਘਰ ਵਿਚ ਵੀ ਵਿਆਹ ਦੀ ਖ਼ੁਸ਼ੀ ਮਨਾਈ ਜਾਂਦੀ ਹੈ ਅਤੇ ਇਸ ਖ਼ੁਸ਼ੀ ਦਾ ਇਜ਼ਹਾਰ, ਉਸੇ ਤਰ੍ਹਾਂ ਗੀਤਾਂ ਰਾਹੀਂ ਹੁੰਦਾ ਹੈ, ਜਿਨ੍ਹਾਂ ਨੂੰ 'ਸੁਹਾਗ' ਕਿਹਾ ਜਾਂਦਾ ਹੈ। ਇਹਨਾਂ ਗੀਤਾਂ ਵਿਚ ਪੰਜਾਬ ਦੀ ਸੁਲੱਗ ਸ਼ਰਮਾਕਲ ਆਪਣੇ ਸੱਕਿਆਂ ਅੱਗੇ ਵਰ ਘਰ ਭਾਲਣ ਦੀ ਅਰਜ਼ੋਈ* ਕਰਦੀ ਦਿੱਸਦੀ ਹੈ, ਆਪਣੇ ਘਰ ਤੋਂ ਸਦਾ ਲਈ ਵਿੱਛੜ ਜਾਣ ਦਾ ਸੱਲ ਉਸ ਦੀ ਜਾਨ ਸੁਕਾਉਂਦਾ ਹੈ, ਪਰ ਵਿੱਚ ਵਿੱਚ, ਹੋਣ ਵਾਲੇ ਬੱਚਿਆਂ ਦੇ ਪਿਉ ਨੂੰ ਮਿਲਣ ਦਾ ਚਾਅ ਮਨ ਨੂੰ ਹੁਲਾਰੇ ਦੇਂਦਾ ਨਜ਼ਰ ਪੈਂਦਾ ਹੈ। ਵੇਖੋ, ਇਸ ਸੁਹਾਗ ਵਿਚ ਕਿੰਨੇ ਤਰਲੇ ਲੈਂਦੀ ਹੈ, ਆਪਣੇ ਬਾਬਲ ਦੇ ਘਰ ਟਿਕੇ ਰਹਿਣ ਲਈ :–

ਅਸੀਂ ਚਿੜੀਆਂ ਦਾ ਛਾਬਾ ਵੇ,
ਬਾਬਲ ! ਅਸੀਂ ਉੱਡ ਜਾਣਾ।
ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,
ਬਾਬਲ ! ਸਾਨੂੰ ਪਿਆਸ ਲਗੀ।
ਜਾਈਏ ਖੂਹ ਪੁਟਾ ਦੇਸਾਂ ਨੀ,
ਜਾਈਏ ! ਘਰ ਜਾ ਆਪਣੇ।
ਅਸੀਂ ਚਿੜੀਆਂ ਦਾ ਛਾਬਾ ਵੇ ... ...

ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ! ਸਾਨੂੰ ਭੁੱਖ ਲਗੀ।
ਜਾਈਏ, ਲੱਡੂਆਂ ਥਾਲ ਭਰਾ ਦੇਸਾਂ ਨੀ,
ਜਾਈਏ ! ਘਰ ਜਾਹ ਆਪਣੇ ।
ਅਸੀਂ ਚਿੜੀਆਂ ਦਾ ਛਾਬਾ ਵੇ ... ...
ਤੇਰੇ ਮਹਿਲਾਂ ਦੇ ਵਿਚ ਵਿਚ ਵੇ।
ਬਾਬਲ ! ਡੋਲਾ ਅਟਕ ਗਿਆ ।
ਮਹਿਲੋਂ ਇੱਟ ਪੁਟਾ ਦੇਸਾਂ ਨੀ,
ਜਾਈਏ ! ਘਰ ਜਾਹ ਆਪਣੇ।
ਅਸੀਂ ਚਿੜੀਆਂ ਦਾ ਛਾਬਾ ਵੇ ..

ਇੱਕ ਹੋਰ 'ਸੁਹਾਗ' ਵਿਚ ਕੁੜੀ ਆਪਣੇ ਦਿਲ ਦੀ ਸਾਂਭ ਸਾਂਭ ਰਖੀ ਰੀਝ ਨੂੰ ਬਾਬਲ ਦੇ ਸਾਹਮਣੇ ਇਸ ਤਰ੍ਹਾਂ ਬੇ-ਪੜਦ ਕਰਦੀ ਹੈ :

ਬੇਟੀ ਚੰਦਨ ਦੇ ਓਹਲੇ ਓਹਲੇ ਕਿਉਂ ਖੜੀ ?
ਮੈਂ ਤਾਂ ਖੜੀ ਸਾਂ ਬਾਬਲ ਜੀ ਦੇ ਪਾਸ,
ਕਰਾਂ ਅਰਦਾਸ,
ਬਾਬਲ ਵਰ ਲੋੜੀਏ।
ਜਾਈਏ ! ਕਿਹੋ ਜਿਹਾ ਵਰ ਲੋੜੀਏ ?
ਨੀ ਧੀਏ ! ਕਿਹੋ ਜਿਹਾ ਵਰ ਲੋੜੀਏ ?
ਬਾਬਲ ! ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਨ੍ਹ,
ਕਨ੍ਹਈਆ ਵਰ ਲੋੜੀਏ।

ਹੁਣ ਜਦੋਂ ਵਿਆਹੁਤਾ ਜੀਵਨ ਉਸ ਨੂੰ ਟਲਦਾ ਮਲੂਮ ਨਹੀਂ ਹੁੰਦਾ ਤਾਂ ਫੇਰ ਖੁਲ੍ਹ ਕੇ ਆਪਣੇ ਸੁਖ ਦੇ ਸਾਧਨਾਂ ਦੀ ਮੰਗ ਕਰਦੀ ਹੈ :—

ਦੇਵੀਂ ਵੇ ਬਾਬਲਾ ! ਓਸ ਘਰੇ
ਜਿੱਥੇ ਸੱਸ ਦੇ ਬਾਹਲੜੇ ਪੁੱਤ ।

ਇੱਕ ਮੰਗੀਏ, ਇੱਕ ਵਿਆਹੀਏ
ਵੇ ਮੈਂ ਸ਼ਾਦੀਆਂ ਵੇਖਾਂ ਨਿੱਤ।
ਦੇਵੀਂ ਵੇ ਬਾਬਲਾ ! ਓਸ ਘਰੇ
ਜਿਥੇ ਬੂਰੀਆਂ ਝੋਟੀਆਂ ਸੱਠ।
ਇੱਕ ਰਿੜਕਾਂ, ਇੱਕ ਜਮਾਇਸਾਂ,
ਵੇ ਮੇਰਾ ਚਾਟੀਆਂ ਦੇ ਵਿਚ ਹੱਥ।
ਦੇਵੀਂ ਵੇ ਬਾਬਲਾ ! ਓਸ ਘਰੇ,
ਜਿੱਥੇ ਦਰਜ਼ੀ ਸੀਵੇ ਪੱਟ।
ਇੱਕ ਪਾਵਾਂ, ਇਕ ਟੰਗਣੇ,
ਵੇ ਮੇਰਾ ਵਿਚ ਸੰਦੂਕਾਂ ਦੇ ਹੱਥ।
ਦੇਵੀਂ ਵੇ ਬਾਬਲਾ ! ਓਸ ਘਰੇ
ਜਿੱਥੇ ਘਾੜ ਘੜੇ ਸੁਨਿਆਰ।
ਇੱਕ ਪਾਵਾਂ, ਦੂਜਾ ਡੱਬਣੇ,
ਵੇ ਮੇਰਾ ਡੱਬਿਆਂ ਦੇ ਵਿਚ ਹੱਥ।

ਵਿਆਹ ਨਾਲ ਸੰਬੰਧ ਰਖਣ ਵਾਲੇ ਜਿਤਨੇ ਰਸਮ ਰਿਵਾਜ ਹੁੰਦੇ ਹਨ, ਉਹਨਾਂ ਸਾਰਿਆਂ ਵਾਸਤੇ ਖ਼ਾਸ ਖ਼ਾਸ ਗੀਤ ਬਣੇ ਹੁੰਦੇ ਹਨ, ਜਿਵੇਂ ਪਾਣੀ ਵਾਰ ਕੇ ਪੀਣ ਵੇਲੇ, ਖੱਟ ਵੇਲੇ, ਖਾਰੇ ਵੇਲੇ, ਦਾਜ ਵੇਲੇ, ਡੋਲੀ ਤੋਰਨ ਵੇਲੇ—ਸਭ ਸਮਿਆਂ ਦੇ ਵੱਖੋ ਵੱਖਰੇ ਢੁਕਵੇਂ ਗੀਤ ਹੁੰਦੇ ਹਨ ਪਰ ਇਹਨਾਂ ਸਾਰਿਆਂ ਦੇ ਵਿਸਥਾਰ ਵਿਚ ਜਾਣ ਲਈ ਥਾਂ ਬਹੁਤ ਚਾਹੀਦੀ ਹੈ ਸੋ ਅਸੀਂ ਕੇਵਲ ਸਿੱਠਣੀਆਂ ਦਾ ਜ਼ਿਕਰ ਹੀ ਕਰਦੇ ਹਾਂ। ਮੁੰਡੇ ਵਾਲੇ ਜਿਸ ਵੇਲੇ ਕੁੜਮਾਂ ਦੇ ਘਰ ਪਹੁੰਚ ਕੇ ਰੋਟੀ ਰਾਟੀ ਖਾਣ ਬਹਿੰਦੇ ਹਨ ਤਾਂ ਆਲੇ ਦੁਆਲੇ ਬੁੱਢੀਆਂ ਨੱਢੀਆਂ ਆ ਕੱਠੀਆਂ ਹੁੰਦੀਆਂ ਹਨ। ਹੌਲੀ ਹੌਲੀ ਹਾਸੇ ਮਖ਼ੌਲ ਦੀਆਂ ਗੱਲਾਂ ਸ਼ੁਰੂ ਕਰਦੀਆਂ ਹਨ, ਕਦੀ ਲਾੜੇ ਤੇ ਟਕੋਰ, ਕਦੀ ਉਸ ਦੇ ਪਿਓ ਨਾਲ ਮਸ਼ਕਰੀ, ਕਦੀ ਕਿਸੇ ਢਿੱਡਲ ਜਾਂਞੀ ਨਾਲ ਛੇੜਖ਼ਾਨੀ। ਵਿਚੋਂ ਜਿਹੇ, ਕੋਈ ਰੂੜੀ

ਇਕ ਸਿੱਠਣੀ ਸ਼ੁਰੂ ਕਰ ਦੇਂਦੀ ਹੈ, ਜਿਸ ਵਿਚ ਜਾਂਞੀਆਂ ਜਾਂ ਕੁੜਮਾਂ ਦੀ ਕੰਜੂਸੀ ਜਾਂ ਝੂਠੇ ਦਿਖਾਵੇ ਆਦਿ ਦਾ ਮੌਜੂ ਉਡਾਇਆ ਹੁੰਦਾ ਹੈ। ਇਹ ਸਿਠਣੀਆਂ ਬੜੀਆਂ ਮਿੱਠੀਆਂ ਚੀਜ਼ਾਂ ਸਨ ਪਰ ਬਹੁਤੀ ਵਾਰੀ ਇਤਨਾ ਗੰਦ ਬਕਿਆ ਜਾਂਦਾ ਹੈ ਕਿ ਰਹੇ ਰੱਬ ਦਾ ਨਾਂ। ਖ਼ਬਰੇ ਇਸੇ ਕਰਕੇ ਸੁਧਾਰਕਾਂ ਨੇ ਸਿਠਣੀਆਂ ਦੀ ਸੰਘੀ ਘੁਟ ਛੱਡੀ ਹੈ। ਸਿੱਠਣੀਆਂ ਕੁਝ ਇਸ ਤਰ੍ਹਾਂ ਦੀਆਂ ਹੁੰਦੀਆਂ ਹਨ :—

ਸਾਡੇ ਤਾਂ ਵਿਹੜੇ ਮੁੱਢ ਮਕੱਈ ਦਾ,  
ਦਾਣੇ ਤਾਂ ਮੰਗਦਾ ਉੱਧਲ ਗਈ ਦਾ,  
ਭੱਠੀ ਤੇ ਤਪਦੀ ਨਹੀਂ,  
ਭੱਠੀ ਤੇ ਤਪਦੀ ਨਹੀਂ, ਨਿਲੱਜਿਓ !  
ਲੱਜ ਤੁਹਾਨੂੰ ਨਹੀਂ।  
ਸਾਡੇ ਤਾਂ ਵਿਹੜੇ ਤਾਣਾ ਤਣੀਂਦਾ,  
ਲਾੜੇ ਦਾ ਪਿਉ ਕਾਣਾ ਸੁਣੀਂਦਾ,  
ਐਨਕ ਲਾਉਣੀ ਪਈ  
ਐਨਕ ਲਾਉਣੀ ਪਈ ਨਿਲੱਜਿਓ !  
ਲੱਜ ਤੁਹਾਨੂੰ ਨਹੀਂ।  
ਕੁੜੀ ਤਾਂ ਸਾਡੀ ਤਿੱਲੇ ਦੀ ਤਾਰ ਏ।  
ਮੁੰਡਾ ਤਾਂ ਦਿੱਸਦਾ ਕੋਈ ਘੁਮਿਆਰ ਏ।  
ਜੋੜੀ ਤਾਂ ਫਬਦੀ ਨਹੀਂ।  
ਭੈੜੇ ਭੈੜੇ ਤੁਸੀਂ ਕਰਦੇ ਓ ਕਾਰੇ,  
ਇਨ੍ਹੀਂ ਕਰਤੂਤੀਂ ਸਭੋ, ਰਹੇ ਓ ਕੁਆਰੇ।  
ਕਰਤੂਤ ਤੇ ਛੁਪਦੀ ਨਹੀਂ, ਨਿਲੱਜਿਓ !  
ਲੱਜ ਤੁਹਾਨੂੰ ਨਹੀਂ।  
ਲੋਕਾਂ ਦੇ ਬੂਹੇ ਤੁਸਾਂ ਮੱਥੇ ਘਸਾਏ,  
ਗਹਿਣੇ ਤੇ ਕਪੜੇ ਤੁਸੀਂ ਮੰਗ ਲਿਆਏ।

ਨਾਂਹ ਹੀ ਪਾਉਂਦੇ ਸਹੀ, ਨਿਲੱਜਿਓ !
ਲੱਜ ਤੁਹਾਨੂੰ ਨਹੀਂ ।
ਪੈਸਾ ਪੈਸਾ ਸਾਡੇ ਪਿੰਡ ਦਿਓ ਪਾਓ,
ਲਾੜੇ ਜੋਗਾ ਤੁਸੀਂ ਵਾਜਾ ਮੰਗਾਓ ।
ਇਨ੍ਹਾਂ ਤੇ ਜੁੜਿਆ ਨਹੀਂ, ਨਿਲੱਜਿਓ !
ਲੱਜ ਤੁਹਾਨੂੰ ਨਹੀਂ ।

ਹੁਣ ਮਾਤਮੀ ਗੀਤਾਂ ਬਾਰੇ, ਜਦੋਂ ਕੋਈ ਮਰਗ ਹੋ ਜਾਵੇ ਜਾਂ ਕਿਸੇ ਦੀ ਮਰਗ ਦਾ ਦਿਨ ਮਨਾਣਾ ਹੋਵੇ ਤਾਂ ਵੈਣ ਪਾਏ ਜਾਂਦੇ ਹਨ। ਉੱਚੀਆਂ, ਦਿਲ-ਚੀਰਵੀਆਂ ਸੁਰਾਂ ਵਿਚ ਕੀਤੇ ਦਰਦਨਾਕ ਵਿਰਲਾਪ ਨੂੰ "ਵੈਣ" ਆਖੀਦਾ ਹੈ। 'ਵੈਣ' ਲਫ਼ਜ਼ ਨਾਲ ਜਜ਼ਬੇ ਦੀ ਅਸਲੀਅਤ ਤੇ ਦਰਦ ਦੀ ਡੂੰਘਿਆਈ ਅਣਟੁੱਟ ਤੌਰ ਤੇ ਸੰਬੰਧਤ ਹੈ। ਸ਼ਾਹ ਮੁਹੰਮਦ ਕਹਿੰਦਾ ਹੈ :

'ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ,
ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ ।'

ਮਰਨ ਵਾਲੇ ਦੇ ਨਜ਼ਦੀਕੀ ਸੰਬੰਧੀ ਵੇਲੇ ਸਿਰ ਨਾਂਹ ਪੁਜ ਸਕੇ ਹੋਣ, ਤਾਂ ਜਿਸ ਵੇਲੇ ਉਹ ਪਹੁੰਚਣ, ਉਸੇ ਵੇਲੇ ਤੀਵੀਂਆਂ ਗਲੇ ਮਿਲ ਕੇ ਫੁਟ ਫੁਟ ਕੇ ਰੋਂਦੀਆਂ ਹਨ ਅਤੇ ਮਰਨ ਵਾਲੇ ਦੀਆਂ ਖ਼ੂਬੀਆਂ, ਉਸ ਦੀ ਜ਼ਿੰਦਗੀ ਦੀਆਂ ਬਰਕਤਾਂ ਅਤੇ ਉਸ ਦੀ ਮੌਤ ਨਾਲ ਆ ਪਈਆਂ ਸਖ਼ਤੀਆਂ ਯਾਦ ਕਰਦੀਆਂ ਹਨ। ਜਿਹੜੀਆਂ, ਨੇੜੇ ਦੀ ਸਕੀਰੀ* ਵਾਲੀਆਂ, ਵੇਲੇ ਸਿਰ ਪੁਜ ਜਾਣ, ਉਨ੍ਹਾਂ ਵਿਚੋਂ ਕਈ ਮਰਨ ਵਾਲੇ ਦੇ ਘਰ ਦੀਆਂ ਤੀਵੀਂਆਂ ਨੂੰ ਗਲੇ ਮਿਲ ਕੇ ਕੀਰਨੇ ਪਾਂਦੀਆਂ ਹਨ। ਗਲੀ ਮਹੱਲੇ ਦੀਆਂ ਹਮਦਰਦਨਾਂ ਦੇ ਬੈਠਣ ਲਈ ਇੱਕ ਸਫ਼ ਡਾਹ ਦਿੱਤੀ ਜਾਂਦੀ ਹੈ ਤੇ ਇੱਕ ਦਾਇਰੇ ਵਿਚ ਬਹਿ ਕੇ ਸਾਰੀਆਂ ਵੈਣ ਪਾਂਦੀਆਂ, ਰੋਂਦੀਆਂ ਤੇ ਪਿਟਦੀਆਂ ਹਨ। ਇਹਨਾਂ ਵੈਣਾਂ ਦਾ ਵਿਸ਼ਾ ਮਰਨ ਵਾਲੇ ਦੀ ਉਮਰ ਅਨੁਸਾਰ ਵਖਰਾ ਵਖਰਾ

ਹੁੰਦਾ ਹੈ। ਜੇ ਦੁੱਧ ਪੀਂਦਾ ਬੱਚਾ ਮਰ ਜਾਏ ਤਾਂ ਇਸ ਤਰ੍ਹਾਂ ਦਾ ਵੈਣ ਪੈਂਦਾ ਹੈ, ਭੈਣ ਵਲੋਂ :—

ਪੱਟੀ ਭੈਣ ਵੇ ਭਾਈ !
ਤੇਰੀਆਂ ਚਿੱਕੜ ਵਿਚ ਪੱਥਲੀਆਂ,
ਤੇਰਾ ਕੁੰਮਿਆਂ ਨਾਲ ਵਪਾਰ,
ਤੈਨੂੰ ਤਾਪ ਇਰਾਦੇ ਦਾ ਚੜ੍ਹ ਗਿਆ,
ਤੇਰਾ ਲੱਥਾ ਈ ਚੌਂਕੇ ਵਿਚਕਾਰ
ਪੱਟੀ ਭੈਣ ਵੇ ਭਾਈ !
ਤੇਰੇ ਹੱਥ ਵਿਚ ਰਹੀਆਂ ਕੌਡੀਆਂ
ਤੈਨੂੰ ਖੇਡਦੇ ਨੂੰ ਬਾਜ਼ ਪਿਆ
ਤੇਰੀ ਮੱਚੀ ਖੇਡ ਰਹੀ... ... ...ਆਦਿ।

ਜੇ ਕੋਈ ਔਂਤਰੀ ਜਾਂ ਬੇਔਲਾਦ ਮਰ ਜਾਏ ਤਾਂ ਉਸ ਦੇ ਵੈਣ ਇਉਂ ਹੁੰਦੇ ਹਨ :—

ਕੂੜ ਆਈਏ, ਕੂੜ ਟੁਰ ਪਈਏ
ਕੂੜਾ ਦੁਨੀਆ ਤੇ ਪੰਧ ਕੀਤੋਈ,
ਤੇਰਾ ਪੁੱਤਰਾਂ ਬਾਝ ਨਹੀਂ ਨਾਂ ਭੈਣਾਂ।
ਪੱਟੀ ਭੈਣ, ਨੀ ਭੈਣਾਂ ! ਵਗ਼ੈਰਾ ਵਗ਼ੈਰਾ !

ਇੱਕ ਦੋ ਬੱਚਿਆਂ ਦਾ ਪਿਉ, ਜਵਾਨ ਉਮਰ ਵਿਚ, ਮਰ ਜਾਏ ਤਾਂ ਧੀ ਇਸ ਤਰ੍ਹਾਂ ਵੈਣ ਪਾਉਂਦੀ ਹੈ :—

ਪੱਟੀ ਧੀ ਵੇ ਪੇਈਆ !
ਰੱਸਾ ਚਾ ਟੁੱਟੋ ਜਹਾਜ਼ ਦਾ
ਨਿੱਕੜਿਆਂ ਦੇ ਛੱਡਣ ਵਾਲਿਆ !
ਸਾਡੀ ਬੇੜੀ ਗਈ ਡੁਲਾ—ਵੇ ਪੇਈਆ !

ਧੋਬੀ ਪਿਆ ਧੋਵੇ ਤੁਹਾਡੇ ਕਪੜੇ,
ਤੁਹਾਡੀ ਮਾਲਣ ਲਿਆਈ
ਫੁੱਲ—ਵੇ ਪੇਈਆ !
ਪੁੱਤਰ ਨੂੰ ਚਾੜ੍ਹੀਂ ਤੂੰ ਘੋੜੀਆਂ
ਜਵਾਨੀ ਦੀਆਂ ਛੱਡੀਆਂ ਲਗਰਾਂ ਵਾਲਿਆ !
ਤੇਰੀ ਨੂੰਹ ਪਈ ਮੰਗੇ ਸੁਭਾ—ਵੇ ਪੇਈਆ !
ਪੱਟੀ ਧੀ, ਵੇ ਪੇਈਆ !

ਜੇ ਜਵਾਨ ਉਮਰ ਵਿਚ ਮਾਂ ਮਰ ਜਾਏ ਤਾਂ ਧੀ ਵਲੋਂ ਇਸ ਤਰ੍ਹਾਂ ਦੇ ਵੈਣ ਪੈਂਦੇ ਹਨ :—

ਪਟੀ ਧੀ ਨੀ ਅੰਮਾਂ !
ਆਪਣੀ ਮਾਵਾਂ ਤੇ ਧੀਆਂ ਦੀ ਦੋਸਤੀ
ਟੁੱਟੀ ਹੋਈ ਕਹਿਰਾਂ ਦੇ ਨਾਲ, ਨੀ ਅੰਮਾਂ !
ਪਟੀ ਧੀ, ਨੀ ਅੰਮਾਂ !
ਲਿਖ ਦੇ ਘੱਲਾਂ ਮੈਂ ਕਾਗਤੀ
ਕੋਈ ਸੂਲਾਂ ਅੱਖਰ ਪਾ, ਨੀ ਅੰਮਾਂ !
ਪਟੀ ਧੀ, ਨੀ ਅੰਮਾਂ !
ਸਾਵਣ ਪਿਆ ਵਸੇ ਰੁੱਤ ਆਪਣੀ
ਮੈਨੂੰ ਤੁਸੀਂ ਪਏ ਵੱਸੋ ਦਿਨ ਰਾਤ, ਅੰਮਾਂ !
ਪਟੀ ਧੀ, ਨੀ ਅੰਮਾਂ !

ਇਸ ਤਰ੍ਹਾਂ ਹਰ ਮਰਨ ਵਾਲੇ ਦੇ ਵਖਰੇ ਵਖਰੇ ਢੁਕਵੇਂ ਵੈਣ ਹੁੰਦੇ ਹਨ । ਇਨ੍ਹਾਂ ਵਿਚੋਂ ਜਵਾਨਾਂ ਦੀ ਮੌਤ ਤੇ ਪਾਏ ਵੈਣ ਇਤਨੇ ਦਰਦ-ਨਾਕ ਹੁੰਦੇ ਹਨ ਕਿ ਰਾਹ ਜਾਂਦਿਆਂ ਦੇ ਅਥਰੂ ਵਹਿ ਪੈਂਦੇ ਹਨ ਅਤੇ ਇਉਂ ਮਲੂਮ ਹੋਣ ਲਗ ਪੈਂਦਾ ਹੈ ਕਿ ਧਰਤੀ ਦਾ ਸੀਨਾ ਪਾਟਾ ਕਿ ਪਾਟਾ । ਬੁੱਢਿਆਂ ਦੀ ਮੌਤ ਉਤੇ ਠੱਠਾ ਮਖ਼ੌਲ, ਨੱਚਣ ਕੁੱਦਣ ਹੁੰਦਾ

ਹੈ ਅਤੇ ਵੈਣਾਂ ਵਿਚ ਆਂਢੀ ਗੁਆਂਢੀ ਹਾਸਾ ਮਖ਼ੌਲ ਕਰਨੋ ਘਟ ਨਹੀਂ ਕਰਦੇ ।

ਸੋਗ ਵੇਲੇ ਦਾ ਇਕ ਹੋਰ ਗੀਤ ਹੁੰਦਾ ਹੈ 'ਅਲਾਹੁਣੀ' । ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਇਸ ਦਾ ਅਰਥ ਹੈ "ਸ਼ਲਾਘਾ ਦੀ ਕਵਿਤਾ—ਉਹ ਗੀਤ ਜਿਸ ਵਿਚ ਕਿਸੇ ਦੇ ਗੁਣ ਗਾਏ ਜਾਣ ਖ਼ਾਸ ਕਰਕੇ ਮੋਏ ਪ੍ਰਾਣੀ ਦੇ ਗੁਣ ਕਰਮ ਕਹਿ ਕੇ ਜੋ ਗੀਤ ਗਾਇਆ ਜਾਂਦਾ ਹੈ, ਉਸ ਦਾ ਨਾਂ ਅਲਾਹੁਣੀ ਹੈ ।' ਅਲਾਹੁਣੀਆਂ ਗਾਣ ਵੇਲੇ ਮਿਰਾ-ਸਣ ਜਾਂ ਨਾਇਣ ਦਾ ਹੋਣਾ ਜ਼ਰੂਰੀ ਹੁੰਦਾ ਹੈ। ਉਹ ਵਿਚਕਾਰ ਬਹਿੰਦੀ ਜਾਂ ਖੜੋਂਦੀ ਹੈ ਤੇ ਬਾਕੀ ਸਾਰੀਆਂ ਤੀਵੀਆਂ ਉਹਦੇ ਦੁਆਲੇ ਦੁਆਲੇ ਇੱਕ ਚੱਕਰ ਬੰਨ੍ਹ ਕੇ ਖੜੇ ਜਾਂਦੀਆਂ ਹਨ ਅਤੇ ਆਪਣੀਆਂ ਚੁੰਨੀਆਂ ਲੱਕ ਦੁਆਲੇ ਬੰਨ੍ਹ ਲੈਂਦੀਆਂ ਹਨ । ਨਾਇਣ ਹੌਲੀ ਹੌਲੀ ਛਾਤੀ ਤੇ ਪੱਟਾਂ ਨੂੰ ਦੁਹੱਥੜ ਮਾਰਦੀ ਹੋਈ ਗਾਉਂਦੀ ਹੈ। ਬਾਕੀ ਦੀਆਂ ਪਿੱਛੇ ਪਿੱਛੇ ਰਲ ਕੇ ਇੱਕ ਖ਼ਾਸ ਸਤਰ ਦੁਹਰਾਈ ਜਾਂਦੀਆਂ ਹਨ। ਜਿਉਂ ਜਿਉਂ ਨਾਇਣ ਆਪਣੀ ਸੁਰ ਤਾਲ ਨੂੰ ਤੇਜ਼ ਤੇ ਜੋਸ਼ੀਲਾ ਕਰਦੀ ਹੈ, ਤਿਉਂ ਤਿਉਂ ਬਾਕੀ ਦੀਆਂ ਵੀ ਜ਼ੋਰ ਜ਼ੋਰ ਦੀ ਦੁਹੱਥੜ ਪਿੱਟਦੀਆਂ ਅਤੇ 'ਹਾਏ' 'ਹਾਏ' ਦੀ ਕੂਕ ਬੁਲੰਦ ਕਰਦੀਆਂ ਹਨ। ਮਿਸਾਲ ਦੇ ਤੌਰ ਤੇ ਜੇ ਕੋਈ ਜਵਾਨ ਮਰ ਗਿਆ ਹੋਵੇ ਤਾ ਮਿਰਾਸਣ ਅਲਾਹੁਣੀ ਦਿੰਦੀ ਹੈ :—

ਮੱਸ ਅਜੇ ਨਾ ਫੁਟੀ, ਸ਼ੇਰ ਸਰੂ ਜਿਹਾ ।

ਬਾਕੀ ਦੀਆਂ ਸੱਭੇ ਬੋਲ ਉੱਠਦੀਆਂ ਹਨ :—

ਹਾਇਆ ! ਸ਼ੇਰ ਸਰੂ ਜਿਹਾ !

ਫੇਰ ਮਿਰਾਸਣ ਕਹਿੰਦੀ ਹੈ :—

ਲੁਟੀ ਵੇ ਮੈਂ ਲੁਟੀ, ਸ਼ੇਰ ਸਰੂ ਜਿਹਾ !

ਬਾਕੀ ਦੀਆਂ ਸਾਰੀਆਂ ਉਹ ਤੁਕ 'ਹਾਇਆ ਸ਼ੇਰ ਸਰੂ ਜਿਹਾ' ਕਹਿੰਦੀਆਂ ਤੇ ਧੜਾ ਧੜ ਪਿਟਦੀਆਂ ਹਨ । ਇਸੇ ਤਰ੍ਹਾਂ ਇਹ ਅਲਾਹੁਣੀ

ਅਗੇ ਤੁਰੀ ਜਾਂਦੀ ਹੈ :—

ਰੋਵੇ ਚੂੜੇ ਵਾਲੀ, ਸ਼ੇਰ ਸਰੂ ਜਿਹਾ ।
ਹਾਇਆ ! ਸ਼ੇਰ ਸਰੂ ਜਿਹਾ !
ਮੇਰਾ ਚੂੜਾ ਓਸੇ ਲਾਲੀ, ਸ਼ੇਰ ਸਰੂ ਜਿਹਾ !
ਹਾਇਆ, ਸ਼ੇਰ ਸਰੂ ਜਿਹਾ !
ਰੋਣ ਬਿਗਾਨੇ ਸੱਕੇ, ਸ਼ੇਰ ਸਰੂ ਜਿਹਾ ... ...

ਜੇ ਜਵਾਨ ਕੁੜੀ ਮਰ ਗਈ ਹੋਵੇ ਤਾਂ ਇਸ ਤਰ੍ਹਾਂ ਦੀ ਅਲਾਹੁਣੀ ਦਿੱਤੀ ਜਾਂਦੀ ਹੈ :—

ਸੋਹਣੀ ਛੈਲ ਛਬੀਲੀ, ਧੀਏ ਮੋਰਨੀਏ !
ਹੈ, ਹੈ, ਧੀਏ ਮੋਰਨੀਏ !
ਲੰਮੇ ਲੰਮੇ ਵਾਲ, ਧੀਏ ਮੋਰਨੀਏ !
ਹੈ, ਹੈ, ਧੀਏ ਮੋਰਨੀਏ !
ਗਈ ਜਹਾਨੋਂ ਖ਼ਾਲੀ, ਧੀਏ ਮੋਰਨੀਏ !
ਹੈ, ਹੈ, ਧੀਏ ਮੋਰਨੀਏ !
ਛੱਡ ਗਈ ਘਰ ਬਾਰ, ਧੀਏ ਮੋਰਨੀਏ !
ਹੈ, ਹੈ, ਧੀਏ ਮੋਰਨੀਏ !

ਇਸ ਵਿਚ ਕੋਈ ਸ਼ੱਕ ਨਹੀਂ ਕਿ ਕੂੰਜਾਂ ਦੀ ਕੁਰਲਾਟ ਵਿਚ ਦਰਦ ਭਰਿਆ ਹੁੰਦਾ ਹੈ ਪਰ ਅਲਾਹੁਣੀਆਂ ਆਮ ਤੌਰ ਤੇ ਇਤਨੀਆਂ ਬਣਾਉਟੀ, ਦਿਖਾਵੇ-ਭਰੀਆਂ ਤੇ ਸਰੀਰ ਲਈ ਇਤਨੀਆਂ ਹਾਨੀਕਾਰਕ ਹੁੰਦੀਆਂ ਹਨ ਕਿ ਦਿਲ ਦਾ ਗ਼ੁਬਾਰ ਤਾਂ ਭਾਵੇਂ ਕੱਢ ਦੇਂਦੀਆਂ ਹੋਣ ਪਰ ਇਹਨਾਂ ਵਿਚੋਂ ਖ਼ਾਲਸ ਜਜ਼ਬੇ ਦੀ ਟੁਣਕਾਰ ਨਹੀਂ ਆਉਂਦੀ। ਸ਼ਾਇਦ ਇਸੇ ਕਰਕੇ ਸਿੱਖਾਂ ਵਿਚ ਅਲਾਹੁਣੀਆਂ ਦੀ ਥਾਂ ਕੀਰਤਨ ਸੋਹਿਲੇ ਜਾਂ ਸੁਖਮਨੀ ਦੇ ਪਾਠ ਕਰਨ ਦਾ ਰਿਵਾਜ ਹੈ ।

———

# ਅਕਾਸ਼ਾਂ ਦੇ ਵਾਸੀ

ਪ੍ਰੋ: ਲਖਬੀਰ ਸਿੰਘ

ਜਦੋਂ ਮਨੁੱਖਤਾ ਅਜੇ ਆਪਣੇ ਬਾਲਪਣ ਵਿਚ ਹੀ ਸੀ, ਉਸ ਵੇਲੇ ਖ਼ਿਆਲ ਸੀ ਕਿ ਇਸ ਬ੍ਰਹਿਮੰਡ ਵਿਚ ਕੇਵਲ ਧਰਤੀ ਹੀ ਮਾਦੇ ਦਾ ਇੱਕ ਟੁਕੜਾ ਹੈ ਅਤੇ ਬਾਕੀ ਚੰਦ, ਸੂਰਜ ਅਰ ਤਾਰੇ ਕੇਵਲ ਇਸ ਦੀ ਸਜਾਵਟ ਲਈ ਅਕਾਸ਼ੀ ਦੀਪ* ਹਨ। ਇਸ ਤੋਂ ਬਾਅਦ ਹੌਲੀ ਹੌਲੀ ਮਹਿਸੂਸ ਕੀਤਾ ਜਾਣ ਲਗ ਪਿਆ ਕਿ ਕੁਦਰਤ ਕੇਵਲ ਧਰਤੀ ਤਕ ਹੀ ਮਹਿਦੂਦ ਨਹੀਂ। ਇਸ ਕੁਦਰਤ ਦੇ ਕਾਦਰ ਨੇ ਹੋਰ ਵੀ ਅਨੇਕਾਂ ਧਰਤੀਆਂ, ਚੰਦ ਅਰ ਸੂਰਜ ਬਣਾਏ ਹੋਣਗੇ! ਜੇ ਧਰਤੀ ਉੱਤੇ ਵੱਸੋਂ ਹੈ ਤਾਂ ਹੋਰ ਕਈ ਥਾਂਈਂ ਵੀ ਇਹੋ ਜਿਹੇ ਵਸਨੀਕ ਹੋ ਸਕਦੇ ਹਨ, ਜਿਨ੍ਹਾਂ ਵਿਚੋਂ ਕਈ ਸਾਡੇ ਨਾਲੋਂ ਵੀ ਕਿਤੇ ਜ਼ਿਆਦਾ ਲਾਇਕ ਅਤੇ ਸੁਚੱਜੇ ਹੋਣਗੇ। ਇਹੋ ਜਿਹੇ ਵਿਚਾਰਾਂ ਦੇ ਆਸਰੇ ਦੇਵ ਲੋਕ, ਪਾਤਾਲ, ਫ਼ਰਿਸ਼ਤੇ, ਪਰੀਆਂ ਤੇ ਦਿਉਆਂ ਦੇ ਅਨੇਕਾਂ ਕਿੱਸੇ ਕਹਾਣੀਆਂ ਬਣਦੇ ਰਹੇ ਹਨ।

ਅਜ ਸਾਇੰਸ ਬਹੁਤ ਤਰੱਕੀ ਕਰ ਚੁਕੀ ਹੈ। ਵੱਡੀਆਂ ਵੱਡੀਆਂ ਦੇਵ-ਕੱਦ* ਦੂਰਬੀਨਾਂ ਬਣਾਈਆਂ ਜਾ ਚੁਕੀਆਂ ਹਨ, ਜੋ ਇੱਕ ਛੋਟੀ ਜਿਹੀ ਇਨਸਾਨੀ ਅੱਖ ਦੇ ਮੁਕਾਬਲੇ ਵਿਚ ਲੱਖਾਂ ਅੱਖਾਂ ਦੇ ਬਰਾਬਰ ਕੰਮ ਕਰਦੀਆਂ ਹਨ। ਇਨ੍ਹਾਂ ਵਿਚੋਂ ਇਕ ਦੂਰਬੀਨ ਦਾ ਸ਼ੀਸ਼ਾ ੧੦੦ ਇੰਚ ਚੌੜਾ ਹੈ ਅਤੇ ਇਕ ਹੋਰ ਬਣ ਰਹੀ ਦੂਰਬੀਨ ਦਾ ਸ਼ੀਸ਼ਾ ਇਸ ਤੋਂ ਵੀ ਦੂਣਾ ਹੈ। ਇਨ੍ਹਾਂ ਦੂਰਬੀਨਾਂ ਦੇ ਰਾਹੀਂ ਅਤੇ ਸਾਇੰਸ ਦੇ ਹੋਰ ਕਈ ਜੰਤ੍ਰਾਂ ਦੀ ਮਦਦ ਨਾਲ ਚੰਦ, ਸੂਰਜ ਅਰ ਤਾਰਿਆਂ ਬਾਰੇ ਬਹੁਤ ਕੁਝ ਮਾਲੂਮ ਕੀਤਾ ਜਾ ਚੁਕਾ ਹੈ। ਆਓ, ਅੱਜ ਅਸੀਂ ਸਾਇੰਸ ਦੀਆਂ ਅੱਖਾਂ ਨਾਲ ਇਸ ਬ੍ਰਹਿਮੰਡ ਨੂੰ ਵੇਖੀਏ।

ਕੁਦਰਤ ਵਿਚ ਮਾਦੇ ਦਾ ਲਗ ਭਗ ਸਾਰਾ ਹੀ ਹਿੱਸਾ ਤਾਰਿਆਂ ਦੀ ਸ਼ਕਲ ਵਿਚ ਹੈ ਜਿਹੜੇ ਗਿਣਤੀ ਵਿਚ ਅਰਬਾਂ ਖਰਬਾਂ ਹਨ। ਤਾਰੇ ਬ੍ਰਹਿਮੰਡ ਦੀ ਵਿਸ਼ਾਲਤਾ* ਵਿਚ ਬੜੀ ਦੂਰ ਦੂਰ ਤਕ ਖਿਲਰੇ ਹੋਏ ਹਨ, ਇਥੋਂ ਤਕ ਕਿ ਕਈਆਂ ਦੇ ਇਕੱਠਾਂ ਦੀ ਰੋਸ਼ਨੀ ਵੀ ਇਕ ਧੁੰਦਲਕੇ ਤੋਂ ਵਧ ਨਹੀਂ ਦਿੱਸਦੀ। ਅਕਾਸ਼ ਦੇ ਇੱਕ ਹਿੱਸੇ ਵਿਚ ਦਿੱਸਦਾ ਤਾਰਿਆਂ ਦਾ ਧੁੰਦਲਾ ਜਿਹਾ ਰਾਹ, ਜਿਸ ਨੂੰ "ਸੁਰਗਾਂ ਦਾ ਰਾਹ" ਕਹਿੰਦੇ ਹਨ, ਇਹੋ ਜਿਹੇ ਦੁਰੇਡੇ ਤਾਰਿਆਂ ਦਾ ਇਕੱਠ ਹੈ ਜੋ ਦੂਰੀ ਦੇ ਕਾਰਨ ਵੱਖ ਵੱਖ ਨਹੀਂ ਦਿੱਸਦੇ। ਸੂਰਜ ਵੀ ਇੱਕ ਤਾਰਾ ਹੈ ਪਰ ਬਹੁਤ ਨੇੜੇ ਹੋਣ ਕਰਕੇ ਵੱਡਾ ਜਾਪਦਾ ਹੈ। ਸੂਰਜ ਕੇਵਲ ਬਾਕੀ ਤਾਰਿਆਂ ਦੇ ਮੁਕਾਬਲੇ ਵਿਚ ਹੀ ਨੇੜੇ ਕਿਹਾ ਜਾ ਸਕਦਾ ਹੈ। ਉਂਜ ਤਾਂ ਇਹ ਵੀ ਇਤਨੀ ਦੂਰ ਹੈ ਕਿ ਇਸ ਦੇ ਫ਼ਾਸਲੇ ਨੂੰ ਅਨੁਭਵ ਕਰਨਾ ਵੀ ਬੜਾ ਮੁਸ਼ਕਲ ਹੈ। ਰੋਸ਼ਨੀ ਦੀਆਂ ਕਿਰਨਾਂ ਇੱਕ ਸਕਿੰਟ ਵਿਚ ੧੮੬,੦੦੦ ਮੀਲ ਸਫ਼ਰ ਕਰਦੀਆਂ ਹਨ। ਜੇ ਅਸੀਂ ਰੋਸ਼ਨੀ ਦੀਆਂ ਕਿਰਨਾਂ ਤੇ ਬੈਠ ਕੇ ਅਕਾਸ਼ਾਂ ਦੀ ਸੈਰ ਨੂੰ ਨਿਕਲੀਏ, ਤਾਂ ਸੂਰਜ ਤਕ ਪਹੁੰਚਣ ਵਿਚ ਸਾਨੂੰ ਕੇਵਲ ੮ ਮਿੰਟ ਲਗਣਗੇ ਪਰ ਇਸ ਤੋਂ ਬਾਅਦ ਕਈ ਘੰਟੇ ਕਈ ਦਿਨ, ਕਈ ਮਹੀਨੇ ਅਰ ਕਈ ਸਾਲ ਗੁਜ਼ਰ ਜਾਣਗੇ

ਪਰ ਕੋਈ ਤਾਰਾ ਨਹੀਂ ਆਵੇਗਾ। ਸਭ ਤੋਂ ਪਹਿਲੇ ਤਾਰੇ ਤਕ ਅਸੀਂ ਕੋਈ ਚਾਰ ਸਾਲਾਂ ਵਿਚ ਪਹੁੰਚਾਂਗੇ। ਤਾਰਿਆਂ ਦੇ ਪਹਿਲੇ ਹਿੱਸਿਆਂ ਤਕ ਪਹੁੰਚਣ ਵਾਸਤੇ ਤਾਂ ਕਈ ਜੀਵਨ ਚਾਹੀਦੇ ਹਨ। ਅਸੀਂ ਜਿਹੜੀ ਰੋਸ਼ਨੀ ਤਾਰਿਆਂ ਦੇ ਰਾਹ ਤੋਂ ਆਉਂਦੀ ਵੇਖਦੇ ਹਾਂ ਉਹ ਅਜ ਤੋਂ ਹਜ਼ਾਰਾਂ ਸਾਲ ਪਹਿਲੋਂ ਉੱਥੋਂ ਚਲੀ ਸੀ, ਜਦੋਂ ਕਿ ਅਜੇ ਇਨਸਾਨ ਇਸ ਧਰਤੀ ਤੇ ਪੈਦਾ ਹੀ ਹੋਇਆ ਸੀ ਅਤੇ ਬਾਕੀ ਜਾਨਵਰਾਂ ਵਾਂਗ ਜੰਗਲਾਂ ਵਿਚ ਰਹਿੰਦਾ ਸੀ। ਇਸ ਰੋਸ਼ਨੀ ਦੇ ਆਉਂਦਿਆਂ ਆਉਂ-ਦਿਆਂ ਸਭਿਅਤਾ ਦੀ ਨੀਂਹ ਬੱਝੀ, ਕਈ ਸਲਤਨਤਾਂ ਬਣੀਆਂ ਅਤੇ ਕਈ ਢਹੀਆਂ। ਰਾਮਾਇਣ ਅਤੇ ਮਹਾਂ ਭਾਰਤ ਦੇ ਯੁਧ, ਸਿਕੰਦਰ ਦਾ ਹੱਲਾ, ਅਸ਼ੋਕ ਦਾ ਰਾਜ, ਮੁਗ਼ਲਾਂ ਦੇ ਡਾਕੇ, ਅੰਗਰੇਜ਼ਾਂ ਦੀਆਂ ਚਾਲਾਕ ਨੀਤੀਆਂ, ਗਾਂਧੀ ਜੀ ਦੇ ਸਤਿਆਗ੍ਰਹਿ ਅਤੇ ਭਾਰਤ ਦੀ ਆਜ਼ਾਦੀ ਦਾ ਦਿਨ, ਭਾਵ ਮਨੁੱਖੀ ਸਭਿਅਤਾ ਦਾ ਸਾਰਾ ਇਤਿਹਾਸ ਆਪਣੀ ਅੱਖੀਂ ਵੇਖਦੀਆਂ ਇਹ ਕਿਰਨਾਂ ਅੱਜ ਸਾਡੇ ਤਕ ਪੁਜਦੀਆਂ ਹਨ। ਇਸ ਕੁਦਰਤ ਦੇ ਵਡੱਪਣ ਦਾ ਠੀਕ ਅੰਦਾਜ਼ਾ ਕੇਵਲ ਸਾਇੰਸ ਹੀ ਲਾ ਸਕਦੀ ਹੈ ਅਰ ਇਸ ਦੇ ਕਾਦਰ ਦੀ ਸਮਝ, ਸੋਚ ਅਰ ਤਾਕਤ ਅਗੇ ਆਪਣਾ ਸਿਰ ਝੁਕਾਉਂਦੀ ਹੈ!

ਸਾਡਾ ਸੂਰਜ ਅਕਾਸ਼ੀ ਤਾਰਿਆਂ ਦਾ ਇੱਕ ਨੁਮਾਇੰਦਾ ਹੈ ਜਿਸ ਨੂੰ ਨੇੜੇ ਹੋਣ ਕਰਕੇ ਅਸੀਂ ਚੰਗੀ ਤਰ੍ਹਾਂ ਦੇਖ ਭਾਲ ਸਕਦੇ ਹਾਂ। ਬਾਕੀ ਤਾਰੇ ਵੀ ਇਸ ਵਾਂਗ ਹਨ, ਕੁਝ ਜ਼ਰਾ ਵੱਡੇ ਅਤੇ ਕੁਝ ਜ਼ਰਾ ਛੋਟੇ, ਕੁਝ ਜ਼ਰਾ ਵਧੇਰੇ ਗਰਮ ਅਤੇ ਕੁਝ ਜ਼ਰਾ ਘੱਟ। ਵਡੀਆਂ ਦੂਰਬੀਨਾਂ ਰਾਹੀਂ ਸੂਰਜ ਇੱਕ ਭੜਕਦੀ ਅੱਗ ਦਾ ਸਮੁੰਦਰ ਜਾਪਦਾ ਹੈ। ਇਥੇ ਇਤਨੀ ਗਰਮੀ ਹੈ ਕਿ ਕੋਈ ਚੀਜ਼ ਵੀ ਠੋਸ ਜਾਂ ਪਿਘਲੀ ਹੋਈ ਨਹੀਂ ਰਹਿ ਸਕਦੀ। ਲੋਹੇ ਤਾਂਬੇ ਵਰਗੀਆਂ ਧਾਤਾਂ ਵੀ ਨਾ ਕੇਵਲ ਪਿਘਲ ਹੀ ਜਾਂਦੀਆਂ ਹਨ, ਸਗੋਂ ਪਾਣੀ ਦੀ ਭਾਫ਼ ਵਾਂਗ ਹਵਾੜ ਬਣ ਕੇ ਉੱਡ ਵੀ ਜਾਂਦੀਆਂ ਹਨ। ਹਰ ਪਾਸੇ ਅੱਗ ਦਾ ਇੱਕ ਮਹਾਨ ਤੂਫ਼ਾਨ ਨਜ਼ਰ ਆਉਂਦਾ ਹੈ।

ਇਹੋ ਜਹੇ ਹਾਲਾਤ ਵਿਚ ਉੱਥੇ ਜੀਵਾਂ ਦੀ ਕੀ ਆਸ ਹੋ ਸਕਦੀ ਹੈ? ਜੇਕਰ ਇੱਥੇ ਕੋਈ ਜੀਵ ਨਹੀਂ, ਤਾਂ ਬਾਕੀ ਤਾਰਿਆਂ ਤੇ ਵੀ ਨਹੀਂ ਹੋ ਸਕਦੇ।

ਜੀਵਾਂ ਦੀ ਮਜੂਦਗੀ ਲਈ ਸਾਨੂੰ ਕੁਝ ਠੰਢੇ ਅਕਾਸ਼ੀ ਹਿੱਸਿਆਂ ਦੀ ਭਾਲ ਕਰਨੀ ਚਹੀਦੀ ਹੈ। ਸਾਡੀ ਧਰਤੀ ਮਾਦੇ ਦਾ ਇੱਕ ਠੰਢਾ ਗੋਲਾ ਹੈ ਜਿਸ ਵਿਚ ਆਪਣੀ ਰੌਸ਼ਨੀ ਅਤੇ ਗਰਮੀ ਕੋਈ ਨਹੀਂ। ਧਰਤੀ ਦਾ ਕੇਂਦਰ ਭਾਵੇਂ ਗਰਮ ਹੈ ਪਰ ਸਤਹਿ ਤਕ ਇਸ ਗਰਮੀ ਦਾ ਅਸਰ ਨਹੀਂ ਪਹੁੰਚਦਾ। ਇਥੋਂ ਦੀ ਗਰਮੀ ਸੂਰਜ ਦੇ ਹੀ ਕਾਰਨ ਹੈ ਅਤੇ ਜੀਵਾਂ ਦੇ ਐਨ ਮੁਆਫ਼ਕ ਹੈ। ਸਾਇੰਸ ਦੀ ਖੋਜ ਤੋਂ ਪਤਾ ਲਗਦਾ ਹੈ ਕਿ ਕੇਵਲ ਧਰਤੀ ਹੀ ਮਾਦੇ ਦਾ ਅਜੇਹਾ ਗੋਲਾ ਨਹੀਂ। ਇਹੋ ਜਹੇ ਹੋਰ ਅੱਠ ਗੋਲੇ ਹਨ ਜਿਨ੍ਹਾਂ ਵਿਚ ਆਪਣੀ ਕੋਈ ਰੋਸ਼ਨੀ ਜਾਂ ਗਰਮੀ ਨਹੀਂ। ਇਹ ਸਾਰੇ ਧਰਤੀ ਵਾਂਗ ਸੂਰਜ ਦੇ ਦੁਆਲੇ ਚੱਕਰ ਲਾਂਦੇ ਹਨ। ਇਨ੍ਹਾਂ ਨੂੰ ਸਿਆਰੇ ਜਾਂ ਗ੍ਰਹਿ ਕਿਹਾ ਜਾਂਦਾ ਹੈ। ਇਹ ਦਿੱਸਦੇ ਤਾਂ ਤਾਰਿਆਂ ਵਰਗੇ ਹੀ ਹਨ ਪਰ ਦੋ ਚਾਰ ਰਾਤਾਂ ਲਗਾਤਾਰ ਵੇਖਣ ਤੇ ਪਛਾਣੇ ਜਾ ਸਕਦੇ ਹਨ। ਤਾਰੇ ਤਾਂ ਹਮੇਸ਼ਾਂ ਇਕੋ ਸ਼ਕਲ ਵਿਚ ਰਹਿੰਦੇ ਹਨ, ਪਰ ਇਹ ਸਿਆਰੇ ਸੂਰਜ ਦੁਆਲੇ ਹੌਲੀ ਹੌਲੀ ਚੱਕਰ ਲਾਉਂਦੇ ਰਹਿਣ ਦੇ ਕਾਰਨ ਰੋਜ਼ ਆਪਣੀ ਥਾਂ ਥੋਹੜੀ ਜਿਹੀ ਬਦਲਦੇ ਰਹਿੰਦੇ ਹਨ। ਕਿਉਂਕਿ ਇਹ ਸਿਆਰੇ ਹਰ ਤਰ੍ਹਾਂ ਸਾਡੀ ਧਰਤੀ ਵਾਂਗ ਹਨ, ਇਸ ਲਈ ਇਨ੍ਹਾਂ ਉਤੇ ਵੱਸੋਂ ਦੀ ਆਸ ਹੋ ਸਕਦੀ ਹੈ।

ਇਹ ਸਾਰੇ ਸਿਆਰੇ ਅੱਡ ਅੱਡ ਫ਼ਾਸਲਿਆਂ ਤੇ ਸੂਰਜ ਦੁਆਲੇ ਚੱਕਰ ਲਾਂਦੇ ਹਨ, ਦੋ ਧਰਤੀ ਨਾਲੋਂ ਸੂਰਜ ਦੇ ਜ਼ਿਆਦਾ ਨੇੜੇ ਹਨ ਅਤੇ ਬਾਕੀ ਦੁਰੇਡੇ ਹਨ। ਜਿਨਾਂ ਕੋਈ ਸਿਆਰਾ ਸੂਰਜ ਦੇ ਨੇੜੇ ਹੋਵੇਗਾ ਉਤਨਾ ਹੀ ਉਹ ਜ਼ਿਆਦਾ ਗਰਮ ਹੋਵੇਗਾ ਅਤੇ ਜਿਤਨਾਂ ਉਹ ਦੂਰ ਹੋਵੇਗਾ ਉਤਨਾ ਹੀ ਵਧੇਰੇ ਠੰਢਾ। ਸੂਰਜ ਵਲੋਂ ਸਭ ਤੋਂ ਨੇੜੇ ਸਿਆਰੇ

ਨੂੰ ਅੰਗਰੇਜ਼ੀ ਵਿਚ 'ਮਰਕਰੀ' ਅਤੇ ਹਿੰਦੁਸਤਾਨ ਵਿਚ 'ਬੁੱਧ' ਕਹਿਦੇ ਹਨ। ਇਹ ਸਿਆਰਾ ਸੂਰਜ ਦੇ ਇਤਨਾ ਨੇੜੇ ਹੈ ਕਿ ਸੂਰਜ ਦੀ ਖਿੱਚ ਦੇ ਕਾਰਨ ਆਪਣੇ ਦੁਆਲੇ ਨਹੀਂ ਘੁੰਮ ਸਕਦਾ। ਸੋ ਸੂਰਜ ਦੇ ਦੁਆਲੇ ਚੱਕਰ ਲਗਾਂਦਿਆਂ ਹੋਇਆਂ, ਮਦਾਰੀ ਦੇ ਬਾਂਦਰ ਵਾਂਗ, ਜੋ ਘੁੰਮਦਿਆਂ ਆਪਣਾ ਮੂੰਹ ਹਮੇਸ਼ਾਂ ਮਦਾਰੀ ਵਲ ਰਖਦਾ ਹੈ, ਇਸ ਦਾ ਇੱਕ ਪਾਸਾ ਹਮੇਸ਼ਾਂ ਸੂਰਜ ਵਲ ਰਹਿੰਦਾ ਹੈ ਜਿਥੇ ਸਦਾ ਧੁੱਪ ਪੈਂਦੀ ਰਹਿੰਦੀ ਹੈ ਅਤੇ ਦੂਜੇ ਅੱਧੇ ਪਾਸੇ ਉਤੇ ਸਦਾ ਰਾਤ ਰਹਿੰਦੀ ਹੈ। ਇਸ ਸਿਆਰੇ ਉਤੇ ਹਵਾ ਪਾਣੀ ਵੀ ਕੋਈ ਨਹੀਂ ਜਿਸ ਕਰਕੇ ਹਨੇਰੀ, ਮੀਂਹ, ਬੱਦਲ, ਆਦਿਕ ਨਹੀਂ ਹੁੰਦੇ। ਇੱਕ ਤਾਂ ਸੂਰਜ ਦੀ ਨਜ਼ਦੀਕੀ, ਦੂਜੇ ਹਮੇਸ਼ਾਂ ਦੀ ਬੇਰੋਕ ਟੋਕ ਕੜਕਦੀ ਧੁੱਪ ਦੇ ਕਾਰਨ ਇਸ ਦੇ ਇੱਕ ਹਿੱਸੇ ਵਿਚ ਇਤਨੀ ਗਰਮੀ ਹੋ ਜਾਂਦੀ ਹੈ ਕਿ ਸਿੱਕੇ ਵਰਗੀਆਂ ਧਾਤਾਂ ਪਿਘਲ ਕੇ ਵਗ ਤੁਰਦੀਆਂ ਹਨ। ਇੱਕ ਕਹਿਰ ਦੀ ਗਰਮੀ, ਦੂਜੇ ਹਵਾ ਪਾਣੀ ਦੇ ਨਾ ਹੋਣ ਕਰਕੇ ਇਥੇ ਜੀਵਾਂ ਦਾ ਵੱਸਣਾ ਅਸੰਭਵ ਹੈ।

ਨੰਬਰ ਦੋ ਸਿਆਰਾ 'ਵੀਨਸ' ਜਾਂ 'ਸ਼ੁੱਕਰ' ਹੈ। ਇਹ, ਧਰਤੀ ਦਾ, ਸੂਰਜ ਵਾਲੇ ਪਾਸੇ ਗਵਾਂਢੀ ਹੈ। ਸੋ ਇਥੇ ਹਾਲਾਤ ਕੁਝ ਕੁਝ ਧਰਤੀ ਵਾਂਗ ਹੀ ਹੋਣਗੇ ਪਰ ਜ਼ਰਾ ਜ਼ਿਆਦਾ ਗਰਮ। ਦੂਰਬੀਨਾਂ ਰਾਹੀਂ ਪਤਾ ਲਗਦਾ ਹੈ ਕਿ ਇਥੇ ਹਵਾ ਵੀ ਹੈ ਅਤੇ ਪਾਣੀ ਵੀ, ਕਿਉਂ ਜੁ ਇਸ ਉਤੇ ਹਮੇਸ਼ਾਂ ਬੱਦਲ ਬਣੇ ਰਹਿੰਦੇ ਹਨ। ਇਥੋਂ ਤਕ ਕਿ ਬੱਦਲ ਕਦੇ ਹਟੇ ਹੀ ਨਹੀਂ, ਜਿਸ ਕਰਕੇ ਅਸੀਂ ਇਸ ਦੀ ਸਤਹਿ ਦਾ ਹਾਲ ਨਹੀਂ ਵੇਖ ਸਕਦੇ। ਗਰਮੀ ਵੀ ਬਹੁਤ ਜ਼ਿਆਦਾ ਨਹੀਂ ਜਿਸ ਕਰਕੇ ਇਥੇ ਵੱਸੋਂ ਦੀ ਕੁਝ ਆਸ ਹੋ ਸਕਦੀ ਹੈ ਪਰ ਹੋਰ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਇਸ ਸਿਆਰੇ ਦੀ ਹਵਾ ਵਿਚ ਆਕਸੀਜਨ ਗੈਸ ਨਹੀਂ ਹੈ। ਕਿਸੇ ਚੀਜ਼ ਤੋਂ ਆਉਣ ਵਾਲੀ ਰੋਸ਼ਨੀ ਨੂੰ ਇੱਕ ਜੰਤਰ ਸਪੈਕਟਰੋਮੀਟਰ ਨਾਲ ਅੱਡ ਅੱਡ ਲੀਕਾਂ ਵਿਚ ਖਿੰਡਾ ਕੇ ਜਾਂਚਿਆ ਜਾ ਸਕਦਾ ਹੈ ਕਿ ਉਹ ਰੋਸ਼ਨੀ ਕਿਸ ਕਿਸ ਚੀਜ਼ ਤੋਂ ਆ ਰਹੀ ਹੈ। ਰੋਸ਼ਨੀ

ਦੀ ਰੰਗ-ਵਾਰ ਵੰਡ ਵਿਚ ਹਰ ਚੀਜ਼ ਦੀ ਰੋਸ਼ਨੀ ਦੀ ਆਪੋ ਆਪਣੀ ਥਾਂ ਹੁੰਦੀ ਹੈ। ਵੀਨਸ ਦੀ ਰੋਸ਼ਨੀ ਦੀ ਰੰਗ-ਵਾਰ ਵੰਡ ਵਿਚ ਆਕਸੀਜਨ ਨਜ਼ਰ ਨਹੀਂ ਆਉਂਦੀ।

ਆਕਸੀਜਨ ਇੱਕ ਐਸੀ ਗੈਸ ਹੈ ਜੋ ਚੀਜ਼ਾਂ ਦੇ ਬਾਲਣ ਵਿਚ ਸਹਾਇਤਾ ਦੇਂਦੀ ਹੈ, ਜਿਸ ਨਾਲ ਗਰਮੀ ਅਰ ਤਾਕਤ ਪੈਦਾ ਹੁੰਦੀ ਹੈ। ਸਾਡੇ ਜਿਸਮ ਅੰਦਰ ਵੀ ਆਕਸੀਜਨ ਖ਼ੁਰਾਕ ਨਾਲ ਮਿਲ ਕੇ ਤਾਕਤ ਅਰ ਗਰਮੀ ਪੈਦਾ ਕਰਦੀ ਹੈ । ਸੋ ਜੇ ਇਥੇ ਆਕਸੀਜਨ ਨਹੀਂ ਤਾਂ ਇਥੇ ਜੀਵ ਨਹੀਂ ਹੋ ਸਕਦੇ । ਹਵਾ ਦੀ ਕਿਸੇ ਹੋਰ ਗੈਸ ਵਿਚ ਇਹ ਖ਼ਾਸੀਅਤ ਨਹੀਂ ਕਿ ਉਹ ਚੀਜ਼ਾਂ ਨਾਲ ਮਿਲ ਕੇ ਗਰਮੀ ਅਰ ਤਾਕਤ ਪੈਦਾ ਕਰ ਸਕੇ।

ਸਾਡੀ ਧਰਤੀ ਅਰ ਬਾਕੀ ਸਿਆਰੇ ਇਕੱਠੇ ਬਣੇ ਸਨ । ਜੇਕਰ ਧਰਤੀ ਤੇ ਆਕਸੀਜਨ ਹੈ ਤਾਂ ਇਥੇ ਵੀ ਜ਼ਰੂਰ ਹੋਣੀ ਚਾਹੀਦੀ ਹੈ। ਵੀਨਸ ਉਤੇ ਗਰਮੀ ਦੇ ਕਾਰਨ ਛੇਤੀ ਛੇਤੀ ਚੀਜ਼ਾਂ ਦੇ ਜਲਣ ਨਾਲ ਇਥੋਂ ਦੀ ਆਕਸੀਜਨ ਖ਼ਤਮ ਹੋ ਗਈ ਹੈ । ਪਰ ਸਾਡੀ ਧਰਤੀ ਉਤੇ ਵੀ ਰੋਜ਼ ਚੀਜ਼ਾਂ ਦੇ ਬਲਣ ਅਤੇ ਅਨੇਕਾਂ ਜਾਨਦਾਰਾਂ ਦੇ ਸਾਹ ਲੈਣ ਦੇ ਕਾਰਨ ਆਕਸੀਜਨ ਕਾਰਬਨ-ਡਾਈਆਕਸਾਈਡ ਗੈਸ ਵਿਚ ਬਦਲਦੀ ਜਾ ਰਹੀ ਹੈ। ਕੀ ਧਰਤੀ ਦੀ ਆਕਸੀਜਨ ਵੀ ਕਦੇ ਮੁਕ ਜਾਏਗੀ ? ਨਹੀਂ, ਇਥੋਂ ਦੀ ਆਕਸੀਜਨ ਨੂੰ ਕੋਈ ਖ਼ਤਰਾ ਨਹੀਂ। ਧਰਤੀ ਦੇ ਪੌਦੇ ਅਰ ਦਰਖ਼ਤ ਕਾਰਬਨ-ਡਾਈ-ਆਕਸਾਈਡ ਗੈਸ ਖਾਂਦੇ ਹਨ ਜਿਸ ਨਾਲ ਉਨ੍ਹਾਂ ਦੇ ਜਿਸਮ ਦੀ ਖ਼ੁਰਾਕ ਨਿਸ਼ਾਸਤਾ ਆਦਿਕ ਬਣਦੇ ਹਨ ਅਤੇ ਇਸ ਦੇ ਨਾਲ ਹੀ ਪੌਦੇ ਆਕਸੀਜਨ ਗੈਸ ਵਾਪਸ ਹਵਾ ਵਿਚ ਭੇਜ ਦੇਂਦੇ ਹਨ। ਦਰਖ਼ਤਾਂ ਦਾ ਹਰ ਪੱਤਾ ਅਰ ਘਾਹ ਦਾ ਹਰ ਤਿਨਕਾ ਆਕਸੀਜਨ ਬਣਾਉਣ ਦੀ ਇੱਕ ਮਸ਼ੀਨ ਹੈ। ਵੀਨਸ ਦੀ ਆਕਸੀਜਨ ਖ਼ਤਮ ਹੋ ਜਾਣ ਤੋਂ ਪਤਾ ਲਗਦਾ ਹੈ ਕਿ ਇਥੇ ਬਨਸਪਤੀ ਵੀ ਕੋਈ ਨਹੀਂ।

ਵੀਨਸ ਦੇ ਬਾਅਦ ਧਰਤੀ ਹੈ ਅਰ ਇਸ ਦੇ ਬਾਅਦ ਹੈ ਸਿਆਰਾ 'ਮੰਗਲ', ਜਿਸ ਨੂੰ ਅੰਗਰੇਜ਼ੀ ਵਿਚ 'ਮਾਰਜ਼' ਕਹਿੰਦੇ ਹਨ। ਇਹ ਧਰਤੀ ਦੇ ਦੂਜੇ ਪਾਸੇ ਦਾ ਗਵਾਂਢੀ ਹੈ। ਇਹ ਸਾਡੀ ਧਰਤੀ ਤੋਂ ਛੋਟਾ ਹੈ ਅਤੇ ਕੁਝ ਜ਼ਿਆਦਾ ਠੰਢਾ। 'ਇਥੇ ਹਵਾ ਹੈ ਪਰ ਧਰਤੀ ਨਾਲੋਂ ਇਸ ਦਾ ਵਾਯੂ-ਮੰਡਲ ਬਹੁਤ ਛੋਟਾ ਹੈ। ਇਥੋਂ ਦੀ ਜ਼ਮੀਨ ਸਖ਼ਤ ਪਥਰੀਲੀ ਹੈ ਅਤੇ ਵਾਦੀਆਂ ਤੇ ਪਹਾੜ ਸਭ ਮੌਜੂਦ ਹਨ। ਇਥੋਂ ਦੀ ਹਵਾ ਵਿਚ ਆਕਸੀਜਨ ਵੀ ਹੈ ਅਤੇ ਸਰਦੀ ਵੀ ਬਰਦਾਸ਼ਤ ਤੋਂ ਬਾਹਰ ਨਹੀਂ। ਦਿਨ ਵੇਲੇ ਤਾਂ ਠੰਢ ਦਾ ਦਰਜਾ ਇਸ ਦੇ ਖ਼ਤ-ਇਸਤਵਾ* ਉਤੇ ੫੦ ਡਿਗਰੀ ਹੁੰਦਾ ਹੈ। (ਸ਼ਿਮਲੇ ਦਾ ਦਰਜਾ ਹਰਾਰਤ ਗਰਮੀਆਂ ਵਿਚ ਕੋਈ ੭੦ ਡਿਗਰੀ ਹੁੰਦਾ ਹੈ) ਪਰ ਸ਼ਾਮ ਹੁੰਦੇ ਹੀ ਇੱਕ ਦਮ ਸਰਦੀ ਪੈਣੀ ਸ਼ੁਰੂ ਹੋ ਜਾਂਦੀ ਹੈ। ਕੋਈ ਇੱਕ ਦੋ ਘੰਟੇ ਵਿਚ ਬਰਫ਼ ਜਮ ਜਾਂਦੀ ਹੈ ਅਤੇ ਦਰਜਾ ਹਰਾਰਤ ਇਤਨਾ ਡਿਗ ਜਾਂਦਾ ਹੈ ਕਿ ਧਰਤੀ ਦੇ ਕੁਤਬਾਂ ਜਿਤਨੀ ਸਰਦੀ ਸ਼ੁਰੂ ਹੋ ਜਾਂਦੀ ਹੈ। ਜੇਕਰ ਕੁਤਬਾਂ ਤੇ ਅਸਕੀਮੋ ਰਹਿ ਸਕਦੇ ਹਨ ਤਾਂ ਇਥੋਂ ਦੇ ਵਸਨੀਕਾਂ ਵੀ ਕੋਈ ਨਾ ਕੋਈ ਪਰਬੰਧ ਕਰ ਲਿਆ ਹੋਣਾ ਹੈ।

ਇਥੇ ਪਾਣੀ ਦੀ ਹੋਂਦ ਦੇ ਬਹੁਤੇ ਆਸਾਰ ਨਜ਼ਰ ਨਹੀਂ ਆਉਂਦੇ। ਪਾਣੀ ਜੀਵਨ ਲਈ ਬਹੁਤ ਹੀ ਜ਼ਰੂਰੀ ਹੈ। ਸਾਡੇ ਸਰੀਰ ਦਾ ਕੋਈ ਤਿੰਨ ਚੁਥਾਈ ਹਿੱਸਾ ਪਾਣੀ ਦਾ ਹੀ ਬਣਿਆ ਹੋਇਆ ਹੈ। ਸਰੀਰ ਇੱਕ ਕਾਰਖ਼ਾਨਾ ਹੈ ਜਿਸ ਨੂੰ ਚਲਾਉਣ ਵਿਚ ਪਾਣੀ ਬਹੁਤ ਕੰਮ ਆਉਂਦਾ ਹੈ। ਸਰੀਰ ਦੇ ਅੰਦਰ ਖ਼ੁਰਾਕ ਦਾ ਹਜ਼ਮ ਹੋਣਾ, ਖ਼ੂਨ, ਮਾਸ, ਹੱਡੀ ਆਦਿਕ ਦਾ ਬਣਨਾ ਸਭ ਕੀਮਿਆਈ* ਅਮਲ ਹਨ ਜਿਨ੍ਹਾਂ ਵਿਚ ਪਾਣੀ ਬਹੁਤ ਸਹਾਇਤਾ ਦੇਂਦਾ ਹੈ। ਪਾਣੀ ਵਿਚ ਚੀਜ਼ਾਂ ਨੂੰ ਘੋਲਣ ਦੀ ਸ਼ਕਤੀ ਹੋਰਨਾਂ ਸਭ ਦ੍ਰਵਾਂ* ਤੋਂ ਵਧੇਰੇ ਹੈ। ਇਸੇ ਲਈ ਸਰੀਰਕ ਕਾਰ-ਖ਼ਾਨੇ ਦੀ ਇੱਕ ਥਾਂ ਬਣੀ ਹੋਈ ਚੀਜ਼ ਨੂੰ ਦੂਜੀ ਥਾਂ ਪੁਚਾਉਣ ਵਿਚ ਪਾਣੀ

ਬੜਾ ਕੰਮ ਆਉਂਦਾ ਹੈ। ਰੋਟੀ ਹਜ਼ਮ ਕਿਤੇ ਹੁੰਦੀ ਹੈ, ਖ਼ੂਨ ਕਿਤੇ ਬਣਦਾ ਹੈ, ਹੱਡੀ ਕਿਤੇ ਬਣਦੀ ਹੈ ਅਤੇ ਮਾਸ ਕਿਤੇ ਤਿਆਰ ਹੁੰਦਾ ਹੈ। ਲੋੜ ਅਨੁਸਾਰ ਚੀਜ਼ਾਂ ਨੂੰ ਥਾਂਉਂ ਥਾਂਈਂ ਅਪੜਾਣ ਦਾ ਕੰਮ ਪਾਣੀ ਹੀ ਕਰਦਾ ਹੈ। ਕੀਮਿਆਈ ਅਮਲਾਂ ਉਤੇ ਗਰਮੀ ਦਾ ਅਸਰ ਬਹੁਤ ਜ਼ਿਆਦਾ ਹੁੰਦਾ ਹੈ। ਜ਼ਰਾ ਜਿੰਨੀ ਗਰਮੀ ਵਧਣ ਨਾਲ ਕੀਮਿਆਈ ਅਮਲਾਂ ਦੀ ਰਫ਼ਤਾਰ ਬਹੁਤ ਵਧ ਜਾਂਦੀ ਹੈ। ਇਸੇ ਲਈ ਜਿਸਮ ਦਾ ਬਹੁਤਾ ਹਿੱਸਾ ਪਾਣੀ ਦਾ ਬਣਿਆ ਹੈ ਕਿਉਂਜੁ ਪਾਣੀ ਉਤੇ ਗਰਮੀ ਸਰਦੀ ਦਾ ਅਸਰ ਸਭ ਤੋਂ ਘੱਟ ਹੁੰਦਾ ਹੈ। ਪਾਣੀ ਦੀ ਵਧੇਰੀ ਮਿਕਦਾਰ ਦੇ ਕਾਰਨ ਹੀ ਜਿਸਮ ਦਾ ਦਰਜਾ ਹਮੇਸ਼ਾਂ ੯੮.੪ ਡਿਗਰੀ ਰਹਿੰਦਾ ਹੈ ਅਤੇ ਜ਼ਰਾ ਵੀ ਵਧ ਜਾਣ ਤੇ ਸਰੀਰਕ ਅਵਸਥਾ ਵਿਚ ਇਤਨਾ ਫ਼ਰਕ ਪੈ ਜਾਂਦਾ ਹੈ ਕਿ ਇਸ ਹਾਲਤ ਨੂੰ ਰੋਗ ਗਿਣਿਆ ਜਾਂਦਾ ਹੈ। ਪਾਣੀ ਤੋਂ ਛੁੱਟ ਹੋਰ ਕੋਈ ਐਸੀ ਵਸਤੂ ਨਹੀਂ ਜੋ ਸਰੀਰਕ ਕਾਰਖ਼ਾਨੇ ਨੂੰ ਚਲਾ ਸਕੇ।

ਮਾਰਜ਼ ਉਤੇ ਕਈ ਸਾਇੰਸਵੇਤਾਂ ਨੇ ਚਮਕਦਾਰ ਸਿੱਧੀਆਂ ਲੀਕਾਂ ਵੇਖੀਆਂ ਹਨ ਜਿਨ੍ਹਾਂ ਨੂੰ ਉਹ ਇਥੋਂ ਦੀਆਂ ਨਹਿਰਾਂ ਕਹਿੰਦੇ ਹਨ। ਇਸ ਦਰਯਾਫ਼ਤ ਨੇ ਇੱਕ ਹਲਚਲ ਜਹੀ ਮਚਾ ਦਿੱਤੀ ਸੀ ਅਤੇ ਇਥੋਂ ਦੇ ਵਸਨੀਕਾਂ ਦੇ ਬਾਰੇ ਕਈ ਕਿੱਸੇ ਕਹਾਣੀਆਂ, ਨਾਵਲ ਅਤੇ ਫ਼ਿਲਮਾਂ ਬਣ ਗਈਆਂ ਸਨ। ਜੇਕਰ ਨਹਿਰਾਂ ਦੀ ਹੋਂਦ ਸਾਬਤ ਹੋ ਜਾਏ ਤਾਂ ਸਿਆਰੇ ਉਤੇ ਵਸੋਂ ਦੀ ਹੋਂਦ ਯਕੀਨੀ ਹੋ ਜਾਂਦੀ ਹੈ ਪਰ ਸਾਇੰਸ ਦੀ ਕਰੜੀ ਖੋਜ ਇਸ ਦੀ ਪ੍ਰੋੜ੍ਹਤਾ ਨਹੀਂ ਕਰਦੀ। ਜਦ ਦੂਰਬੀਨਾਂ ਰਾਹੀਂ ਇਸ ਸਿਆਰੇ ਦੇ ਫ਼ੋਟੋ ਖਿਚੇ ਗਏ ਤਾਂ ਉਨ੍ਹਾਂ ਵਿਚ ਇਹ ਲੀਕਾਂ ਕਿਤੇ ਨਜ਼ਰ ਨਹੀਂ ਆਉਂਦੀਆਂ। ਮਨੁੱਖੀ ਅੱਖ ਵਿਚ ਨੇੜੇ ਨੇੜੇ ਚੀਜ਼ਾਂ ਨੂੰ ਮੇਲ ਜੋਲ ਕੇ ਮਨੋਂ ਬਣਾਈਆਂ ਸ਼ਕਲਾਂ ਅਤੇ ਕੰਧਾਂ ਉਤੇ ਕਲੀ ਦੇ ਛਿੱਟਿਆਂ ਦੇ ਚਿੜੀਆਂ ਤੋਤੇ ਆਮ ਮਸ਼ਹੂਰ ਹਨ। ਇਸ ਵਿਚਾਰ ਨੂੰ ਹੋਰ ਪੱਕਾ ਕਰਨ ਲਈ ਗਰੀਨਵਿਚ ਸ਼ਹਿਰ ਦੇ

ਇੱਕ ਸਾਇੰਸਦਾਨ ਨੇ ਸਕੂਲ ਦੇ ਮੁੰਡਿਆਂ ਨੂੰ ਮਾਰਜ਼ ਦਾ ਇੱਕ ਨਕਸ਼ਾ ਦਿਖਾਇਆ ਅਤੇ ਉਹਨਾਂ ਨੂੰ ਆਪ ਨਕਸ਼ਾ ਬਣਾਉਣ ਲਈ ਕਿਹਾ। ਲਗ ਭਗ ਸਾਰੇ ਮੁੰਡਿਆਂ ਨੇ ਨਹਿਰਾਂ ਵਰਗੀਆਂ ਲੀਕਾਂ ਵਾਹ ਦਿੱਤੀਆਂ, ਪਰ ਇਹ ਅਸਲੀ ਨਕਸ਼ੇ ਵਿਚ ਕੋਈ ਨਹੀਂ ਸਨ। ਇਹਨਾਂ ਨਹਿਰਾਂ ਦਾ ਹੋਣਾ ਬਿਲਕੁਲ ਅਸੰਭਵ ਹੈ। ਇਤਨੀ ਦੂਰੀ ਤੋਂ ਦਿੱਸਣ ਵਾਸਤੇ ਇਹ ਕਾਫ਼ੀ ਚੌੜੀਆਂ ਹੋਣੀਆਂ ਚਾਹੀਦੀਆਂ ਹਨ। ਅਤੇ ਜੇਕਰ ਇਨ੍ਹਾਂ ਦੀ ਸਾਰੀ ਲੰਮਿਆਈ ਜੋੜੀਏ ਤਾਂ ਧਰਤੀ ਦੇ ਦੁਆਲੇ ਦੋ ਚੱਕਰਾਂ ਤੋਂ ਕੁਝ ਹੀ ਘੱਟ ਹੋਵੇਗੀ। ਏਡੀਆਂ ਲੰਮੀਆਂ ਤੇ ਚੌੜੀਆਂ ਨਹਿਰਾਂ ਖ਼ਾਸ ਕਰ ਮਾਰਜ਼ ਦੀ ਪਥਰੀਲੀ ਜ਼ਮੀਨ ਵਿਚ ਪੁਟਣੀਆਂ ਮਾਰਜ਼ ਦੇ ਇੰਜੀਨੀਅਰ ਭਰਾਵਾਂ ਲਈ ਬੜੀਆਂ ਹੀ ਔਖੀਆਂ ਹੋਣਗੀਆਂ।

ਮਾਰਜ਼ ਉਤੇ, ਹਰ ਇਕ ਸਿਆਰੇ ਉਤੇ, (ਮਰਕਰੀ ਨੂੰ ਛੱਡ ਕੇ) ਧਰਤੀ ਵਾਂਗ ਮੌਸਮ ਬਦਲਦੇ ਰਹਿੰਦੇ ਹਨ। ਸਰਦੀਆਂ ਵਿਚ ਮਾਰਜ਼ ਦੇ ਉੱਤਰੀ ਕੁਤਬ ਉਤੇ ਇਕ ਚਿੱਟਾ ਧੱਬਾ ਜਿਹਾ ਨਜ਼ਰ ਆਉਂਦਾ ਹੈ ਜੋ ਗਰਮੀ ਆਉਣ ਤੇ ਹੌਲੀ ਹੌਲੀ ਖ਼ਤਮ ਹੋ ਜਾਂਦਾ ਹੈ ਪਰ ਉਸ ਦੀ ਥਾਂ ਹਰਿਆਵਲ ਜਿਹੀ ਨਜ਼ਰ ਆਉਂਦੀ ਹੈ ਜੋ ਹੌਲੀ ਹੌਲੀ ਭੂਰੀ ਅਤੇ ਅਖ਼ੀਰ ਵਿਚ ਕਾਲੀ ਹੋ ਜਾਂਦੀ ਹੈ। ਕਈਆਂ ਦੇ ਖ਼ਿਆਲ ਵਿਚ ਇਹ ਸਭ ਕੁਝ ਬਰਫ਼ ਦਾ ਜੰਮਣਾ, ਪਿਘਲਣਾ, ਬਾਹਰ ਦੀ ਪੈਦਾਵਾਰ ਅਤੇ ਪੱਤਝੜ ਦਾ ਆਉਣਾ ਹੈ। ਪਰ ਕੁਝ ਇਹ ਵੀ ਖ਼ਿਆਲ ਕਰਦੇ ਹਨ ਕਿ ਮਾਰਜ਼ ਦੇ ਵਾਯੂ-ਮੰਡਲ ਦੇ ਹਾਲਾਤ ਮੂਜਬ ਇਹ ਬਰਫ਼ ਪਾਣੀ ਦੀ ਨਹੀਂ ਬਲਕਿ ਕਾਰਬਨ-ਡਾਈ-ਆਕਸਾਈਡ ਗੈਸ ਦੀ ਬਣਦੀ ਹੈ। ਇਸ ਦਾ ਅਜੇ ਕੋਈ ਖ਼ਾਸ ਫ਼ੈਸਲਾ ਨਹੀਂ ਹੋ ਸਕਿਆ ਪਰ ਪਹਿਲੇ ਵਿਚਾਰ ਵਾਲਿਆਂ ਦੀ ਗਿਣਤੀ ਵਧੇਰੇ ਹੈ। ਕਿਹਾ ਜਾ ਸਕਦਾ ਹੈ ਕਿ ਮਾਰਜ਼ ਉਤੇ ਥੋੜ੍ਹੀ ਜਿਹੀ ਬਨਸਪਤੀ, ਘਾਹ, ਵੇਲਾਂ ਆਦਿ ਜ਼ਰੂਰ ਹਨ ਪਰ ਜਾਨਦਾਰਾਂ ਦਾ ਕੋਈ ਸਬੂਤ ਨਹੀਂ ਮਿਲਦਾ।

ਮਾਰਜ਼ ਤੋਂ ਦੁਰੇਡੇ ਸਿਆਰੇ ਹਨ, 'ਜੂਪੀਟਰ', 'ਯੂਰੇਨਸ',

'ਸੈਟਰਨ', 'ਨੈਪਚੂਨ' ਅਤੇ 'ਪਲੂਟੋ' । ਇਨ੍ਹਾਂ ਵਿਚੋਂ ਪੁਰਾਣੇ ਲੋਕ ਕੇਵਲ ਜੂਪੀਟਰ ਅਤੇ ਸੈਟਰਨ ਤੋਂ ਜਾਣੂ ਸਨ ਅਤੇ ਇਨ੍ਹਾਂ ਨੂੰ ਬ੍ਰਹਸਪਤ ਤੇ ਸਨਿਚਰ ਕਹਿੰਦੇ ਸਨ । ਬਾਕੀ ਛੋਟੇ ਹੋਣ ਦੇ ਕਾਰਨ ਮਨੁੱਖੀ ਅੱਖ ਨੂੰ ਆਮ ਨਹੀਂ ਦਿੱਸਦੇ । ਪਲੂਟੋ ਤਾਂ ੧੯੩੧ ਵਿਚ ਲੱਭਾ ਸੀ । ਇਹ ਸਭ ਸਿਆਰੇ ਸੂਰਜ ਤੋਂ ਦੂਰ ਹੋਣ ਦੇ ਕਾਰਨ ਬੜੇ ਹੀ ਠੰਢੇ ਹਨ । ਇਨ੍ਹਾਂ ਉਤੇ ਹਵਾ ਵੀ ਹੈ, ਆਕਸੀਜਨ ਵੀ ਅਤੇ ਪਾਣੀ ਵੀ ਪਰ ਠੰਢ ਇਤਨੀ ਹੈ ਕਿ ਜਿਸ ਦਾ ਅਸੀਂ ਅੰਦਾਜ਼ਾ ਵੀ ਨਹੀਂ ਲਾ ਸਕਦੇ । ਪਾਣੀ ਹਮੇਸ਼ਾਂ ਜੰਮਿਆ ਰਹਿੰਦਾ ਹੈ । ਜੂਪੀਟਰ ਉਤੇ ਬੱਦਲ ਤਾਂ ਨਜ਼ਰ ਆਉਂਦੇ ਹਨ ਪਰ ਉਹ ਪਾਣੀ ਦੇ ਨਹੀਂ ਬਲਕਿ ਕਾਰਬਨ-ਡਾਈ-ਆਕਸਾਈਡ ਗੈਸ ਦੇ ਹਨ । ਜਾਨਦਾਰਾਂ ਦੇ ਸਰੀਰ ਬਹੁਤੇ ਪਾਣੀ ਦੇ ਬਣੇ ਹੁੰਦੇ ਹਨ ਜੋ ੩੨ ਡਿਗਰੀ ਤੇ ਜੰਮ ਜਾਂਦਾ ਹੈ । ਇਨ੍ਹਾਂ ਸਿਆਰਿਆਂ ਉਤੇ ਦਰਜਾ ਹਰਾਰਤ ਇਸ ਤੋਂ ਕਿਤੇ ਹੇਠਾਂ ਹੁੰਦਾ ਹੈ । ਸੋ ਕਹਿਰਾਂ ਦੀ ਸਰਦੀ ਦੇ ਕਾਰਨ ਨਾ ਤਾਂ ਇਨ੍ਹਾਂ ਉਤੇ ਜੀਵ ਹਨ ਅਤੇ ਨਾ ਹੀ ਪੌਦੇ ।

ਸਿਆਰਿਆਂ ਤੋਂ ਛੁੱਟ ਇਕ ਹੋਰ ਕਿਸਮ ਦੇ ਛੋਟੇ ਛੋਟੇ ਮਾਦੇ ਦੇ ਟੁਕੜੇ ਹਨ ਜਿਨ੍ਹਾਂ ਨੂੰ 'ਸੈਟੇਲਾਈਟ' ਸਿਆਰਿਆਂ ਦੇ ਪਿੱਠੂ ਜਾਂ ਸਿਆਰਿਆਂ ਦੇ ਚੰਦ ਕਿਹਾ ਜਾਂਦਾ ਹੈ । ਇਹ ਹਮੇਸ਼ਾਂ ਆਪੋ ਆਪਣੇ ਸਿਆਰਿਆਂ ਦੇ ਨਾਲ ਨਾਲ ਰਹਿੰਦੇ ਹਨ, ਜਿਸ ਕਰਕੇ ਪਿੱਠੂ ਅਖਵਾਂਦੇ ਹਨ । ਸਾਡੀ ਧਰਤੀ ਦਾ ਪਿੱਠੂ ਚੰਦ ਹੈ । ਇਸੇ ਤਰ੍ਹਾਂ ਹੋਰ ਸਿਆਰਿਆਂ ਦੇ ਵੀ ਚੰਦਰਮਾ ਹਨ, ਕਿਸੇ ਦੇ ਦੋ, ਕਿਸੇ ਦੇ ਚਾਰ ਜਾਂ ਇਸ ਤੋਂ ਵਧੇਰੇ । ਸਭ ਤੋਂ ਵੱਡੇ ਸਿਆਰੇ ਜੂਪੀਟਰ ਦੇ ਨੌਂ ਚੰਦ ਹਨ । ਇਹ ਚੰਦ ਸਿਆਰਿਆਂ ਦੇ ਮੁਕਾਬਲੇ ਵਿਚ ਬਹੁਤ ਛੋਟੇ ਹਨ । ਸਾਡਾ ਚੰਦ ਧਰਤੀ ਦਾ ਛੇਵਾਂ ਹਿੱਸਾ ਹੈ । ਇਨ੍ਹਾਂ ਸਾਰਿਆਂ ਉਤੇ ਮੈਦਾਨ, ਪਹਾੜ ਅਰ ਥਲ ਤਾਂ ਹਨ ਪਰ ਇਨ੍ਹਾਂ ਉਤੇ ਛੋਟਾ ਹੋਣ ਕਾਰਨ ਨਾ ਤਾਂ ਹਵਾ ਹੈ ਅਤੇ ਨਾ ਹੀ ਪਾਣੀ, ਜਿਸ ਕਰਕੇ ਕਿਸੇ ਉਤੇ ਵੀ ਜੀਵ ਜਾਂ ਬਨਸਪਤੀ ਦੀ ਕੋਈ ਆਸ ਨਹੀਂ

ਹੋ ਸਕਦੀ ।

ਸਾਇੰਸ ਦੀ ਖੋਜ ਮੂਜਬ ਅਸੀਂ ਇਸ ਨਤੀਜੇ ਤੇ ਪੁਜਦੇ ਹਾਂ ਕਿ ਜੀਵ ਨਾ ਤਾਂ ਤਾਰਿਆਂ ਉਤੇ ਹਨ, ਨਾ ਹੀ ਸਿਆਰਿਆਂ ਉਤੇ ਅਤੇ ਨਾ ਹੀ ਚੰਦਰਮਾਂ ਉਤੇ। ਕੇਵਲ ਇੱਕ ਸਿਆਰਾ ਮਾਰਜ਼ ਹੈ ਜਿਸ ਬਾਰੇ ਕੁਝ ਸ਼ਕ ਹ ਸਕਦਾ ਹੈ। ਬਹੁਤ ਖ਼ਿਆਲ ਇਹੀ ਹੈ ਕਿ ਇਥੇ ਜਾਨਦਾਰ ਤਾਂ ਕੋਈ ਨਹੀਂ, ਪਰ ਥੋੜੀ ਜਿਹੀ ਬਨਸਪਤੀ ਸ਼ਾਇਦ ਹੋਵੇ। ਇੱਕ ਸਵਾਲ ਹੋਰ ਉੱਠਦਾ ਹੈ ਕਿ ਜੇਕਰ ਸੂਰਜ ਦਵਾਲੇ ਸਿਆਰੇ ਹਨ ਤਾਂ ਹੋਰ ਤਾਰਿਆਂ ਦੁਆਲੇ ਵੀ ਹੋ ਸਕਦੇ ਹਨ। ਅਜੇ ਤਕ ਕਿਸੇ ਤਾਰੇ ਦੁਆਲੇ ਸਿਆਰੇ ਨਹੀਂ ਦਿੱਸੇ ਅਤੇ ਦੂਰੀ ਦੇ ਕਾਰਨ ਨਾ ਹੀ ਦਿੱਸ ਸਕਦੇ ਹਨ। ਸਾਡੀ ਧਰਤੀ ਅਰ ਦੂਜੇ ਸਿਆਰੇ ਸੂਰਜ ਦੀ ਇੱਕ ਹੋਰ ਤਾਰੇ ਨਾਲ ਟੱਕਰ ਹੋ ਜਾਣ ਦੇ ਕਾਰਨ ਹੋਂਦ ਵਿਚ ਆਏ ਸਨ। 'ਸਰ ਜੇਮਜ਼ ਜੀਨਜ਼' ਨੇ ਹਿਸਾਬ ਲਾ ਕੇ ਦੱਸਿਆ ਹੈ ਕਿ ਤਾਰਿਆਂ ਦੀ ਇਹੋ ਜਿਹੀ ਟੱਕਰ ਦਾ ਚਾਂਸ ਬਹੁਤ ਹੀ ਘਟ ਹੈ। ਤਾਰਿਆਂ ਦਾ ਆਪੋ ਵਿਚ ਦਾ ਫ਼ਾਸਲਾ ਇਤਨਾ ਜ਼ਿਆਦਾ ਹੈ ਕਿ ਇਨ੍ਹਾਂ ਦੀ ਟਕਰ ਤਾਂ ਕਿਤੇ ਰਹੀ ਦੋ ਤਾਰਿਆਂ ਦਾ ਨੇੜੇ ਆਉਣਾ ਵੀ ਇੱਕ ਅਨੋਖੀ ਗੱਲ ਹੈ। ਸੋ ਬਹੁਤ ਵਿਚਾਰ ਤਾਂ ਇਹੀ ਹੈ ਕਿ ਕਿਸੇ ਹੋਰ ਤਾਰੇ ਦੁਆਲੇ ਸਿਆਰੇ ਨਹੀਂ ਹਨ। ਜਿਥੋਂ ਤਕ ਸਾਇੰਸ ਦੀ ਸਮਝ ਅਤੇ ਖੋਜ ਕੰਮ ਕਰਦੀ ਹੈ ਇਸ ਸ੍ਰਿਸ਼ਟੀ ਵਿਚ ਕਿਤੇ ਹੋਰ ਜਾਨਦਾਰ ਨਹੀਂ ਜਾਪਦੇ, ਘਟੋ ਘਟ ਏਸ ਕਿਸਮ ਦੇ ਜਾਨਦਾਰ ਨਹੀਂ ਹਨ ਜਿਨ੍ਹਾਂ ਤੋਂ ਅਸੀਂ ਜਾਣੂ ਹਾਂ। ਹੋਰ ਕਿਸਮ ਦੇ ਜਾਨਦਾਰਾਂ ਦਾ ਹੋਣਾ ਵੀ ਸੰਭਵ ਨਹੀਂ ਜਾਪਦਾ, ਕਿਉਂਜੁ ਇਸ ਸ੍ਰਿਸ਼ਟੀ ਵਿਚ ਕੁਦਰਤ ਦੇ ਕਾਨੂੰਨ ਹਰ ਥਾਂ ਉਹੀ ਹਨ ਜਿਨ੍ਹਾਂ ਦਾ ਤਜਰਬਾ ਅਸੀਂ ਇਸ ਧਰਤੀ ਤੇ ਕਰਦੇ ਹਾਂ। ਅਜ ਤਕ ਦੀ ਖੋਜ ਅਨੁਸਾਰ ਅਸੀਂ ਕਹਿ ਸਕਦੇ ਹਾਂ ਕਿ ਆਬਾਦ ਹੋਣ ਦਾ ਮਾਣ ਕੇਵਲ ਸਾਡੀ ਇਸ ਛੋਟੀ ਜਿਹੀ ਧਰਤੀ ਨੂੰ ਹੀ ਬਖ਼ਸ਼ਿਆ ਗਿਆ ਹੈ।

———

# ਕਵੀ ਦੀ ਮੌਤ

ਨਵਤੇਜ

ਹਮਲਾ-ਆਵਰ ਉਸ ਦੇਸ ਵਿਚੋਂ ਆਏ ਸਨ, ਜਿਦ੍ਹੀ ਸਭਿਅਤਾ ਤੇ ਢੁੱਲਾਂ ਦਾ ਜ਼ਿਕਰ ਕਈ ਲੋਕ ਇਕੋ ਸਾਹ ਵਿਚ ਕਰਿਆ ਕਰਦੇ ਸਨ। ਇਹਨਾਂ ਹਮਲਾ-ਆਵਰਾਂ ਨੇ, 'ਆਜ਼ਾਦੀ ਦੂਤ'* ਦੀ ਵਰਦੀ ਪਾਈ ਹੋਈ ਸੀ ਤੇ ਏਸ ਵਰਦੀ ਨੇ ਕਈ ਕੌਮੀ ਲੀਡਰ ਮੋਹ ਲਏ ਸਨ। ਲੋਕਾਂ ਦੇ ਮਹਾਂ-ਕਵੀ ਨੇ ਏਸ ਵਰਦੀ ਥੱਲੇ ਦੀ ਅਸਲੀਅਤ ਨੂੰ ਪੜ੍ਹ ਲਿਆ ਸੀ, ਬੜੀ ਦੇਰ ਹੋਈ ਓਹਨੇ ਇਹਨਾਂ ਬਾਰੇ ਲਿਖਿਆ ਸੀ :

"ਗੌਤਮ ਦੇ ਖ਼ੂਨੀ ਪੁਜਾਰੀ ਉਹਦੇ ਅਗੇ ਅਰਦਾਸ ਕਰ ਰਹੇ ਹਨ—
ਤਾਂਜੋ ਓਹ ਵੀਰਾਨ ਘਰਾਂ ਦੀ ਸੁਆਹ ਤੇ ਆਪਣਾ ਝੰਡਾ ਗੱਡ
ਸਕਣ,
ਸਭਿਅਤਾ ਤੇ ਸੁਹੱਪਣ ਦਿਆਂ ਕੇਂਦਰਾਂ ਨੂੰ ਥੇਹ ਬਣਾ ਸਕਣ,
ਨਿੱਸਰਦੇ ਖੇਤਾਂ ਤੇ ਵੱਸਦੇ ਸ਼ਹਿਰਾਂ ਵਿਚ ਆਪਣੇ ਲਾਂਘਿਆਂ ਨੂੰ ਲਹੂ
ਨਾਲ ਲਾਲ ਕਰ ਸਕਣ,

ਤੀਵੀਆਂ ਤੇ ਬੱਚਿਆਂ ਨੂੰ ਲਹੂ-ਚੋਂਦੇ ਕਟੇ ਵੱਢੇ ਅੰਗਾਂ ਤੇ ਦੰਦਾਂ ਨੂੰ
ਹਸਾ ਸਕਣ,
ਮਨੁੱਖ-ਮਨਾਂ ਵਿਚ ਝੂਠ-ਧੁੰਦ ਖਿਲਾਰ ਸਕਣ, ਤੇ ਰੱਬ ਦੇ ਮਿੱਠੇ
ਸਾਹਾਂ ਨਾਲ ਰੁਮਕਦੀ ਹਵਾ ਵਿਚ ਜ਼ਹਿਰ ਝੋਂਕ ਸਕਣ।"

ਪਰ ਬਹੁਤੇ ਵਰਦੀ ਦੀ ਜ਼ਰਕ ਬਰਕ ਵਿਚ ਭੁਲ, ਆਪਣੇ ਪੂਜਯ ਕਵੀ ਦੀਆਂ ਸਤਰਾਂ ਨੂੰ ਅਣਸੁਣਿਆ ਕਰ ਗਏ ਸਨ, ਤੇ ਹਮਲਾ-ਆਵਰਾਂ ਦੀ ਸਭਿਅਤਾ ਤੇ ਫੁੱਲਾਂ ਦਾ ਜ਼ਿਕਰ ਇਕੋ ਸਾਹ ਵਿਚ ਕਰੀ ਜਾਂਦੇ ਸਨ।

ਬੜੇ ਮੁਲਕ ਏਸ ਹਮਲਾ-ਆਵਰ ਦੇ ਜੂਲੇ ਥੱਲੇ ਹੌਂਕ ਰਹੇ ਸਨ, ਤੇ ਅੱਜ ਇਹ ਜਰਵਾਣੇ ਏਸ ਨਿੱਕੇ ਜਿਹੇ ਟਾਪੂ ਤੇ ਵੀ ਚੜ੍ਹ ਆਏ ਸਨ, ਜਿਦ੍ਹੇ ਵਿਚ ਇਹਨਾਂ ਤੋਂ ਪਹਿਲੇ ਹਮਲਾ-ਆਵਰ ਆਪਣੇ ਕੈਦੀ ਰਖਦੇ ਹੁੰਦੇ ਸਨ।

ਇਹਨਾਂ ਕੈਦੀਆਂ ਦੇ ਇਲਾਜ ਲਈ ਟਾਪੂ ਵਿਚ ਇੱਕ ਡਾਕਟਰ ਰਹਿੰਦਾ ਸੀ, ਜਿਹੜਾ ਆਪਣੇ ਵਤਨ ਵਿਚ ਕਵੀ ਕਰਕੇ ਜਾਣਿਆ ਜਾਂਦਾ ਸੀ। ਟਾਪੂ ਦੇ ਅਸਲੀ ਵਾਸੀ ਉਹਦੀ ਕਵਿਤਾ ਨਹੀਂ ਸਨ ਸਮਝ ਸਕਦੇ, ਕਿਉਂਕਿ ਉਹਦੇ ਆਪਣੇ ਦੇਸ਼ ਦੀ ਬੋਲੀ ਵਿਚ ਲਿਖੀ ਹੁੰਦੀ ਸੀ, ਪਰ ਉਹਨਾਂ ਨੂੰ ਉਹਦਾ ਮਨੁੱਖੀ ਹਮਦਰਦੀ ਨਾਲ ਡੁਲ੍ਹ ਡੁਲ੍ਹ ਪੈਂਦਾ ਜੀਵਨ ਕਵਿਤਾ ਜਾਪਦਾ ਸੀ, ਤੇ ਇਹਦੀ ਬੋਲੀ ਉਹ ਸਮਝ ਸਕਦੇ ਸਨ। ਟਾਪੂ-ਵਾਸੀ ਉਹਦਾ ਆਪਣੇ ਮਜ਼ਹਬੀ ਬਜ਼ੁਰਗਾਂ ਵਾਂਗ ਸਤਿਕਾਰ ਕਰਦੇ ਸਨ, ਭਾਵੇਂ ਉਹਦਾ ਮਜ਼ਹਬ ਉਹਨਾਂ ਤੋਂ ਵਖਰਾ ਸੀ।

ਟਾਪੂ ਵਿਚ ਹਮਲਾ-ਆਵਰਾਂ ਦੇ ਆਣ ਤੋਂ ਪਹਿਲਾਂ ਸਾਡੇ ਕਵੀ ਨੂੰ ਵੀ ਉਹਨਾਂ ਦੀ ਵਰਦੀ ਨੇ ਭੁਲੇਖੇ ਵਿਚ ਪਾ ਦਿੱਤਾ। ਉਹਨੇ ਉਹਨਾਂ ਨੂੰ ਮਿਲਵਰਤਣ ਦਿੱਤੀ। ਪਰ ਹੌਲੀ ਹੌਲੀ ਉਹਨਾਂ ਦਾ ਅਸਲਾ ਉਹਨਾਂ ਦੇ ਅਮਲਾਂ ਨੇ ਜ਼ਾਹਿਰ ਕਰ ਦਿੱਤਾ; ਤੇ ਉਹਨੇ ਉਹਨਾਂ ਤੋਂ ਅਭਿੱਜ* ਰਹਿ ਕੇ ਲੋਕ-ਸੇਵਾ ਦੇ ਰਾਹ ਤੇ ਚਲਣ ਦਾ ਤਹੱਈਆ ਕਰ ਲਿਆ। ਪਰ

ਇਹ ਵੀ ਭੁਲੇਖਾ ਸੀ। ਉਹਨਾਂ ਉਹਦੀਆਂ ਦਵਾਈਆਂ ਖੋਹ ਲਈਆਂ। ਦਵਾਈਆਂ ਉਹਦੇ ਜੀਵਨ ਦਾ ਸਾਹ! ਹਮਲਾ-ਆਵਰਾਂ ਉਹਦੀ ਚਾਪਲੂਸੀ* ਕੀਤੀ, ਉਹਨੂੰ ਲਾਲਚ ਦਿੱਤੇ, ਉਹਨੂੰ ਡਰਾਇਆ। ਪਰ ਉਹਨੇ ਉਹਨਾਂ ਨਾਲ ਰਲਣੋਂ ਇਨਕਾਰ ਕਰ ਦਿੱਤਾ। ਹਮਲਾ-ਆਵਰਾਂ ਦਾ ਅਫ਼ਸਰ ਝਈਆਂ* ਲੈ ਰਿਹਾ ਸੀ, ਉਹਨੇ ਆਪਣੇ ਨੀਤੀ-ਤਰਕਸ਼* ਵਿਚੋਂ ਇੱਕ ਤੋਂ ਇੱਕ ਵਧ ਤੀਰ ਕੱਢ ਕੇ ਚਲਾਏ ਸਨ, ਤੀਰ ਜਿਹੜੇ ਪਹਿਲਾਂ ਕਈ ਮੁਲਕਾਂ ਵਿਚ ਕਾਰਗਰ ਸਾਬਤ ਹੋਏ ਸਨ, ਪਰ ਏਥੇ ਨਿਸ਼ਾਨਾ ਹਰ ਵਾਰ ਖੁੰਝਿਆ ਸੀ।

ਹਮਲਾ-ਆਵਰਾਂ ਦਾ ਅਫ਼ਸਰ, ਹਾਰੇ ਦੈਂਤ ਵਾਂਗ ਹੌਂਕਦਾ, ਆਪਣੇ ਅਖ਼ੀਰਲੇ ਹਥਿਆਰ ਵਰਤਣ ਤੇ ਤੁਲ ਗਿਆ। ਕਵੀ ਗਰਿਫ਼-ਤਾਰ ਕਰ ਲਿਆ ਗਿਆ। ਉਹਦੀ ਕੈਦ-ਕੋਠੜੀ ਸਾਹਮਣੇ ਇੱਕ ਖਾਈ ਵਿਚ ਉਸ ਟਾਪੂ ਵਿਚ ਵੱਸਦੇ ਉਹਦੇ ਕਈ ਵਤਨੀ ਸਾਥੀਆਂ ਨੂੰ ਲਿਆ ਕੇ ਖੜਾ ਕੀਤਾ ਗਿਆ। ਅਫ਼ਸਰ ਨੇ ਕਵੀ ਨੂੰ ਪੁਛਿਆ, "ਸਾਡੇ ਨਾਲ ਚਲੇਂਗਾ?" ਕਵੀ ਨੇ ਕਿਹਾ "ਨਹੀਂ।"

ਅੱਖ ਪਲਕਾਰੇ ਅੰਦਰ ਖਾਈ ਵਿਚ ਖੜੋਤਿਆਂ ਨੂੰ ਮਸ਼ੀਨਗਨਾਂ ਦੇ ਲੂੰਬਿਆਂ ਦੀਆਂ ਅਣਗਿਣਤ ਦੈਂਤ-ਜੀਭਾਂ ਚਟਮ ਕਰ ਗਈਆਂ।

ਫੇਰ ਹਮਲਾ-ਆਵਰਾਂ ਨੇ ਟਾਪੂ ਦੇ ਕੁਝ ਅਸਲੀ ਵਾਸੀ ਚੁਣ ਕੇ ਉਹਦੇ ਸਾਹਮਣੇ ਦੀ ਕੋਠੜੀ ਵਿਚ ਬੰਦ ਕਰ ਦਿੱਤੇ, ਉਤੇ ਇਹਨਾਂ ਤੇ ਕਠੋਰ ਜ਼ੁਲਮਾਂ ਦਾ ਚੱਕਰ ਚਲਾ ਦਿੱਤਾ। ਉਹ ਇਹਨਾਂ ਨੂੰ ਬੀਮਾਰੀ ਵਿਚ ਤੜਫ਼ਦਿਆਂ ਬਹੁਤ ਦੇਰ ਨਹੀਂ ਸੀ ਤੱਕ ਸਕਦਾ, ਸਾਰੀ ਉਮਰ ਇਹਨਾਂ ਲਈ ਚੰਗੀ ਤੋਂ ਚੰਗੀ ਦੁਆ ਲੱਭ ਸਕਣਾ ਉਹਦੇ ਜੀਵਨ ਦੀ ਵੱਡੀ ਧੂਹ ਰਹੀ ਸੀ। ਤੇ ਅੱਜ ਇਹ ਉਹਦੇ ਸਾਹਮਣੇ ਓਦੂੰ ਕਿਤੇ ਵਧ ਪੀੜ ਨਾਲ ਲੁੱਛ ਰਹੇ ਸਨ।

ਅਫ਼ਸਰ ਦੇ ਸੁਆਲ ਦਾ ਜੁਆਬ ਹਾਲੀ ਵੀ ਨਾਂਹ ਸੀ।

ਤੇ ਫੇਰ ਵਹਿਸ਼ੀਆਂ ਨੇ ਕਵੀ ਦੇ ਅੰਗਾਂ ਉਤੇ ਵਾਰ ਸ਼ੁਰੂ ਕੀਤਾ। ਪਹਿਲਾਂ ਕੁਝ ਦਿਨ ਉਹਦੇ ਸਰੀਰ ਵਿਚੋਂ ਮਾਸ ਦੇ ਟੁਕੜੇ ਕਟ ਕਟ ਕੇ ਉਤੇ ਚੂਨਾ ਲਾਇਆ ਜਾਂਦਾ ਰਿਹਾ। ਫੇਰ ਕੁਝ ਦਿਨ ਥੋੜ੍ਹਾ ਥੋੜ੍ਹਾ ਚਿਰ ਦਰਖ਼ਤ ਨਾਲ ਲਟਕਾ ਕੇ ਥੱਲਿਉਂ ਅੱਗ ਦਾ ਸੇਕ ਦਿੱਤਾ ਜਾਂਦਾ ਰਿਹਾ।

ਅਫ਼ਸਰ ਨੇ ਕਿਹਾ, "ਜੇ ਤੂੰ ਹਾਲੀ ਵੀ ਸਾਡੀ ਗੱਲ ਮੰਨ ਲਏਂ, ਆਪਣੇ ਅਸਰ ਹੇਠਲੇ ਲੋਕਾਂ ਨੂੰ ਸਾਨੂੰ ਪੂਰੀ ਮਿਲਵਰਤਣ ਦੇਣ ਲਈ ਪਰੇਰੇਂ—ਤਾਂ ਸਭ ਕੁਝ ਠੀਕ ਹੋ ਸਕਦਾ ਹੈ। ਸਾਨੂੰ ਬੜਾ ਅਫ਼ਸੋਸ ਹੈ, ਕਿ ਸਾਨੂੰ ਤੇਰੇ ਨਾਲ ਇਹ ਕੁਝ ਕਰਨਾ ਪੈ ਰਿਹਾ ਹੈ। ਪਰ ਇਸ ਲਈ ਕਸੂਰਵਾਰ ਅਸੀਂ ਨਹੀਂ, ਤੇਰਾ ਮੂਰਖ ਹੱਠ ਹੈ, ਤੇ ਇਸ ਹੱਠ ਦੀ ਸਾਨੂੰ ਉੱਕਾ ਸਮਝ ਨਹੀਂ ਪੈਂਦੀ।"

ਪਰ ਕਵੀ ਨੇ 'ਮੂਰਖ ਹੱਠ' ਨਾ ਛੱਡਿਆ। ਫੇਰ ਉਹਦੇ ਕੋਲ ਓਸ ਟਾਪੂ ਦੇ ਉਹਨਾਂ ਅਸਲੀ ਵਾਸੀਆਂ ਦੀਆਂ ਪਤਨੀਆਂ ਘੱਲੀਆਂ ਗਈਆਂ, ਜਿਨ੍ਹਾਂ ਉੱਤੇ ਉਹਦੇ ਸਾਹਮਣੇ ਉਹਨਾਂ ਦੇ ਵਹਿਸ਼ੀ ਜ਼ੁਲਮ ਦੇ ਚੱਕਰ ਚਲ ਰਹੇ ਸਨ। ਭੋਲੀਆਂ ਤੀਵੀਆਂ ਨੂੰ ਹਮਲਾ-ਆਵਰਾਂ ਦੇ ਅਫ਼ਸਰ ਨੇ ਲਾਰਾ ਦਿੱਤਾ ਸੀ, ਕਿ ਜੇ ਉਹ ਕਵੀ ਕੋਲੋਂ ਉਹਨਾਂ ਦੀ ਮੰਗ ਮੰਨਵਾ ਲੈਣ ਤਾਂ ਉਹ ਉਹਨਾਂ ਦੇ ਪਤੀਆਂ ਨੂੰ ਫ਼ੌਰਨ ਛੱਡ ਦਏਗਾ। ਤੇ ਭੋਲੀਆਂ ਤੀਵੀਆਂ ਕਵੀ ਕੋਲ ਆ ਕੇ ਗਿੜ-ਗਿੜਾਈਆਂ, ਉਹਨਾਂ ਅਫ਼ਸਰ ਦਾ ਇਕਰਾਰ ਦੱਸਿਆ। ਕਿਸੇ ਅਕਹਿ ਪੀੜ ਨਾਲ ਕਲਵਲਾਂ-ਦੀਆਂ ਉਹ ਅਰਜ਼ੋਈਆਂ ਕਰ ਰਹੀਆਂ ਸਨ, ਉਹ ਅਫ਼ਸਰ ਦੀ ਗੱਲ ਮੰਨ ਲਏ, ਉਹਨਾਂ ਦੀ ਖ਼ਾਤਰ ਹੀ ਮੰਨ ਲਏ।

ਕਵੀ ਨੇ ਉਹਨਾਂ ਨੂੰ ਕਿਹਾ, "ਇਹਨਾਂ ਦੇ ਬੇਮੇਚ ਤਸੀਹੇ ਮੈਨੂੰ ਭੁਲਾ ਨਹੀਂ ਸਕੇ। ਪਰ ਤੁਹਾਡਾ ਦੁੱਖ ਮੈਥੋਂ ਤੱਕਿਆ ਨਹੀਂ ਜਾਂਦਾ। ਮੈਂ ਤੁਹਾਡੀ ਖ਼ਾਤਰ ਹੀ ਮੰਨ ਲੈਂਦਾ—ਪਰ ਭੋਲੀਓ ਭੈਣੋ! ਸੱਚ ਜਾਣਨਾ ਇਹਨਾਂ ਦੇ ਮਨਾਂ ਵਿਚ ਖੋਟ ਜੇ, ਇਹਨਾਂ ਕਦੇ ਆਪਣਾ ਇਕਰਾਰ ਪੂਰਾ

ਨਹੀਂ ਕਰਨਾ।" ਤੇ ਦੁਖੀ ਦਿਲ ਨਾਲ ਉਹਨੇ ਉਹਨਾਂ ਤੀਵੀਂਆਂ ਨੂੰ ਮੋੜ ਦਿੱਤਾ।

ਤੇ ਫੇਰ ਜਰਵਾਣੇ ਉਹਦੇ ਕੋਲ ਉਹਨਾਂ ਹੀ ਤੀਵੀਂਆਂ ਨੂੰ ਲਿਆਏ, ਪਰ ਐਤਕੀ ਕੈਦ ਕਰ ਕੇ, ਜਬਰਨ ਨੰਗੀਆਂ ਕਰ ਕੇ, ਤੇ ਕਵੀ ਦੇ ਸਾਹਮਣੇ ਉਹਨਾਂ ਨੂੰ ਕਤਾਰ ਬੰਨ੍ਹਾ ਕੇ ਖੜਾ ਕਰ ਦਿੱਤਾ। ਤੀਵੀਂਆਂ, ਜਿਨ੍ਹਾਂ ਦੇ ਬੱਚੇ ਉਹਦੀਆਂ ਅੱਖਾਂ ਥਲੇ ਜੰਮੇ ਸਨ, ਜਿਨ੍ਹਾਂ ਦੀ ਸੂਤਕ-ਪੀੜ ਉਹਦੀਆਂ ਦਵਾਈਆਂ ਨੇ ਦੂਰ ਕੀਤੀ ਸੀ, ਤੇ ਹੁਣ ਉਹ ਇਸ ਤਰ੍ਹਾਂ ਉਹਦੇ ਸਾਹਮਣੇ ਖੜੀਆਂ ਕੀਤੀਆਂ ਗਈਆਂ ਸਨ, ਆਪਣੇ ਨੰਗੇਜ ਦੀ ਨੁਮਾਇਸ਼ ਕਰਨ ਲਈ ਮਜਬੂਰ। ਜਿਹੜੀ ਕੋਈ ਸ਼ਰਮ ਨਾਲ ਦੂਹਰੀ ਹੋ ਜਾਂਦੀ, ਉਹਨੂੰ ਸੰਗੀਨਾਂ ਦੀ ਚੋਭ ਸਿਧਿਆਂ ਕਰ ਦੇਂਦੀ।

ਅਫ਼ਸਰ ਆਖ ਰਿਹਾ ਸੀ, "ਕੋਈ ਚੁਣ ਲੈ, ਇਹਨਾਂ 'ਚੋਂ ਕੋਈ......ਸਾਡੇ ਨਾਲ ਰਲ ਜਾ.....।"

ਸੰਤਰੀਆਂ ਦੀ ਪਕੜ ਵਿਚੋਂ ਝਪਟ ਕੇ ਕਵੀ ਨੇ ਅਫ਼ਸਰ ਦੇ ਮੂੰਹ ਤੇ ਚਪੇੜ ਮਾਰੀ, ਤੇ ਉਹ ਕੂਕਿਆ, "ਤੁਸੀਂ ਮੈਨੂੰ ਮਾਰ ਦਿਓ, ਕਤਲ ਕਰ ਦਿਓ, ਪਰ ਜੇ ਅੱਜ ਏਸ ਵੇਲੇ ਵੀ ਮੈਨੂੰ ਕਲਮ ਫੜਾਓ ਤਾਂ ਮੈਂ ਇਹੀ ਲਿਖਾਂਗਾ, 'ਅੱਜ ਭਾਵੇਂ ਜਿੱਤ ਦੇ ਨਸ਼ੇ ਵਿਚ ਤੁਹਾਡੇ ਪੈਰ ਜ਼ਮੀਨ ਤੇ ਨਹੀਂ ਲਗਦੇ, ਪਰ ਤਾਰੀਖ਼ ਤੁਹਾਡੀ ਮੌਤ ਦੇ ਹੁਕਮਾਂ ਤੇ ਦਸਖ਼ਤ ਕਰ ਕੇ ਦੂਰੋਂ ਮੁਸਕਰਾ ਰਹੀ ਹੈ।"

ਤੇ ਇਹ ਸਨ ਕਵੀ ਦੇ ਅੰਤਲੇ ਸ਼ਬਦ। ਤੇ ਜਰਵਾਣਿਆਂ ਪਹਿਲਾਂ ਉਹਦੀ ਇੱਕ ਅੱਖ ਕੱਢੀ, ਫੇਰ ਦੂਜੀ, ਫੇਰ ਇੱਕ ਕੰਨ, ਤੇ ਫੇਰ ਦੂਜਾ, ਤੇ ਫੇਰ ........।

ਇੰਜ ਕਵੀ ਨੇ ਆਪਣੇ ਬੰਦ ਬੰਦ ਕਟਾ ਕੇ ਉਸ ਸਭਿਅਤਾ ਦਾ ਪਾਜ ਉਘੇੜਿਆ, ਜਿਦ੍ਹੇ ਵਿਚ ਸਾਨੂੰ ਦੱਸਿਆ ਜਾਂਦਾ ਰਿਹਾ ਹੈ— ਸਦੀਆਂ ਤੋਂ ਫੁੱਲਾਂ ਦੇ ਸਾਹ ਰਲੇ ਹੋਏ ਹਨ, ਇੰਜ ਉਹਨੇ 'ਆਜ਼ਾਦੀ-

ਦੂਤ' ਦੀ ਵਰਦੀ ਥਲੇ ਲੁਕੀ ਅਸਲੀਅਤ ਜ਼ਾਹਿਰ ਕੀਤੀ, ਤੇ ਮਹਾਂ ਕਵੀ ਟੈਗੋਰ ਦੀਆਂ ਇਹਨਾਂ ਸੱਤਰਾਂ ਦੀ ਸਚਿਆਈ ਉਤੇ ਆਪਣੀ ਮੌਤ ਨਾਲ ਮੁਹਰ ਲਾਈ :

"..... .................

ਨਿਸਰਦੇ ਖੇਤਾਂ ਤੇ ਵੱਸਦੇ ਸ਼ਹਿਰਾਂ ਵਿਚ ਆਪਣੇ ਲਾਂਘਿਆਂ ਨੂੰ
ਲਹੂ ਨਾਲ ਲਾਲ ਕਰ ਸਕਣ :
ਤੀਵੀਂਆਂ ਤੇ ਬੱਚਿਆਂ ਦੇ ਲਹੂ-ਚੋਂਦੇ ਕਟੇ ਵੱਢੇ ਅੰਗਾਂ ਤੇ
ਦੈਂਤਾਂ ਨੂੰ ਹਸਾ ਸਕਣ।

......................."

* * * * * *

ਇਹ ਕਲਪਿਤ ਕਹਾਣੀ ਨਹੀਂ, ਭਿਆਨਕ ਸੱਚ ਹੈ, ਸਾਰਾ ਹੀ ਜਿਹੜਾ ਮੈਨੂੰ ਇਸ ਕਵੀ ਦੇ ਪੁੱਤਰ ਨੇ ਸੁਣਾਇਆ। ਤੇ ਇਹ ਕਵੀ ਸਾਡੀ ਬੋਲੀ ਵਿਚ ਕਵਿਤਾ ਲਿਖਦਾ ਸੀ—ਡਾ: ਦੀਵਾਨ ਸਿੰਘ ਕਾਲੇ ਪਾਣੀ। ੧੪ ਜਨਵਰੀ, ੧੯੪੪ ਨੂੰ ਅੰਡੇਮਾਨ ਵਿਚ ਸਾਡੇ ਕਵੀ ਦੀਆਂ ਅੱਖਾਂ ਦੀ ਜੋਤ ਜਾਪਾਨੀਆਂ ਨੇ ਇੰਜ ਬੁਝਾ ਦਿੱਤੀ। ਉਹਦੀਆਂ ਸਭ ਅਣਛਪੀਆਂ ਕਵਿਤਾਵਾਂ ਸਾੜ ਦਿੱਤੀਆਂ। ਪੰਜਾਬੀ ਸਾਹਿੱਤ ਵਿਚ ਇਹਨਾਂ ਦਾ ਖਪਾ* ਰਹੇਗਾ।

# ਜਾਣ-ਪਛਾਣ

ਅਤੇ

# ਅਰਥਾਵਲੀ

## ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਜੀ, ਜਿਨ੍ਹਾਂ ੫ ਦਸੰਬਰ, ੧੯੪੯ ਵਾਲੇ ਦਿਨ ਆਪਣੇ ਜੀਵਨ ਦੇ ੭੮ਵੇਂ ਸਾਲ ਵਿਚ ਪੈਰ ਪਾਇਆ, ਅਜ ਕਲ ਦੇ ਸਭ ਤੋਂ ਪੁਰਾਣੇ ਤੇ ਪ੍ਰਸਿੱਧ ਪੰਜਾਬੀ ਲਿਖਾਰੀ ਹਨ। ਸਾਡੀ ਯੂਨੀਵਰਸਿਟੀ ਨੇ ੧੯੪੮ ਵਿਚ ਆਪਣੀ ਪਹਿਲੀ ਕਾਨਵੋਕੇਸ਼ਨ ਦੇ ਮੌਕੇ ਤੇ ਇਨ੍ਹਾਂ ਨੂੰ ਪੰਜਾਬੀ ਦੀ ਸੇਵਾ ਦੇ ਬਦਲੇ, 'ਡਾਕਟਰ ਆਫ਼ ਓਰੀਐਂਟਲ ਲਰਨਿੰਗ' ਦੀ ਉਚੀ ਡਿਗਰੀ ਪੇਸ਼ ਕਰਕੇ ਸਨਮਾਨਿਆ। ਇਹ ਠੀਕ ਹੈ ਕਿ ਇਨ੍ਹਾਂ ਦੀ ਮਸ਼ਹੂਰੀ ਬਹੁਤੀ ਕਵੀ ਹੋਣ ਕਰਕੇ ਹੈ, ਪਰ ਜੋ ਕੰਮ ਇਨ੍ਹਾਂ ਨੇ ਪੰਜਾਬੀ ਵਾਰਤਕ ਨੂੰ ਪਰਚਾਰਨ, ਸਵਾਰਨ ਤੇ ਲਿਸ਼ਕਾਣ ਦਾ ਕੀਤਾ ਹੈ, ਉਹ ਇਤਨਾ ਹੈ ਕਿ ਕੋਈ ਵੀ ਲਿਖਾਰੀ ਉਸ ਉਤੇ ਮਾਣ ਕਰ ਸਕਦਾ ਹੈ। ਵਾਰਤਕ ਵਿਚ ਇਨ੍ਹਾਂ ਨੇ ਕਲਪਣਾ ਮਿਸ੍ਰਿਤ ਇਤਿਹਾਸ ਤੋਂ ਛੁਟ ਨਾਵਲ, ਜੀਵਨੀਆਂ ਤੇ ਟੀਕੇ ਵੀ ਲਿਖੇ ਹਨ। ਆਪ ਦੀਆਂ ਹੇਠ-ਲਿਖੀਆਂ ਰਚਨਾਵਾਂ ਬਹੁਤ ਉੱਘੀਆਂ ਹਨ—

੧. ਸੁੰਦਰੀ ੨. ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ ੩. ਸ੍ਰੀ ਗੁਰੂ ਕਲਗੀਧਰ ਚਮਤਕਾਰ ੪. ਸ੍ਰੀ ਗੁਰੂ ਨਾਨਕ ਚਮਤਕਾਰ ੫. ਗੁਰੂ ਪ੍ਰਤਾਪ ਸੂਰਜ ਗ੍ਰੰਥ (ਸਟਿਪਣ) ੬. ਰਾਣਾ ਸੂਰਤ ਸਿੰਘ ੭. ਬਿਜਲੀਆਂ ਦੇ ਹਾਰ ੮. ਲਹਿਰਾਂ ਦੇ ਹਾਰ ੯. ਮਟਕ ਹੁਲਾਰੇ।

---

## ਮਾਸਟਰ ਤਾਰਾ ਸਿੰਘ

ਪ੍ਰਸਿੱਧ ਰਾਜਸੀ ਆਗੂ ਮਾਸਟਰ ਤਾਰਾ ਸਿੰਘ ਦਾ ਜਨਮ ਸੰਨ ੧੮੮੫ ਵਿਚ ਹਰਿਆਲ, ਜ਼ਿਲ੍ਹਾ ਰਾਵਲਪਿੰਡੀ, ਵਿਚ ਹੋਇਆ। ਇਨ੍ਹਾਂ ਦਾ ਪਹਿਲਾ ਨਾਂ ਨਾਨਕ ਚੰਦ ਸੀ। ਸਿੰਘ ਸਭਾ ਲਹਿਰ ਦੇ ਅਧੀਨ ਆਪ ਨੇ ਬਚਪਨ ਵਿਚ ਹੀ ਸਿੱਖੀ ਧਾਰਨ ਕਰ ਲਈ। ਖ਼ਾਲਸਾ ਕਾਲਜ, ਅੰਮ੍ਰਿਤਸਰ ਤੋਂ ਬੀ. ਏ. ਪਾਸ

ਕਰ ਕੇ ਇਹ ਟ੍ਰੇਨਿੰਗ ਕਾਲਜ, ਲਾਹੌਰ, ਵਿਚ ਦਾਖ਼ਲ ਹੋ ਗਏ, ਜਿੱਥੋਂ ਵਿਹਲੇ ਹੁੰਦੇ ਸਾਰ ਖ਼ਾਲਸਾ ਹਾਈ ਸਕੂਲ, ਲਾਇਲਪੁਰ, ਦੇ ਪਹਿਲੇ ਹੈਡ-ਮਾਸਟਰ ਬਣ ਗਏ। ਅਕਾਲੀ ਲਹਿਰ ਵਿਚ ਆਪ ਨੇ ਸ਼ੁਰੂ ਤੋਂ ਹੀ ਵਧ ਚੜ੍ਹ ਕੇ ਹਿੱਸਾ ਲਿਆ। ਇਸ ਸਬੰਧ ਵਿਚ ਜੇਲ੍ਹ-ਯਾਤਰਾ ਵੀ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਤੇ ਅਕਾਲੀ ਦਲ, ਅੰਮ੍ਰਿਤਸਰ ਦੇ ਕਈ ਵਾਰੀ ਪ੍ਰਧਾਨ ਚੁਣੇ ਗਏ।

ਰਾਜਸੀ ਜੀਵਨ ਦੇ ਰੁਝੇਵਿਆਂ ਦੇ ਬਾਵਜੂਦ, ਮਾਸਟਰ ਜੀ ਨੇ ਕਈ ਕਿਤਾਬਾਂ ਲਿਖੀਆਂ ਹਨ, ਜਿਵੇਂ :—

੧. ਗ੍ਰਿਹਸਥ-ਧਰਮ ਸਿਖਿਆ ੨. ਪ੍ਰੇਮ ਲਗਨ ੩. ਬਾਬਾ ਤੇਗ਼ਾ ਸਿੰਘ ੪. ਮੇਰੀ ਯਾਦ, ਆਦਿ।

'ਬਚਪਨ ਦੀਆਂ ਯਾਦਾਂ' ਲੇਖ 'ਮੇਰੀ ਯਾਦ' ਦੇ ਪਹਿਲੇ ਕਾਂਡ ਵਿਚੋਂ ਲਿਆ ਗਿਆ ਹੈ।

---

## ਪ੍ਰੋ: ਸਾਹਿਬ ਸਿੰਘ

ਖ਼ਾਲਸਾ ਕਾਲਜ, ਅੰਮ੍ਰਿਤਸਰ, ਦੇ ਸਾਬਕ ਲੈਕਚਰਾਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਅਤੇ ਗੁਰਬਾਣੀ ਦੇ ਟੀਕਾਕਾਰ ਤੇ ਵਿਆਕਰਣੀ, ਪ੍ਰੋ: ਸਾਹਿਬ ਸਿੰਘ ੮ ਮਾਰਚ, ਸੰਨ ੧੮੯੪ ਵਾਲੇ ਦਿਨ ਪਿੰਡ ਫ਼ੱਤੇਵਾਲੀ, ਜ਼ਿਲ੍ਹਾ ਸਿਆਲਕੋਟ, ਵਿਚ ਭਾਈ ਹੀਰਾ ਨੰਦ ਦੇ ਘਰ ਜਨਮੇ। ਆਪ ਨੂੰ 'ਗੁਰਬਾਣੀ ਵਿਆਕਰਣ' ਲਿਖਣ ਉਤੇ ਸ਼੍ਰੋ: ਗੁ: ਪ੍ਰ: ਕਮੇਟੀ, ਅੰਮ੍ਰਿਤਸਰ ਵਲੋਂ ੧੦੦੦) ਦਾ ਇਨਾਮ ਮਿਲਿਆ। ਸਮੁੱਚੀ ਗੁਰਬਾਣੀ ਦਾ ਵਿਆਕਰਣ ਤੇ ਕਈ ਬਾਣੀਆਂ ਦੇ ਟੀਕਿਆਂ ਤੋਂ ਛੁੱਟ, ਲੇਖਾਂ ਦੀਆਂ ਪੁਸਤਕਾਂ ਵਿਚ ਆਪ ਨੇ ਗੁਰ ਆਸ਼ੇ ਦੇ ਸਮਝਣ ਸਮਝਾਉਣ ਨੂੰ ਆਪਣਾ ਖ਼ਾਸ ਮਜ਼ਮੂਨ ਬਣਾਇਆ ਹੈ। ਅਜੇਹਾ ਕਰਨ ਨਾਲ ਆਪ ਨੇ ਸਿੱਖ ਹਲਕਿਆਂ ਵਿਚ ਚੋਖਾ ਨਾਂ ਪੈਦਾ ਕੀਤਾ ਹੈ।

ਆਪ ਦੀਆਂ ਪ੍ਰਸਿੱਧ ਪੁਸਤਕਾਂ ਇਹ ਹਨ :—

੧. ਗੁਰਬਾਣੀ ਵਿਆਕਰਣ ੨. ਧਾਰਮਕ ਲੇਖ ੩. ਕੁਝ ਹੋਰ

ਧਾਰਮਕ ਲੇਖ ੪. ਗੁਰਮਤ ਪ੍ਰਕਾਸ਼ ੫. ਜਾਪ ਸਾਹਿਬ ਸਟੀਕ ੬. ਸੁਖਮਨੀ ਸਾਹਿਬ ਸਟੀਕ ੭. ਜਪੁ ਜੀ ਸਟੀਕ ੮. ਆਸਾ ਦੀ ਵਾਰ ਸਟੀਕ ੯. ਵਾਰ ਸੱਤਾ ਤੇ ਬਲਵੰਡ ਸਟੀਕ ੧੦. ਪੰਜਾਬੀ ਸੋਹਜ ਪ੍ਰਕਾਸ਼।

---

## ਸ. ਗੁਰਬਖ਼ਸ਼ ਸਿੰਘ

ਸੰਨ ੧੯੧੨ ਵਿਚ ਸ. ਗੁਰਬਖ਼ਸ਼ ਸਿੰਘ ਇੱਕ ਕਲਰਕ ਦੀ ਹੈਸੀਅਤ ਵਿਚ 'ਸਪਲਾਈ ਐਂਡ ਟ੍ਰਾਂਸਪੋਰਟ ਕੋਰ' ਵਿਚ ਨੌਕਰ ਹੋਇਆ। ਉਸ ਵਕਤ ਕੌਣ ਕਹਿ ਸਕਦਾ ਸੀ ਕਿ ਸ: ਪਿਸ਼ੌਰਾ ਸਿੰਘ ਦੇ ਘਰ ੨੬ ਅਪ੍ਰੈਲ, ਸੰਨ ੧੮੯੫ ਵਾਲੇ ਦਿਨ ਸਿਆਲਕੋਟ ਵਿਚ ਜੰਮਣ ਵਾਲਾ ਇਹ ਬਾਲਕ ਕਿਸੇ ਦਿਨ ਵਰਤਮਾਨ ਪੰਜਾਬੀ ਸਾਹਿੱਤ ਉਤੇ ਪੂਰੀ ਤਰ੍ਹਾਂ ਛਾ ਜਾਵੇਗਾ? ਕਲਰਕੀ ਛੱਡ ਕੇ ਗੁਰਬਖ਼ਸ਼ ਸਿੰਘ ਨੇ ਟਾਮਸਨ ਸਿਵਲ ਇਨਜੀਨੀਅਰਿੰਗ ਕਾਲਜ, ਰੁੜਕੀ ਤੇ ਮਿਸ਼ੀਗਨ ਯੂਨੀਵਰਸਿਟੀ, ਅਮ੍ਰੀਕਾ ਤੋਂ ਇਨਜੀਨੀਅਰੀ ਦੀ ਵਿਦਿਆ ਪ੍ਰਾਪਤ ਕੀਤੀ। ੧੯੨੪ ਤੋਂ ੧੯੩੨ ਤਕ ਰੇਲ ਦੇ ਮਹਿਕਮੇ ਵਿਚ ਇੰਨਜੀਨੀਅਰੀ ਕਰਨ ਮਗਰੋਂ ਨੌਕਰੀ ਛੱਡ ਦਿੱਤੀ। ੧੯੩੨ ਵਿਚ ਨੁਸ਼ਹਿਰੇ ਜਾ ਕੇ ਖੇਤੀ-ਬਾੜੀ ਦਾ ਕੰਮ ਸ਼ੁਰੂ ਕੀਤਾ, ਪਰ ਆਪਣੇ ਖ਼ਿਆਲਾਂ ਦੀ ਸਾਂਝ ਬਹੁਤੇ ਦੇਸ-ਵਾਸੀਆਂ ਨਾਲ ਪਾਉਣ ਦੇ ਯੋਗ ਹੋਣ ਲਈ ੧੯੩੩ ਵਿਚ ਖੇਤੀ ਛੱਡ ਕੇ 'ਪ੍ਰੀਤ-ਲੜੀ' ਰਿਸਾਲਾ ਜਾਰੀ ਕਰ ਲਿਆ, ਜਿਹੜਾ ਹੁਣ ਵੀ ਇਨ੍ਹਾਂ ਦੀ ਐਡੀਟਰੀ ਹੇਠ ਚੰਗੀ ਸਫ਼ਲਤਾ ਨਾਲ ਚਲ ਰਿਹਾ ਹੈ। ੧੯੩੮ ਵਿਚ ਜ਼ਿਲ੍ਹਾ ਅੰਮ੍ਰਿਤਸਰ ਵਿਚ 'ਪ੍ਰੀਤ ਨਗਰ' ਨਾਂ ਦੀ ਇੱਕ ਵਸਤੀ ਵੀ ਵਸਾਈ।

ਸ. ਗੁਰਬਖ਼ਸ਼ ਸਿੰਘ ਨੇ ਲੇਖ ਲਿਖੇ ਹਨ, ਕਹਾਣੀਆਂ ਲਿਖੀਆਂ ਹਨ, ਡਰਾਮੇ ਲਿਖੇ ਹਨ ਤੇ ਇੱਕ ਛੋਟਾ ਨਾਵਲ ਵੀ ਲਿਖਿਆ ਹੈ।

ਉਨ੍ਹਾਂ ਦੀਆਂ ਰਚੀਆਂ ਹੋਈਆਂ ਕੁਝ ਪੁਸਤਕਾਂ ਦੇ ਨਾਂ ਇਹ ਹਨ :—

੧. ਸਾਂਵੀਂ ਪੱਧਰੀ ਜ਼ਿੰਦਗੀ ੨. ਸ੍ਵੈ-ਪੂਰਨਤਾ ਦੀ ਲਗਨ ੩. ਪ੍ਰਸੰਨ ਲੰਮੀ ਉਮਰ ੪. ਚੰਗੇਰੀ ਦੁਨੀਆਂ ੫. ਸਾਡੇ ਵਾਰਸ ੬. ਖ਼ੁਸ਼ਹਾਲ

ਜੀਵਨ ੭. ਪ੍ਰੀਤ ਕਹਾਣੀਆਂ ੮. ਅਨੋਖੇ ਤੇ ਇਕੱਲੇ ੯. ਅਣ-ਵਿਆਹੀ ਮਾਂ ੧੦. ਰਾਜ ਕੁਮਾਰੀ ਲਤਿਕਾ ੧੧. ਮੇਰੀਆਂ ਅਭੁੱਲ ਯਾਦਾਂ।

## ਪ੍ਰੋ: ਗੰਡਾ ਸਿੰਘ

ਪ੍ਰੋ: ਗੰਡਾ ਸਿੰਘ, ਜਿਨ੍ਹਾਂ ਦਾ ਜਨਮ ੧੫ ਨਵੰਬਰ, ੧੯੦੧ ਨੂੰ ਹਰਿਆਨਾ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ, ਅਜ ਕਲ੍ਹ ਦੇ ਸਭ ਤੋਂ ਪ੍ਰਸਿੱਧ ਸਿੱਖ ਇਤਿਹਾਸਕਾਰ ਹਨ। ਸਿੱਖ ਇਤਿਹਾਸ ਸੰਬੰਧੀ ਮਸਾਲਾ ਇਕੱਠਾ ਕਰਨਾ, ਵਰਤਮਾਨ ਵਿਗਿਆਨਕ ਢੰਗ ਨਾਲ ਇਸ ਮਸਾਲੇ ਨੂੰ ਪੇਸ਼ ਕਰਨਾ ਇਨ੍ਹਾਂ ਦੇ ਜੀਵਨ ਦੀ ਵੱਡੀ ਸੱਧਰ ਰਹੀ ਹੈ। ਫ਼ੌਜ ਵਿੱਚ ਨੌਕਰੀ ਕਰਦਿਆਂ (੧੯੧੯–੨੧); ਐਂਗਲੋ-ਈਰਾਨੀਅਨ ਆਇਲ ਕੰਪਨੀ, ਈਰਾਨ ਵਿਚ ਕੰਮ ਕਰਦਿਆਂ (੧੯੨੧–੩੦) ਜਾਂ ਖ਼ਾਲਸਾ ਕਾਲਜ, ਅੰਮ੍ਰਿਤਸਰ, ਵਿਚ ਲੈਕਚਰਾਰ ਦੇ ਤੌਰ ਤੇ ਕੰਮ ਕਰਦਿਆਂ (੧੯੩੧-੪੯) ਇਨ੍ਹਾਂ ਦੀ ਇਤਿਹਾਸਕ ਖੋਜ ਦੀ ਲਗਨ ਬਾਕਾਇਦਾ ਜਾਰੀ ਰਹੀ ਹੈ। ਆਪ ਕਈ ਵਰ੍ਹੇ ਡਾਇਰੈਕਟਰ ਆਫ਼ ਆਰਕਾਈਵਜ਼, ਪਟਿਆਲਾ, ਰਹਿ ਕੇ ਹੁਣੇ ਰੀਟਾਇਰ ਹੋਏ ਹਨ।

ਆਪ ਦੀਆਂ ਇਹ ਕਿਤਾਬਾਂ ਬਹੁਤ ਪ੍ਰਸਿੱਧ ਹਨ :—

੧. ਬੰਦਾ ਸਿੰਘ ਬਹਾਦਰ (ਅੰਗ੍ਰੇਜ਼ੀ) ੨. ਸਰਦਾਰ ਸ਼ਾਮ ਸਿੰਘ ਅਟਾਰੀ (ਪੰਜਾਬੀ), ੩. ਸਿੱਖ ਇਤਿਹਾਸ ਬਾਰੇ (ਪੰਜਾਬੀ), ੪. ਸਿੱਖ ਇਤਿਹਾਸ ਵਲ (ਪੰਜਾਬੀ), ੫. ਮਹਾਰਾਜਾ ਕੌੜਾ ਮੱਲ (ਪੰਜਾਬੀ)।

## ਗਿ: ਹਰਿੰਦਰ ਸਿੰਘ ਰੂਪ

ਚਿੱਤਰ-ਕਲਾ ਦੀ ਪਰਖ ਦਾ ਸ਼ੌਕ ਰਖਣ ਵਾਲਾ ਇਹ ਕਵੀ, ਹਰਿੰਦਰ ਸਿੰਘ ਰੂਪ, ਜਿਸ ਨੇ ਆਪਣੇ ਲੇਖਾਂ ਤੇ ਤਿੰਨ ਸੰਗ੍ਰਹਿ ('ਸਿੱਖ ਤੇ ਸਿੱਖੀ,' ਚੁੰਜਾਂ ਪੌਂਚੇ ਅਤੇ ਰੂਪ ਰੰਗ) ਗਿਆਨੀ ਗੁਰਬਖ਼ਸ਼ ਸਿੰਘ, ਬੈਰਿਸਟਰ ਦੇ ਘਰ ਅੰਮ੍ਰਿਤਸਰ ਵਿਚ ਅਗਸਤ, ੧੯੦੭ ਨੂੰ ਪੈਦਾ ਹੋਇਆ।

ਵਾਰਤਕ ਵਿਚ ਹਰਿੰਦਰ ਸਿੰਘ ਕਦੀ ਗੰਭੀਰ ਜਿਹੇ ਭੱਦਰ ਪ੍ਰਚਾਰਕ ਦਾ ਤੇ ਕਦੀ ਮਸ਼ਕਰੀਆਂ ਕਰਨ ਵਾਲੇ ਮਖ਼ੌਲੀਏ ਦਾ ਰੂਪ ਧਾਰਨ ਕਰਦਾ ਦਿਸਦਾ ਹੈ, ਪਰ ਉਸ ਦੇ ਹੁਨਰ ਦੀ ਸਫ਼ਲਤਾ ਇਸ ਵਿਚ ਹੈ ਕਿ ਪੜ੍ਹਨ ਵਾਲਾ ਨਾ ਤਾਂ ਉਸ ਨੂੰ ਨਿਰਾ ਕਥੱਕੜ ਹੀ ਸਮਝਦਾ ਹੈ ਤੇ ਨਾ ਨਿਰਾ ਭੰਡ।

ਰੂਪ ਜੀ ੧੯੫੪ ਵਿਚ ਸੁਰਗਵਾਸ ਹੋ ਗਏ ਸਨ।

ਇਨ੍ਹਾਂ ਦੀਆਂ ਕੁਝ ਹੋਰ ਪ੍ਰਸਿੱਧ ਰਚਨਾਵਾਂ ਇਹ ਹਨ :—

੧. ਨਵੇਂ ਪੰਧ ੨. ਡੂੰਘੇ ਵਹਿਣ ੩. ਪੰਜਾਬ ਦੀਆਂ ਵਾਰਾਂ ੪. ਸ਼ਾਨਾਂ ਮੇਰੇ ਪੰਜਾਬ ਦੀਆਂ ੫. ਰੂਪ ਲੇਖਾ ੬. ਮਨੁੱਖ ਦੀ ਵਾਰ।

---

## ਡਾ: ਸ਼ੇਰ ਸਿੰਘ

ਅੰਮ੍ਰਿਤ ਜੀਵਨ, ਪ੍ਰਦੇਸ ਯਾਤਰਾ, ਵਿਚਾਰ ਧਾਰਾ, ਵਿਚਾਰ ਮਾਲਾ ਤੇ ਫਿਲੋਸਫ਼ੀ ਔਫ਼ ਸਿਖਿਜ਼ਮ ਆਦਿ ਕਿਤਾਬਾਂ ਦੇ ਕਰਤਾ ਡਾ: ਸ਼ੇਰ ਸਿੰਘ, ਪਟਿਆਲਾ ਯੂਨੀਅਨ ਦੇ ਇੱਕ ਛੋਟੇ ਜਿਹੇ ਪਿੰਡ, ਮਟਕਲੀਆਂ ਕਲਾਂ ਵਿਚ ੧ ਭਾਦੋਂ, ਸੰਮਤ ੧੯੬੦ ਬਿਕ੍ਰਮੀ (੧੯੦੩ ਈ:) ਵਿੱਚ ਪੈਦਾ ਹੋਏ। ਫ਼ਾਰਸੀ ਤੇ ਫ਼ਲਾਸਫ਼ੀ ਦੇ ਐਮ. ਏ. ਪਾਸ ਕਰਨ ਪਿੱਛੋਂ ਇਨ੍ਹਾਂ ਨੇ ਲੰਡਨ ਤੋਂ ਪੀ-ਐਚ. ਡੀ. ਦੀ ਡਿਗਰੀ ਪ੍ਰਾਪਤ ਕੀਤੀ। ਸੰਨ ੧੯੪੦ ਤੋਂ ੧੯੫੬ ਤਕ ਆਪ ਗਵਰਨਮਿੰਟ ਕਾਲਜ, ਲੁਧਿਆਣਾ ਵਿਚ ਫ਼ਲਾਸਫ਼ੀ ਤੇ ਪੰਜਾਬੀ ਦੇ ਅਧਿਆਪਕ ਲਗੇ ਰਹੇ ਹਨ। ਅਜ ਕਲ੍ਹ ਗਵਰਨਮੈਂਟ ਕਾਲਜ, ਮੁਕਤਸਰ ਦੇ ਮੀਤ-ਪ੍ਰਿੰਸੀਪਲ ਹਨ। ਆਪ ੧੯੪੯ ਤੋਂ ਪੰਜਾਬ ਯੂਨੀਵਰਸਿਟੀ ਦੇ ਫ਼ੈਲੋ ਵੀ ਹਨ।

ਇਨ੍ਹਾਂ ਦੀ ਲਿਖਤ ਵਿਚ ਚਾਹੇ ਉਹ ਕਿੰਨੇ ਹੀ ਔਖੇ ਮਸਲੇ ਉਤੇ ਕਿਉਂ ਨਾ ਹੋਵੇ, ਇਸ ਗੱਲ ਦਾ ਖ਼ਾਸ ਖ਼ਿਆਲ ਰਖਿਆ ਹੁੰਦਾ ਹੈ ਕਿ ਸਾਧਾਰਨ ਤੋਂ ਸਾਧਾਰਨ ਪੰਜਾਬੀ ਵੀ ਉਸ ਨੂੰ ਪੂਰੀ ਤਰ੍ਹਾਂ ਸਮਝ ਸਕੇ।

---

## ਪ੍ਰੋ: ਪ੍ਰੀਤਮ ਸਿੰਘ

ਜਨਮ : ਪਟਿਆਲਾ, ੧੧ ਜਨਵਰੀ, ੧੯੧੮।

---

# ਪ੍ਰੋ: ਲਖਬੀਰ ਸਿੰਘ

ਪ੍ਰੋ: ਲਖਬੀਰ ਸਿੰਘ, ਪਿੰਡ ਗੋਇੰਦਕੇ, ਤਹਿਸੀਲ ਡਸਕਾ, ਜ਼ਿਲ੍ਹਾ ਸਿਆਲਕੋਟ, ਵਿਚ ੧੦ ਜਨਵਰੀ, ਸੰਨ ੧੯੧੯ ਵਾਲੇ ਦਿਨ ਪੈਦਾ ਹੋਏ। ਐਫ਼. ਸੀ. ਕਾਲਜ, ਲਾਹੌਰ ਤੋਂ ਐਮ. ਐਸ-ਸੀ. (ਔਨਰਜ਼ ਸਕੂਲ) ਪਾਸ ਕਰਨ ਪਿੱਛੋਂ ਸਿੱਖ ਨੈਸ਼ਨਲ ਕਾਲਜ ਲਾਹੌਰ, ਰਾਮ ਸੁਖ ਦਾਸ ਕਾਲਜ ਫਿਰੋਜ਼ਪੁਰ ਤੇ ਪੰਜਾਬ ਯੂਨੀਵਰਸਿਟੀ ਕੈਂਪ ਕਾਲਜ, ਨਵੀਂ ਦਿਲੀ ਵਿਚ ਕੈਮਿਸਟਰੀ ਦੇ ਲੈਕਚਰਾਰ ਦੀ ਹੈਸੀਅਤ ਵਿਚ ਕੰਮ ਕਰਦੇ ਰਹੇ। ਅਜ ਕਲ ਨੈਸ਼ਨਲ ਕੈਮੀਕਲ ਲੈਬਾਰੇਟਰੀ, ਪੂਨਾ ਵਿਚ ਸਾਇੰਸ ਦੀ ਉਚੇਰੀ ਖੋਜ ਦੇ ਕੰਮ ਤੇ ਨਿਅਤ ਹਨ।

ਇੱਕ ਤਾਂ ਪੰਜਾਬੀ ਵਿਚ ਵਿਗਿਆਨਕ ਮਜ਼ਮੂਨਾਂ ਨੂੰ ਛੋਹਿਆ ਹੀ ਬਹੁਤ ਘਟ ਗਿਆ ਹੈ, ਪਰ ਕਿਸੇ ਨੂੰ ਸਮਝ ਆ ਜਾਣ ਵਾਲੀ ਬੋਲੀ ਵਿਚ ਸੁਆਦਲੀਆਂ ਬਣਾ ਕੇ ਪੇਸ਼ ਕੀਤੀਆਂ ਹੋਈਆਂ ਵਿਗਿਆਨਕ ਵਿਚਾਰਾਂ ਦਾ ਤਾਂ ਮੂਲੋਂ ਹੀ ਅਭਾਵ ਹੈ। ਇਸ ਕੰਮ ਵਾਸਤੇ ਲਿਖਾਰੀ ਨੂੰ ਨਾ ਕੇਵਲ ਆਪਣੇ ਮਜ਼ਮੂਨ ਦਾ ਵਿਦਵਾਨ ਹੀ ਹੋਣਾ ਚਾਹੀਦਾ ਹੈ, ਸਗੋਂ ਇੱਕ ਖ਼ਾਸ ਕਿਸਮ ਦੀ ਸ਼ੈਲੀ ਦਾ ਮਾਲਕ ਹੋਣਾ ਵੀ ਜ਼ਰੂਰੀ ਹੈ। ਪ੍ਰੋ: ਲਖਬੀਰ ਸਿੰਘ ਦੇ ਜਿਹੜੇ ਕੁਝ ਵਿਗਿਆਨਕ ਲੇਖ 'ਨਵੀਆਂ ਕੀਮਤਾਂ' ਰਿਸਾਲੇ ਵਿਚ ਛਪੇ ਹਨ, ਉਨ੍ਹਾਂ ਨੂੰ ਵੇਖ ਕੇ ਕਿਹਾ ਜਾ ਸਕਦਾ ਹੈ ਕਿ ਲਖਬੀਰ ਸਿੰਘ ਦੀ ਕਲਮ ਵਿਚ ਮਜ਼ਮੂਨ ਸੁਆਦਲਾ ਬਣਾ ਦੇਣ ਦਾ ਗੁਣ ਮੌਜੂਦ ਹੈ।

---

# ਸ: ਨਵਤੇਜ ਸਿੰਘ

ਸ: ਗੁਰਬਖ਼ਸ਼ ਸਿੰਘ, ਐਡੀਟਰ 'ਪ੍ਰੀਤ ਲੜੀ', ਦਾ ਸਪੁੱਤਰ ਨਵਤੇਜ ਸਿੰਘ ੮ ਜਨਵਰੀ, ੧੯੨੫ ਵਾਲੇ ਦਿਨ, ਸਿਆਲਕੋਟ ਵਿਚ ਪੈਦਾ ਹੋਇਆ। ਐਫ਼. ਸੀ. ਕਾਲਜ, ਲਾਹੌਰ ਤੋਂ ਮਨੋ-ਵਿਗਿਆਨ ਦਾ ਐਮ. ਏ. ਪਾਸ

ਕਰ ਕੇ ਆਪਣੇ ਪਿਤਾ ਦੀ ਅਗਵਾਈ ਹੇਠ 'ਪ੍ਰੀਤ-ਲੜੀ' ਤੇ 'ਬਾਲ ਸੰਦੇਸ਼' ਵਿਚ ਲਿਖਣਾ ਸ਼ੁਰੂ ਕੀਤਾ। ਉਸ ਨੇ ਕਈ ਲੇਖ ਲਿਖੇ ਹਨ, ਪਰ ਅਜੇ ਉਨ੍ਹਾਂ ਨੂੰ ਕਿਤਾਬ ਦੀ ਸ਼ਕਲ ਵਿਚ ਛਾਪ ਕੇ ਪੇਸ਼ ਨਹੀਂ ਕੀਤਾ। ਉਸ ਦੀਆਂ ਕਹਾਣੀਆਂ ਦਾ ਇੱਕ ਸੰਗ੍ਰਹਿ 'ਦੇਸ-ਵਾਪਸੀ', ਪ੍ਰਕਾਸ਼ਤ ਹੋ ਗਿਆ ਹੈ।

ਨਵਤੇਜ ਸਿੰਘ ਦੀਆਂ ਲਿਖਤਾਂ ਵਿਚੋਂ ਉਹ ਹੁਲਾਸ ਭਰਿਆ ਵਿਸ਼ਵਾਸ਼ ਡੁਲ੍ਹ ਡੁਲ੍ਹ ਪੈਂਦਾ ਹੈ ਜਿਹੜਾ ਕਿਸੇ ਨੂੰ ਤਸੱਲੀ-ਬਖ਼ਸ਼ ਤੇ ਵਿਰੋਧਤਾ-ਰਹਿਤ ਆਦਰਸ਼ ਅਪਣਾ ਕੇ ਹੀ ਨਸੀਬ ਹੁੰਦਾ ਹੈ।

**ਨੋਟ** :—ਇਹ ਭਾਗ ਦੂਜੀ ਐਡੀਸ਼ਨ ਲਈ ਮੁੜ ਸੋਧਿਆ ਤੇ ਸੰਪੂਰਨ ਕੀਤਾ ਗਿਆ ਹੈ।

ਹਰਨਾਮ ਸਿੰਘ 'ਸ਼ਾਨ'

# ਅਰਥਾਵਲੀ

## ਸੁਲਾਹ-ਕੁਲ ਬਾਬਾ

ਅਤਿਥੀ=ਪ੍ਰਾਹੁਣਾ

ਦਸਤੂਰ=ਨੇਮ, ਰਿਵਾਜ

ਬਰ ਮਿਚਣਾ=ਬਰੋਬਰ ਦਾ ਹੋਣਾ, ਮੇਲ ਕਰਨ ਯੋਗ ਹੋਣਾ, ਵਾਰੇ ਆਉਣਾ, ਪੂਰੇ ਉਤਰਨਾ।

ਨੇਹੁੰ=ਪਿਆਰ

ਫ਼ਿਕਹ=(ਅਰਬੀ) ਇਸਲਾਮੀ ਕਾਨੂੰਨ ਦਾ ਗਿਆਨ।

ਸ਼ਰ੍ਹਾ=ਮੁਸਲਮਾਨਾਂ ਤੇ ਲਾਗੂ ਹੋਣ ਵਾਲੇ ਕੁਰਾਨੀ ਕਾਨੂੰਨ।

ਬਕਰੀਦ=ਬਕਰ=(ਅਰਬੀ) ਗਊ, ਹਜ਼ਰਤ ਇਬਰਾਹੀਮ ਦੇ ਹੱਥੀਂ ਆਪਣੇ ਪੁੱਤਰ ਅਸਮਾਈਲ ਦੀ ਕੁਰਬਾਨੀ ਦੀ ਯਾਦ ਵਿਚ ਇਸ ਤਿਉਹਾਰ ਵਾਲੇ ਦਿਨ ਭੇਡਾਂ, ਬਕਰੀਆਂ, ਗਊਆਂ ਤੇ ਊਠਾਂ ਦੀ ਕੁਰਬਾਨੀ ਦਿੱਤੀ ਜਾਂਦੀ ਹੈ।

ਜਮਾਲ=ਸੁੰਦਰਤਾ, ਹੁਸਨ, ਸ਼ਾਨ

ਥਰ—ਸਤਹ, ਤਹਿ

ਗੁਫ਼ਤਗੂ=ਬੋਲਚਾਲ

ਲਖਣਾ=ਸਮਝਣਾ, ਪਛਾਣਨਾ

ਵਾਅਜ਼=ਵਖਿਆਨ, ਧਾਰਮਕ ਲੈਕ-ਚਰ ਜਾਂ ਪਰਚਾਰ

ਸ਼ਿਰਕ=(ਅਰਬੀ) ਦੂਈ, ਦ੍ਵੈਤ, ਇੱਕ ਨਾਲੋਂ ਬਹੁਤੇ ਰੱਬ ਨੂੰ ਮੰਨਣਾ

ਕੁਫ਼ਰ=ਨਾਸਤਕਤਾ

ਬੁਤ-ਪਰਸਤੀ=ਮੂਰਤੀ-ਪੂਜਾ

ਮੁਆਹਦ=(ਅਰਬੀ) ਇਕ ਪ੍ਰਮਾਤਮਾ ਨੂੰ ਮੰਨਣ ਵਾਲਾ

ਲਬਾਂ ਕਤਰਨੀਆਂ=(ਮੁਸਲਮਾਨੀ ਸ਼ਰ੍ਹਾ ਦੇ ਨੇਮ ਅਨੁਸਾਰ) ਮੁੱਛਾਂ ਦਾ ਨਾਸਾਂ ਦੇ ਥੱਲੇ ਆਉਣ ਵਾਲਾ ਹਿੱਸਾ ਕਤਰਨਾ। ਅਸਲ ਹਿੰਦੁ-ਸਤਾਨੀ ਮੁਹਾਵਰਾ ਹੈ 'ਲਬੇਂ ਲੇਨਾ' (ਪੰਜਾਬੀ ਵਿਚ ਲਬ ਲੈਣਾ ਜਾਂ ਲਬਾਂ ਲੈਣੀਆਂ) ਜਿਸ ਦਾ ਮਤਲਬ ਹੁੰਦਾ ਹੈ ਮੁੱਛਾਂ ਕਤਰਾਣੀਆਂ।

ਵਹਿਬਤ=ਬੁਰਾ ਨਿਸਚਾ, ਮੰਦੀ ਵਾਦੀ

ਤਮਕਣਾ=ਗ਼ੁੱਸੇ ਵਿਚ ਆਉਣਾ, ਭੜਕਣਾ

ਹਮਸਾਇਆ=ਗੁਆਂਢੀ

ਸੂਗ ਵੱਟਣੀ=ਕਰਾਹਤ ਆਉਣੀ, ਨੱਕ ਚਾੜ੍ਹਨਾ, ਛਿੱਥੇ ਪੈਣਾ

ਰਿੰਜ ਹੋਣਾ=ਨਾਰਾਜ਼ ਹੋਣਾ, ਦੁਖੀ ਹੋਣਾ

ਈਰਖਾ=ਵੈਰ, ਸਾੜਾ

ਸ਼ਾਮਲਾਟ=(ਫ਼ਾਰਸੀ 'ਸ਼ਾਮਲਾਤ' ਤੋਂ) ਸਾਰੇ ਪਿੰਡ ਦੀ ਸਾਂਝੀ ਜ਼ਮੀਨ

ਧਿਰ ਰਖਣਾ=ਧੜੇ ਦੀ ਮਦਦ ਕਰਨੀ, ਪੱਖ ਕਰਨਾ, ਅੰਗ ਪਾਲਣਾ

ਸ਼ੀਰ ਸ਼ਕਰ ਹੋਣਾ=ਸ਼ੀਰ= (ਫ਼ਾਰਸੀ) ਦੁੱਧ, ਦੁੱਧ ਵਿਚ ਮਿੱਠੇ ਵਾਂਗੂ ਰਲ ਮਿਲ ਜਾਣਾ, ਘਿਓ ਖਿਚੜੀ ਹੋਣਾ

ਟੱਕ ਬੰਨ੍ਹਣੀ=ਬਿਨਾਂ ਅੱਖ ਝਮਕਣ ਦੇ ਲਗਾਤਾਰ ਵੇਖੀ ਜਾਣਾ

ਭੰਗ ਕਰਨਾ=ਤੋੜਨਾ, ਵਿਘਨ ਪਾਉਣਾ

ਕਲਹ=ਲੜਾਈ, ਝਗੜਾ

ਅਵਗੁਣ=ਐਬ, ਕਸੂਰ, ਭੈੜ

ਪੰਟ=ਭਾਰ, ਗੰਢ, ਥੈਲਾ, ਬੁਚਕਾ

ਬਗ਼ਲਗੀਰੀ=ਜੱਫੀ

ਵਸਫ਼=(ਅਰਬੀ)ਗੁਣ, ਖ਼ੂਬੀ

ਕਪਟ=ਧੋਖਾ

ਅਹਿਲ ਜਵਾਨੀ=ਬੇਪਰਵਾਹ ਜਵਾਨੀ, ਮਸਤ ਤੇ ਨਿਸਕਪਟ ਜਵਾਨੀ

ਤ੍ਰਿਸ਼ਨਾ=ਲਾਲਚ, ਖ਼ਾਹਸ਼

ਲਿਵ=ਲਗਨ

ਸੰਤੋਖ=ਸਬਰ

ਨ-ਮੁਕਰ=ਇਨਕਾਰੀ, ਮੁਨਕਰ

ਸੂਤ ਬੱਝਣਾ=ਠੀਕ ਪ੍ਰਬੰਧ ਹੋਣਾ

ਰੋਜ਼ਾ=ਵਰਤ, ਖ਼ਾਸ ਕਰਕੇ ਉਹ ਵਰਤ ਜੋ ਰਮਜ਼ਾਨ ਦੇ ਮਹੀਨੇ ਵਿਚ ਮੁਸਲਮਾਨ ਰਖਦੇ ਹਨ ।

ਜ਼ਕਾਤ=ਕੁਰਾਨ ਦੀ ਆਗਿਆ ਅਨੁਸਾਰ ਮੁਸਲਮਾਨਾਂ ਨੂੰ ਧਰਮ-ਅਰਥ ਜਿਹੜਾ ਦਾਨ ਕਰਨਾ ਪੈਂਦਾ ਹੈ, ਉਸ ਨੂੰ ਜ਼ਕਾਤ ਕਹਿੰਦੇ ਹਨ । ਇਹ ਆਮਦਨ ਦੇ ਚਾਲੀਏਂ ਹਿੱਸੇ ਦੇ ਬਰਾਬਰ ਹੁੰਦਾ ਹੈ ।

ਮਰਕਜ਼=ਕੇਂਦਰ

ਵਾਕ=ਗੱਲ

ਮਕਤਬ=ਸਕੂਲ, ਪਾਠਸ਼ਾਲਾ

ਉਪਰਾਲਾ=ਪ੍ਰਬੰਧ, ਜਤਨ, ਆਹਰ

ਰਾਜ਼ਕ=(ਅਰਬੀ) ਰੋਜ਼ੀ ਦੇਣ ਵਾਲਾ

ਹੁੱਜਤ=ਦਲੀਲ, ਦਲੀਲਬਾਜ਼ੀ

ਮਗ਼ਰੂਰੀ=ਆਕੜ, ਹੰਕਾਰ

ਫ਼ੈਜ਼=ਮਿਹਰਬਾਨੀ

## ਬਚਪਨ ਦੀਆਂ ਯਾਦਾਂ

ਦਾਂਦ=(ਪੋਠੋਹਾਰੀ) ਬਲਦ

ਦਾਤੀ=ਦਾਤਾਂ ਦੇਣ ਵਾਲੀ

ਦੇਵੀ ਸਿੱਧ ਹੋਵੇ=ਦੇਵੀ ਨੂੰ ਵੱਸ ਵਿਚ ਲਿਆਂਦਾ ਜਾਵੇ

ਭਾਸਣਾ=ਦਿੱਸਣਾ, ਜਾਪਣਾ

ਅਡੰਬਰ=ਦਿਖਾਵਾ, ਫ਼ਰੇਬ

ਉਤਸ਼ਾਹ ਦੇਣਾ=ਹੌਸਲਾ ਵਧਾਉਣਾ, ਹਲਾ ਸ਼ੇਰੀ ਦੇਣੀ

ਸ਼ੋਕ=ਅਫ਼ਸੋਸ

ਅਥਵਾ=ਜਾਂ

ਅਲੋਪ ਹੋਣਾ=ਲੁਕ ਜਾਣਾ, ਗੁੰਮ ਹੋ ਜਾਣਾ, ਮਿਟ ਜਾਣਾ

ਸ਼ਰਧਾ=ਭਰੋਸਾ, ਨਿਸ਼ਚਾ

ਬੇਹਯਾਈ=ਬੇਸ਼ਰਮੀ, ਨਿਲੱਜਤਾ

ਸ਼ਾਇਸਤਾ=ਸਭਯ, ਸੁਚੱਜਾ

ਫ਼ੀ=(ਅਰਬੀ) ਇੱਕ ਪ੍ਰਤੀ

## ਰੱਬੀ ਕਾਰੀਗਰੀ

ਵਿਸਮਾਦ=ਹੈਰਾਨੀ, ਅਸਚਰਜਤਾ

ਵਿਸਮਾਦ-ਜਨਕ=ਵਿਸਮਾਦ ਦੀ ਹਾਲਤ ਪੈਦਾ ਕਰਨ ਵਾਲੀ

ਬਨਸਪਤੀ=ਸਬਜ਼ੀ, ਪੌਦੇ

ਸਾਇੰਸਵੇਤਾ=ਸਾਇੰਸਦਾਨ, ਵਿਗਿਆਨੀ, ਸਾਇੰਸ ਦਾ ਵਿਦਵਾਨ

ਕੂੰਜੋ ਰਾਣਾ=ਕੂੰਜ ਦਾ ਨਰ

ਦੇਸਾਂਤਰ ਗਮਨ=ਦੂਜੇ ਦੇਸਾਂ ਵਿਚ ਜਾਣਾ ਜਾਂ ਫਿਰਨਾ

ਚੇਤਨ=ਜਿਸ ਵਿਚ ਜਿੰਦ ਹੋਵੇ, ਜਾਨਦਾਰ

ਜੀਵਨ-ਕਿਰਿਆ=ਜ਼ਿੰਦਗੀ ਦਾ ਅਮਲ, ਜੀਉਣ ਦਾ ਕੰਮ ।

ਜੜ੍ਹ=ਜਿਸ ਵਿਚ ਜਿੰਦ ਨਾ ਹੋਵੇ, ਨਿਰਜਿੰਦ

ਵਿਆਪਕਤਾ=ਹਰ ਥਾਂ ਮੌਜੂਦ ਹੋਣਾ

ਪ੍ਰੋਟੋਪਲੈਜ਼ਮ=ਇੱਕ ਪਦਾਰਥ ਜਿਸ ਨੂੰ ਜੀਵਨ ਦਾ ਆਧਾਰ ਸਮਝਿਆ ਜਾਂਦਾ ਹੈ।

ਮੁਆਫ਼ਕਤ=ਲੋੜ ਅਨੁਸਾਰ ਢਲਣਾ, ਅਨੁਸਾਰਤਾ, ਸੁਮੇਲ

ਅਣੂ=ਜ਼ੱਰਾ, ਕਣ

ਬਿਜਲਾਣੂ=ਬਿਜਲੀ ਦੇ ਅਣੂ

ਮਰਯਾਦਾ=ਹੱਦ, ਰਵਾਇਤ, ਨੇਮ

ਨਛੱਤ੍ਰ=ਤਾਰਿਆਂ ਦੇ ਝੁਰਮਟ ਜੋ ਗਿਣਤੀ ਵਿਚ ਸਤਾਈ ਹਨ। ਸੂਰਜ ਆਪਣੇ ਪੰਧ ਵਿਚ ਇਨ੍ਹਾਂ ਦੇ ਸਾਹਮਣਿਉਂ ਲੰਘਦਾ ਹੈ।

ਬਾਇਆਲੋਜੀ=ਜੀਵ-ਵਿਦਿਆ

ਸਿੱਕੜ=ਛਿੱਲੜ

ਉਤਪੱਤੀ=ਹੋਂਦ ਵਿਚ ਆਉਣਾ, ਪੈਦਾਇਸ਼, ਜਨਮ

ਵਿਕਾਸ=ਉੱਨਤੀ, ਤਰੱਕੀ

## ਮੇਰੀ ਦਸਤਾਰ

ਸੁਲਹ-ਕੁਨ=ਸੁਲਹ ਕਰਨ ਵਾਲੀ, ਦੋਸਤੀ ਜਾਂ ਸਮਝੌਤਾ ਪੈਦਾ ਕਰਨ ਵਾਲੀ

ਕੈਮਪੱਸ=ਪੱਧਰੀ ਥਾਂ, ਗਰਾਊਂਡ, ਇਹਾਤਾ

ਕਿਰਤਗਯ=ਹਸਾਨਵੰਦ

ਲਜਿਤ=ਸ਼ਰਮਿੰਦਾ

ਜ਼ੌਕਿ ਜੁਸਤਜੂ=ਢੂੰਢਣ ਦੀ ਲਗਨ

ਮੁਸਤਕਿਲ=(ਅਰਬੀ) ਪੱਕਾ, ਸਦਾ ਰਹਿਣ ਵਾਲਾ

ਸ੍ਵਛਤਾ=ਸਫ਼ਾਈ

ਆਚਾਰ-ਹੀਨ=ਬਦਚਲਣ

ਦਾਸ-ਭਾਵ=ਗ਼ੁਲਾਮੀ ਦੇ ਭਾਵ

ਬਿਨੈ=ਬੇਨਤੀ, ਅਰਜ਼

## ਪੰਜਾਂ ਦਰਿਆਵਾਂ ਦਾ ਦੇਸ

ਮਹੱਤਤਾ=ਅਹਮੀਅਤ, ਵੱਡਿਆਈ

ਅਸੁਰ=ਰਾਖਸ਼, ਦੈਂਤ

ਕਰ=ਮਾਮਲਾ, ਟੈਕਸ

ਸੰਕਲਿਤ ਕੀਤੀ=[ਸੰਕਲਨ (ਸੰਸ-ਕ੍ਰਿਤ)ਸੰਗ੍ਰਹ] ਸੰਕਲਿਤ ਕੀਤੀ= ਇਕੱਠੀ ਕੀਤੀ, ਤਿਆਰ ਕੀਤੀ

ਸ਼ਸਤਰ-ਧਾਰੀ=ਹਥਿਆਰ-ਬੰਦ

ਪਾਹੁਲ=ਅੰਮ੍ਰਿਤ

ਜ਼ਿਬਹ ਕਰਨਾ=ਕਤਲ ਕਰਨਾ, ਕੋਹਣਾ

ਪ੍ਰਭੁਤਾ=ਵਡਿਆਈ, ਮੱਹਤਵ

ਅੰਦੋਲਨ=ਹਿਲਜੁਲ

ਸੁਤੰਤਰਤਾ=ਆਜ਼ਾਦੀ

## ਕਬੂਤਰਾਂ ਦੀ ਤਹਿ

ਮਿਥਿਆ=ਝੂਠ, ਕੂੜ
ਬੋਦੜ=ਮੋਰਨੀ
ਜੀ-ਭਿਆਣਾ=ਵਿਆਕੁਲ, ਡਰਿਆ ਹੋਇਆ, ਸਹਿਮਿਆ ਹੋਇਆ
ਮੁਸੱਵਰ=ਤਸਵੀਰਾਂ ਬਣਾਣ ਵਾਲਾ, ਚਿੱਤ੍ਰਕਾਰ
ਥਈਆ ਥਈਆ=ਰਾਗ ਦੀ ਤਾਲ ਅਨੁਸਾਰ ਨੱਚ ਉਠਣਾ
ਬਹਿਰੀ=ਇਕ ਸ਼ਿਕਾਰੀ ਪੰਛੀ
ਬਾਸ਼ਾ=ਬਾਜ਼ ਤੋਂ ਛੋਟਾ ਇੱਕ ਸ਼ਿਕਾਰੀ ਪੰਛੀ
ਬਾਸ਼ਾ ਕਬੂਤਰ=ਬਾਸ਼ੇ ਵਰਗਾ ਸੁਹਣਾ, ਸ਼ੁਕੀਨ
ਇੱਲੜ=ਇੱਕ ਸ਼ਿਕਾਰੀ ਪੰਛੀ, ਇੱਲ ਦਾ ਨਰ
ਭ੍ਰਿਗੂ ਸੰਹਿਤਾ=ਜੋਤਸ਼ ਦੀ ਇੱਕ ਪ੍ਰਸਿੱਧ ਪੁਸਤਕ
ਸ਼ਹੀਨ=ਬਾਜ਼ ਦੀ ਕਿਸਮ ਦਾ ਇੱਕ ਸ਼ਿਕਾਰੀ ਪੰਛੀ।
ਲੰਗਰ=ਜਿਵੇਂ ਜਹਾਜ਼ ਲੰਗਰ ਸੁਟ ਕੇ ਇੱਕ ਥਾਂ ਤੇ ਖੜਾ ਹਿਲਦਾ ਜੁਲਦਾ ਰਹਿੰਦਾ ਹੈ ਇਸੇ ਤਰ੍ਹਾਂ ਜਦੋਂ ਕਬੂਤਰ ਇਕੋ ਥਾਂ ਉਤੇ ਗੇੜੇ ਲਾਈ ਜਾਵੇ-ਨਾ ਉੱਚਾ ਹੋਵੇ ਨਾ ਨੀਵਾਂ-ਤਾਂ ਕਹੀਦਾ ਹੈ ਕਬੂਤਰ ਇਕੋ ਲੰਗਰ ਵਿਚ ਫਿਰ ਰਿਹਾ ਹੈ।
ਚੰਦ੍ਰ ਧਰੁਵ ਲੋਕ=ਚੰਦਰਮਾਂ ਤੇ ਧਰੂ ਤਾਰੇ ਵਾਲਾ ਲੋਕ, ਭਾਵ ਆਕਾਸ਼
ਦਮੜ ਚੋਚੋ=ਦਮੜੀ ਦੀ ਗੁੱਡੀ ਜਾਂ ਪਤੰਗ
ਕੈਂਚ ਕਰਨਾ=ਕਤਰਨਾ, ਕਟਣਾ
ਜ਼ਦ=ਘੇਰਾ, ਨਿਸ਼ਾਨਾ, ਮਾਰ
ਸਾਹਿੱਤਾਚਾਰਯ=ਸਾਹਿੱਤ ਦਾ ਅਧਿਆਪਕ, ਸਾਹਿੱਤ ਦਾ ਮਾਹਿਰ।
ਕਲਾਕਾਰ=ਜਿਹੜਾ ਕਿਸੇ ਕਲਾ (ਹੁਨਰ) ਦਾ ਮਾਹਿਰ ਹੋਵੇ

## ਇਬਰਾਹੀਮ ਲਿੰਕਨ

ਨਿਸ਼ਕਾਮ=ਬੇਗ਼ਰਜ਼, ਨਿਰਲੋਭ
ਅਧੀਨ=ਤਾਬਿਆ, ਵੱਸ ਵਿਚ, ਥਲੇ, ਮਾਤਹਿਤ
ਪ੍ਰਤੀਨਿਧ=ਨੁਮਾਇੰਦਾ
ਪਲੇਠੀ ਦੀ=ਸਭ ਤੋਂ ਪਹਿਲੀ ਜੰਮੀ ਹੋਈ, ਵੱਡੀ
ਪੌੜ ਸਾਂਗ=ਪੜਸਾਂਗ, ਲੰਮੀ ਪੌੜੀ,
ਛਪਰੀ=ਝੁਗੀ
ਬਰਦਾ-ਫ਼ਰੋਸ਼ੀ=[ਫ਼ਾਰਸੀ]ਬਰਦਾ=ਗ਼ੁਲਾਮ, ਫ਼ਰੋਸ਼ੀ=ਵੇਚਣਾ, ਗ਼ੁਲਾਮਾਂ ਦੀ ਤਿਜਾਰਤ

ਦ੍ਰਿੜ੍ਹਤਾ=ਪਕਿਆਈ, ਮਜ਼ਬੂਤੀ
ਸਿਖਰ=ਚੋਟੀ, ਟੀਸੀ
ਪ੍ਰਯੋਜਨ=ਮਨੋਰਥ, ਮਤਲਬ, ਕੰਮ
ਦੂਰ-ਅੰਦੇਸ਼=(ਫ਼ਾਰਸੀ) ਦੂਰ ਦੀ ਸੋਚਣ ਵਾਲਾ, ਸਿਆਣਾ
ਬੰਦ-ਖ਼ਲਾਸ=ਕੈਦ ਤੋਂ ਅਜ਼ਾਦੀ
ਬੰਦੀ-ਛੋੜ=ਕੈਦ ਤੋਂ ਛੁਡਾਉਣ ਵਾਲਾ

## ਖ਼ੁਸ਼ੀ ਤੇ ਗ਼ਮੀ ਦੇ ਗੀਤ

ਹਰਖ ਸੋਗ=ਹਰਖ=ਖ਼ੁਸ਼ੀ, ਸੋਗ =ਮਾਤਮ, ਗ਼ਮੀ
ਪੁੱਤਰ-ਅਭਿਲਾਖੀ=ਪੁੱਤਰ ਦੀ ਇਛਿਆ ਰਖਣ ਵਾਲਾ
ਪਿੜ=ਅਖਾੜਾ
ਅਰਜ਼ੋਈ=ਬੇਨਤੀ, ਮਿੰਨਤ
ਸਕੀਰੀ=ਸਾਕ, ਰਿਸ਼ਤੇਦਾਰੀ

## ਅਕਾਸ਼ਾਂ ਦੇ ਵਾਸੀ

ਦੀਪ=ਦੀਵਾ
ਦੇਵ-ਕਦ=ਦੇਉ ਦੇ ਕਦ ਜਿਡਾ, ਬਹੁਤ ਵੱਡਾ
ਵਿਸ਼ਾਲਤਾ=ਵੱਡਾ ਵਿਸਥਾਰ, ਖੁਲ੍ਹਾਪਨ
ਖ਼ਤ-ਇਸਤਿਵਾ=ਭੂ-ਮਧ-ਰੇਖਾ
ਦ੍ਰਵ=ਪਾਣੀ ਵਾਂਗ ਪੰਘਰਿਆ ਹੋਇਆ ਪਦਾਰਥ
ਸਭਯ=ਸੁਧਰਿਆ ਹੋਇਆ, ਭਲਾ-ਮਾਨਸ, ਚੰਗੇ ਆਚਰਣ ਵਾਲਾ ।

## ਕਵੀ ਦੀ ਮੌਤ

ਆਜ਼ਾਦੀ-ਦੂਤ=ਦੂਤ=ਸੁਨੇਹਾ ਲਿਆਣ ਜਾਂ ਲਿਜਾਣ ਵਾਲਾ, ਆਜ਼ਾਦੀ ਦਾ ਸੁਨੇਹਾ ਲਿਆਣ ਵਾਲਾ
ਅਭਿਜ=ਜਿਹੜਾ ਭਿਜੇ ਨਾਂਹ, ਜਿਸ ਤੇ ਕੋਈ ਅਸਰ ਨਾ ਹੋਵੇ
ਚਾਪਲੂਸੀ=ਖ਼ੁਸ਼ਾਮਦ, ਝੋਲੀ-ਚੁਕਣੀ
ਝਈਆਂ ਲੈਣਾ=ਕੁਦ ਕੁਦ ਕੇ ਖਾਣ ਨੂੰ ਪੈਣਾ
ਤਰਕਸ਼=ਤੀਰ ਰਖਣ ਵਾਲਾ ਖ਼ਾਨਾ, ਭਥਾ
ਖਪਾ=ਵਿਰਲ, ਖ਼ਾਲੀ ਥਾਂ